# ਕੈਨੇਡਾ ਦਰਪਣ

ਫਰਵਰੀ 1, 1983

**February 1, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢

Out Of Greater Vancouver 40¢

# ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V6W 3T1
CANADA

Publisher: ASIA BOOK COMPANY LTD.
VOL.2, NO.2 FEBRUARY 1, 1983
PHONE: 324-6111

THE CANADA DARPAN
PUNJABI FORTNIGHTLY
Hon.Editor DARSHAN GILL

## ਅੰਮ੍ਰਿਤਸਰ ਵਿਚ ਬੰਬ ਧਮਾਕੇ
## ਅਕਾਲੀਆਂ ਨੇ ਅਸੈਂਬਲੀ ਤੋਂ ਅਸਤੀਫੇ ਦੇ ਦਿਤੇ

ਨਵੀਂ ਦਿੱਲੀ — ਰੋਇਟਰ ਏਜੰਸੀ ਦੀ ਤਾਜ਼ਾ ਖਬਰ ਅਨੁਸਾਰ ਅਕਾਲੀ ਲੀਡਰਾਂ ਨੇ ਅਸੈਂਬਲੀ ਅਤੇ ਪਾਰਲੀਮੈਂਟ ਮੈਂਬਰੀਆਂ ਤੋਂ ਅਸਤੀਫੇ ਦੇਣ ਦਾ ਫੈਸਲਾ ਬੁਧਵਾਰ ਕਰ ਲਿਆ ਹੈ।

ਏਜੰਸੀ ਅਨੁਸਾਰ ਅੰਮ੍ਰਿਤਸਰ ਵਿਚ ਚਾਰ ਬੰਬ ਫਟੇ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਆਜ਼ਾਦੀ ਦਿਨ ਸਮੇਂ ਹੋਰ ਵੀ ਵਾਰਦਾਤਾਂ ਵਾਪਰੀਆਂ ਹਨ।

ਇਸ ਤੋਂ ਪਹਿਲਾਂ ਦਿੱਲੀ ਵਿਚ ਅਕਾਲੀ ਲੀਡਰਾਂ, ਸ਼੍ਰੀਮਤੀ ਇੰਦਰਾ ਗਾਂਧੀ ਤੇ ਹੋਰ ਵਿਰੋਧੀ ਲੀਡਰਾਂ ਵਿਚਕਾਰ ਗਲਬਾਤ ਜਾਰੀ ਰਹੀ। ਇਸ ਤਿੰਨ —ਧਿਰੀ ਗਲਬਾਤ ਸਮੇਂ ਅਕਾਲੀ ਲੀਡਰ ਬਿਨਾਂ ਹਾਂ ਜਾਂ ਨਾਂਹ ਕਹੇ, ਅੰਮ੍ਰਿਤਸਰ ਰਵਾਨਾ ਹੋ ਗਏ। ਉਨ੍ਹਾਂ ਦੇ ਪਹੁੰਚਣ ਦੇ ਕੁਝ ਘੰਟਿਆਂ ਬਾਅਦ ਹੀ ਬੰਬਾਂ ਦੀਆਂ ਵਾਰਦਾਤਾਂ ਵਾਪਰੀਆਂ। ਪੁਲੀਸ ਦਾ ਕਹਿਣਾ ਹੈ ਕਿ ਇਹ ਬੰਬ ਵਾਰਦਾਤਾਂ ਰੀਪਬਲਿਕ ਡੇ ਦੇ ਪ੍ਰਸੰਗ ਵਿਚ ਹੋਈਆਂ।

### ਅੰਦਰ ਪੜ੍ਹੋ !

ਦਿੱਲੀ, ਆਸਾਮ, ਮੇਘਾਲਿਆ ਚੋਣਾਂ ਦਾ ਐਲਾਨ

ਭਾਰਤ ਵਿਚ ਨਵੀਂ ਨਿਆਂ ਪ੍ਰਣਾਲੀ ਦੀ ਲੋੜ

ਸੰਤ ਅਕਾਲੀ ਦਲ ਦਿੱਲੀ ਵਿਚ ਇੱਕਾ ਦੀ ਹਮਾਇਤ ਕਰੇਗਾ ?

ਆਚਾਰੀਆ ਰਜਨੀਸ਼ ਅਮਰੀਕਾ ਚੋਂ ਬੇਦਖਲ

ਵਿਸ਼ੇਸ਼ ਕਾਲਮ —

ਫ਼ਖਰ ਜ਼ਮਾਨ

ਲੋਕ ਬੋਲੀਆਂ

ਕਾ: ਸੁਰਜੀਤ ਦੀ ਲੌਂਗੋਵਾਲ ਨੂੰ ਚਿੱਠੀ

ਫ਼ਿਲਮ ਦਰਪਣ

'ਮੂੰਹ ਆਈ ਬਾਤ ਨਾ ਰਹਿੰਦੀ ਹੈ'

ਵਿਸ਼ੇਸ਼ ਲੇਖ —

ਭਗਤ ਰਵਿਦਾਸ

ਸੁਭਾਸ਼ ਚੰਦਰ ਬੋਸ

### ਜੀਉਂਦੇ ਭਗਵਾਨ

ਓ ਦੁਨੀਆਂ ਦੇ ਬੰਦਿਓ ਪੂਜੋ, ਪੂਜੋ ਉਹਨਾਂ ਇਨਸਾਨਾਂ ਨੂੰ
ਦੇਸ਼ ਦੀ ਖਾਤਰ ਵਾਰ ਗਏ ਜੋ, ਪਿਆਰੀਆਂ ਪਿਆਰੀਆਂ ਜਾਨਾਂ ਨੂੰ।

ਸਰੂਆਂ ਵਰਗੇ ਸੋਨੇ ਵਰਗੇ, ਹੀਰੇ ਪੁੱਤ ਮਾਵਾਂ ਦੇ
ਚਾ ਜਿਨ੍ਹਾਂ ਦੇ ਮਿਲਣ ਵਾਸਤੇ, ਰੋਂਦੇ ਭੈਣ ਭਰਾਵਾਂ ਦੇ
ਬੁੱਢੇ ਬਾਪੂ ਖੜੇ ਉਡੀਕਣ, ਗਭਰੂ ਪੁੱਤ ਜਵਾਨਾਂ ਨੂੰ
ਓ ਦੁਨੀਆਂ ਦੇ... ... ...

ਕਈ 'ਨਾਰਾਂ' ਦੇ ਫੁੱਲਾਂ ਵਰਗੇ, ਹਾਲੇ ਰੂਪ ਨਰੋਏ
ਸ਼ਗਨਾਂ ਦੇ ਹੱਥਾਂ ਵਿਚ ਗਾਨੇ ਚਾ ਨਾ ਪੂਰੇ ਹੋਏ
ਦਿਲ ਦੇ ਵਿਚ ਲਕੋਈ ਬੈਠੀਆਂ ਲੱਖਾਂ ਹੀ ਅਰਮਾਨਾ ਨੂੰ
ਓ ਦੁਨੀਆਂ ਦੇ ... ... ...

ਕਿਹਨੂੰ ਨਹੀਂ ਜੀਵਨ ਦੀਆਂ ਲੋੜਾਂ, ਹਰ ਕੋਈ ਜੀਊਣਾ ਚਾਹੁੰਦਾ ਏ
ਤਰਾਂ ਤਰਾਂ ਦੇ ਇਸ ਜੀਵਨ ਲਈ, ਬੰਦਾ ਜਾਲ ਵਛੋਂਦਾ ਏ
ਜੀਊਣਾ ਉਸ ਬੰਦੇ ਦਾ ਜੀਊਣਾ, ਰੋਕੇ ਜੋ ਤੂਫਾਨਾਂ ਨੂੰ
ਓ ਦੁਨੀਆਂ ਦੇ ... ... ....

ਸ਼ੇਰਾਂ ਦੀ ਛਾਤੀ ਤੇ ਬਹਿਕੇ, ਮੌਤ ਜਿਨਾਂ ਨੇ ਮੰਗੀ
ਖ਼ੂਨ ਦੀਆਂ ਨਦੀਆਂ ਵਿਚ ਡੁੱਬਕੇ, ਗੋਰੀ ਚਮੜੀ ਰੰਗੀ
ਨਵੀਂ ਦੇਸ਼ ਤੇ ਰੰਗਣ ਚਾੜ੍ਹੀ, ਪੂਜੋ ਉਹਨਾਂ ਭਗਵਾਨਾਂ ਨੂੰ
ਓ ਦੁਨੀਆਂ ਦੇ ... ... ...

ਜੀਊਣਾ ਹੁੰਦਾ ਉਸ ਮਰਦ ਦਾ ਕਿਸੇ ਲਈ ਜੋ ਮਰਦਾ
ਆਪਣੇ ਦੇਸ਼ ਕੌਮ ਦੀ ਖਾਤਰ, ਜੀਵਨ ਅਰਪਨ ਕਰਦਾ
ਨੂਰਪੁਰੀ ਬੰਦ ਕਰਦੇ ਬੀਬਾ, ਝੂਠੀਆਂ ਹੋਰ ਦੁਕਾਨਾ ਨੂੰ।
ਓ ਦੁਨੀਆਂ ਦੇ ... ... ...

'ਨੂਰਪੁਰੀ'

### ਖਤ

ਅੱਜ ਤਰੰਗਾ
ਮੇਰਾ ਝੰਡਾ
ਲਾਲ ਕਿਲੇ ਤੇ ਹੁਬ ਹੁਬ ਝੂਲੇ
ਕਿਰਤੀ ਦੀਆਂ ਆਹਾਂ ਦੇ ਝੱਖੜ
ਅੱਜ ਇਸਨੂੰ ਪਾੜਨ ਤੇ ਤੁਲੇ
ਇਹ ਨੇਤਾਂ ਦੀਆਂ ਕਾਰਾਂ ਉਤੇ
ਹਾਕਮ ਦੀ ਕੋਠੀ ਦੇ ਉਤੇ
ਹਵਸ, ਜਬਰ ਦਾ ਚਿੰਨ੍ਹ ਬਣਿਆ ਹੈ
ਅੱਜ ਆਪਣੇ ਆਜ਼ਾਦ ਮੁਲਕ ਵਿਚ
ਆਪਣਿਆਂ ਹੇਠ ਗੁਲਾਮ ਹੈ ਕਾਮਾ

—ਜਸਵੰਤ ਮਾਂਗਟ
(ਲੰਮੀ ਨਜ਼ਮ 'ਖਤ' ਦਾ ਇਕ ਹਿਸਾ)



ਆਜ਼ਾਦ ਹਿੰਦ ਫੌਜ ਦੇ ਨਿਡਰ ਨੇਤਾ ਸੁਭਾਸ਼ ਚੰਦਰ ਬੋਸ ਜਿਨ੍ਹਾਂ ਦਾ ਜਨਮ ਦਿਨ 23 ਜਨਵਰੀ ਨੂੰ ਮਨਾਇਆ ਗਿਆ।



S&S INSURANCE
6679, Main St.(2nd Floor)
At 51st. Ave.
VANCOUVER, B.C.
ਦਲਜੀਤ ਸਿੰਘ 324-2311

ਪੰਜਾਬੀ ਮਾਰਕਿਟ ਵਿਚ
S & S INSURANCE
ਜੇ ਤਹਾਡੀਆਂ ਕਾਰਾਂ ਦੀ ਇੰਨਸ਼ੋਰੈਂਸ ਖਤਮ ਹੋਣ ਵਾਲੀ ਹੈ
ਹੁਣੇ ਮਿਲੋ
ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ
Autoplan



ਹਰਦੇਵ ਗਿੱਲ 590-2058

# ਭਾਰਤ ਦਰਪਣ

## ਦਿੱਲੀ ਚੋਣਾਂ : ਮੋਰਚੇ ਦੀ ਜਨਤਾ ਪਾਰਟੀ ਨੂੰ ਮੁੜ ਅਪੀਲ

ਨਵੀਂ ਦਿੱਲੀ — ਦਿੱਲੀ ਚੋਣਾਂ ਲਈ ਤਰੱਕੀ ਪਸੰਦ ਜਮਹੂਰੀ ਮੋਰਚੇ ਨੇ ਜਨਤਾ ਪਾਰਟੀ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਢਿੱਲ-ਮੱਠ ਵਾਲਾ ਰਵਈਆ ਛੱਡ ਕੇ ਧਰਮ ਨਿਰਪੱਖ ਅਤੇ ਤਰੱਕੀ ਪਸੰਦ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਅਗੇ ਆਵੇ । ਮੋਰਚੇ, ਜਿਸ ਵਿਚ ਹਿੰਦ ਕਮਿਊਨਿਸਟ ਪਾਰਟੀ ਮਾਰਕਸੀ ਪਾਰਟੀ, ਕਾਂਗਰਸ(ਜੇ) ਲੋਕ ਦਲ(ਕ) ਅਤੇ ਜਮਹੂਰੀ ਸਮਾਜਵਾਦੀ ਪਾਰਟੀ ਸ਼ਾਮਲ ਹੈ ਨੇ ਇਥੇ ਆਪਣੀ ਇਕ ਮੀਟਿੰਗ ਵਿਚ ਇਹ ਗੱਲ ਮੁੜ ਦੁਹਰਾਈ ਕਿ ਮੋਰਚੇ ਨੇ ਮਿਊਂਸਪਲ ਕਾਰਪੋਰੇਸ਼ਨ ਦੀਆਂ 32 ਅਤੇ ਮੈਟਰੋਪੋਲੀਟਨ ਦੀਆਂ 16 ਸੀਟਾਂ ਇਕ ਤਰਫਾ ਤੌਰ ਤੇ ਜਨਤਾ ਪਾਰਟੀ ਲਈ ਛੱਡ ਦਿੱਤੀਆਂ ਹਨ । ਮੋਰਚੇ ਵਲੋਂ ਸਾਥੀ ਪਰੇਮ ਸਾਗਰ ਗੁਪਤਾ ਨੇ ਇਕ ਬਿਆਨ ਵਿਚ ਇਸ ਗੱਲ ਉਤੇ ਚਿੰਤਾ ਪਰਗਟ ਕੀਤੀ ਕਿ ਜਨਤਾ ਪਾਰਟੀ ਲੀਡਰ ਕਿਸ਼ੋਰੀ ਲਾਲ ਨੇ ਮੋਰਚੇ ਵਿਚ ਸ਼ਾਮਲ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ । ਹਾਲਾਂਕਿ ਮੋਰਚੇ ਨੇ ਉਹਨਾਂ ਨੂੰ ਆਪਣੇ ਨਾਲ ਸ਼ਾਮਲ ਕਰਨ ਲਈ ਲਗਾਤਾਰ ਯਤਨ ਕੀਤੇ ਹਨ ।

## ਸਾਨੂੰ ਕੋਈ ਝਿਜਕ ਨਹੀਂ ——ਭਿੰਡਰਾਂ

ਅੰਮ੍ਰਿਤਸਰ —ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ 'ਸਿੱਖਾਂ' ਨੇ ਕਦੀ ਆਪਣੇ ਲਈ ਵੱਖਰੇ ਦੇਸ ਖਾਲਿਸਤਾਨ ਦੀ ਮੰਗ ਕੀਤੀ ਹੈ ।

ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਉਹਨਾ ਕਿਹਾ ਕਿ "ਜੇਕਰ ਸਰਕਾਰ ਸਿੱਖਾਂ ਨੂੰ ਦੇਸ ਦੀ ਮੁਖ ਧਾਰਾ ਤੋਂ ਵਖ ਕਰਨਾ ਚਾਹੁੰਦੀ ਹੈ ਤੇ ਸਿੱਖਾਂ ਨੂੰ ਖਾਲਿਸਤਾਨ ਦੇਣਾ ਚਾਹੁੰਦੀ ਹੈ ਤਾਂ ਅਸੀਂ ਇਸ ਨੂੰ ਲੈਣ ਵਿਚ ਝਿਜਕਾਂਗੇ ਨਹੀਂ ।"

## ਮੋਰਿੰਡਾ—ਚੰਡੀਗੜ੍ਹ ਰੇਲ ਲਿੰਕ ਦਾ ਮਾਮਲਾ ਸਰਦਖਾਨੇ 'ਚ

ਜਲੰਧਰ —ਮੋਰਿੰਡਾ-ਚੰਡੀਗੜ੍ਹ ਵਿਚਾਲੇ ਰੇਲ ਲਿੰਕ ਵਛਾਉਣ ਦਾ ਮਾਮਲਾ ਸਰਦਖਾਨੇ ਵਿਚ ਲੱਗ ਗਿਆ ਹੈ ।

ਰੇਲਵੇ ਦੇ ਮਾਲੀ ਮਾਮਲਿਆਂ ਨਾਲ ਨਿਪਟਦੀ ਕਨਵੈਨਸ਼ਨ ਕਮੇਟੀ, ਜਿਹੜੀ ਅੱਜ ਕੱਲ ਪੰਜਾਬ ਤੇ ਹਿਮਾਚਲ ਦੇ ਦੌਰੇ ਤੇ ਹੈ, ਦੇ ਮੁਖੀ ਨਾਰਾਇਣ ਚੰਦ ਪਰਾਸ਼ਰ ਐਮ. ਪੀ. ਨੇ ਦਸਿਆ ਕਿ ਪਹਿਲਾਂ 37 ਕਰੋੜ ਦੀ ਲਾਗਤ ਨਾਲ ਬਣਨ ਵਾਲੀ 117 ਕਿਲੋਮੀਟਰ ਲੰਮੀ ਨੰਗਲ-ਤਲਵਾੜਾ-ਮੁਕੇਰੀਆ ਰੇਲ ਲਿੰਕ ਵਿਛਾਣ ਤੋਂ ਬਾਅਦ ਇਸ ਨੂੰ ਕਾਦੀਆਂ ਤਕ ਵਧਾਉਣ ਦੀ ਤਜ਼ਵੀਜ ਹੈ । ਇਸਤੋਂ ਬਾਅਦ ਹੀ ਮੋਰਿੰਡਾ ਚੰਡੀਗੜ੍ਹ ਬਾਰੇ ਸੋਚਿਆ ਜਾਵੇਗਾ ।

ਅੰਮ੍ਰਿਤਸਰ ਦਿੱਲੀ ਰੇਲਵੇ ਲਾਈਨ ਦੇ ਬਿਜਲਈਕਰਨ ਦਾ ਸੁਝਾ ਉਹਨਾ ਰੱਦ ਕਰਦਿਆਂ ਕਿਹਾ ਕਿ ਹਰਿਆਣਾ, ਪੰਜਾਬ ਵਿਚ ਬਿਜਲੀ ਕੱਟ ਤਾਂ ਉਂਜ ਹੀ ਲੱਗੀ ਰਹਿੰਦੀ ਹੈ ਰੇਲਾਂ ਨੂੰ ਬਿਜਲੀ ਕਿਥੋਂ ਮਿਲੇਗੀ ?

## ਐਫ—16 ਜਹਾਜ਼ ਸਰਗੋਧਾ ਜੰਗੀ ਅੱਡੇ ਤੇ ਰਖੇ ਜਾਣਗੇ

ਨਵੀਂ ਦਿੱਲੀ— ਅਮਰੀਕਾ ਦੇ ਬਣੇ ਹੋਏ ਜਿਹੜੇ ਤਿੰਨ ਐਫ 16 ਜੰਗੀ ਜਹਾਜ਼ ਪਾਕਿਸਤਾਨ ਨੂੰ ਪ੍ਰਾਪਤ ਹੋਏ ਉਹ ਪਾਕਿਸਤਾਨ ਏਅਰਫੋਰਸ ਦੇ ਸਰਗੋਧਾ ਹਵਾਈ ਅਡੇ ਉਤੇ ਤਾਈਨਾਤ ਕੀਤੇ ਜਾਣਗੇ ।

ਇਹ ਤਿੰਨ ਜਹਾਜ਼ ਜਿਹਨਾਂ ਨੂੰ ਪਾਕਿਸਤਾਨੀ ਅਮਲਾ ਚਲਾ ਰਿਹਾ ਸੀ, ਪਹਿਲਾਂ ਕਿਸੇ ਅਣਪਛਾਤੀ ਥਾਂ ਉਤੇ ਉਤਰੇ ।

ਪਾਕਿਸਤਾਨ ਨੂੰ ਅਮਰੀਕਾ ਨੇ 40 ਐਫ-16 ਜੰਗੀ ਜਹਾਜ਼ ਦੇਣੇ ਹਨ ਪਹਿਲਾਂ ਅਮਰੀਕਾ ਨੇ ਇਹਨਾ ਜਹਾਜ਼ਾਂ ਨੂੰ ਨਵੀਨ ਤੇ ਸੂਖਮ ਈਲੈਕਟਰਾਨਿਕ ਯੰਤਰਾਂ ਨਾਲ ਲੈਸ ਕਰਨ ਵਾਰੇ ਹਿਚਕਚਾਹਟ ਦਿਖਾਈ ਸੀ ਪਰ ਬਾਅਦ ਵਿਚ ਉਹ ਇਹ ਯੰਤਰ ਫਿਟ ਕਰਨ ਉਤੇ ਸਹਿਮਤ ਹੋ ਗਿਆ ਸੀ ।ਸਰਗੋਧਾ ਜੰਗੀ ਹਵਾਈ ਅੱਡਾ ਹਿੰਦ ਦੇ ਸਰਹਾਣੇ ਹੈ ਤੇ ਪਿਛਲੀਆਂ ਲੜਾਈਆਂ ਵਿਚ ਪਾਕਿਸਤਾਨੀ ਹਵਾਈ ਸੈਨਾ ਹਿੰਦ ਉਤੇ ਹਮਲਿਆਂ ਲਈ ਇਸੇ ਜੰਗੀ ਅੱਡੇ ਦੀ ਵਰਤੋਂ ਕਰਦੀ ਰਹੀ ਹੈ ।

ਪਾਕਿਸਤਾਨ ਲਈ ਇਹ ਜਹਾਜ਼ ਦਖਣੀ ਏਸ਼ੀਆ ਵਿਚ ਬਰਤਰੀ ਦਾ ਇਕ ਚਿੰਨ ਬਣ ਗਏ ਹਨ ।


ਡਿਕਸ਼ਨਰੀਆਂ, ਯੰਤਰੀਆਂ, ਸੋਵੀਅਤ ਪੁਸਤਕਾਂ, ਬੱਚਿਆਂ ਲਈ ਤਸਵੀਰਾਂ ਵਾਲੀਆਂ ਪੰਜਾਬੀ ਵਿਚ ਕਿਤਾਬਾਂ ਖਰੀਦਣ ਲਈ ਪਹੁੰਚੋ

**ਏਸ਼ੀਆ ਬੁੱਕ ਕੰਪਨੀ ਵੈਨਕੂਵਰ**

**ਫੋਨ : 324-6111**

ਸੋਹਨ ਸਿੰਘ ਜੋਸ਼, ਗੁਰਚਰਨ ਸਿੰਘਸਹਿਸੰਰਾ ਤੇ ਕੇਸਰ ਸਿੰਘ ਨਾਵਲਿਸਟ ਦੀਆਂ ਗ਼ਦਰੀਆਂ ਬਾਰੇ ਪੁਸਤਕਾਂ ਏਸ਼ੀਆਂ ਬੁੱਕ ਕੰਪਨੀ ਵੈਨਕੂਵਰ ਤੋਂ ਖਰੀਦੋ


## ਆਜ਼ਾਦੀ ਦਿਵਸ ਤੇ ਪਰੇਡ ਵਿਚ 15 ਨਾਚ ਟੋਲੀਆਂ ਨੇ ਭਾਗ ਲਿਆ

ਨਵੀਂ ਦਿੱਲੀ —ਇਸ ਸਾਲ ਨਵੀਂ ਦਿੱਲੀ ਦੀ ਗਣਤੰਤਰ ਪਰੇਡ ਵਿਚ ਭਿੰਨ ਭਿੰਨ ਰਾਜਾਂ ਅਤੇ ਕੇਂਦਰ ਸ਼ਾਸਤ ਪਰਦੇਸ਼ਾਂ ਦੀਆਂ 15 ਲੋਕ ਨਾਚ ਮੰਡਲੀਆਂ ਨੇ ਪਰੇਡ ਦੀ ਸ਼ੋਭਾ ਨੂੰ ਵਧਾਇਆ ।

## ਰਾਜਸਥਾਨ ਤੇ ਬਿਹਾਰ 'ਚ ਵੀ ਇੰਕਾ ਜਥੇਬੰਦੀ ਨੂੰ ਸਖਤ ਝੰਜੋੜਾ

## ਬਾਗੀਆਂ ਵਲੋਂ ਮੁਖ ਮੰਤਰੀਆਂ ਨੂੰ ਲਾਹੁਣ ਦੀ ਮੰਗ

ਜੈਪੁਰ —ਰਾਜਸਥਾਨ ਕਾਂਗਰਸ (ਆਈ) ਵਿਚ ਬਗਾਵਤ ਦੀ ਅਗਵਾਈ ਕਰ ਰਹੇ ਮਿ: ਗਿਰਧਾਰੀ ਲਾਲ ਵਿਆਸ ਐਮ. ਪੀ. ਨੇ ਨਰਾਜ਼ ਧੜੇ ਨੂੰ ਦਿੱਲੀ ਚਲੋ ਦਾ ਨਾਅਰਾ ਦਿਤਾ ਹੈ। ਖਿਆਲ ਹੈ ਕਿ ਨਰਾਜ਼ ਧੜੇ ਦਾ ਇਕ ਡੈਲੀਗੇਸ਼ਨ ਦਿੱਲੀ ਲਈ ਰਵਾਨਾ ਹੋਵੇਗਾ ।

ਮਿ: ਵਿਆਸ ਨੇ ਬੀਤੇ ਦਿਨ ਦਿੱਲੀ ਤੋਂ ਇਥੇ ਪੁੱਜਣ ਉਤੇ ਬਹੁਤ ਸਾਰੇ ਨਰਾਜ਼ ਅਸੈਂਬਲੀ ਮੈਂਬਰਾਂ ਨਾਲ ਗਲਬਾਤ ਕੀਤੀ। ਉਹ ਕੁਝ ਅਸੰਤੁਸ਼ਟ ਮੰਤਰੀਆਂ ਨੂੰ ਵੀ ਮਿਲੇ ।

ਇਹਨਾਂ ਮੀਟਿੰਗਾਂ ਵਿਚ ਸ੍ਰੀ ਵਿਆਸ ਨੇ ਨਰਾਜ਼ ਕਾਂਗਰਸੀਆਂ ਨੂੰ ਕਿਹਾ ਕਿ ਉਹ ਦਿੱਲੀ ਵਲ ਚਾਲੇ ਪਾਉਣ ਤੇ ਪ੍ਰਧਾਨ ਮੰਤਰੀ ਨੂੰ ਜਾਤੀ ਤੌਰ ਤੇ ਮਿਲਕੇ ਉਹਨਾਂ ਨੂੰ ਮੁਖ ਮੰਤਰੀ ਸ੍ਰੀ ਸ਼ਿਵਚਰਨ ਮਾਥੁਰ ਦੇ ਵਿਰੁਧ ਮੈਮੋਰੰਡਮ ਪੇਸ਼ ਕਰਨ ।

ਖਬਰ ਹੈ ਕਿ ਸ੍ਰੀ ਵਿਆਸ ਨੇ ਜੈਪੁਰ ਆਉਣ ਤੋਂ ਪਹਿਲਾਂ ਪਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਸ੍ਰੀ ਰਾਜੀਵ ਗਾਂਧੀ ਨੂੰ ਮਿਲਕੇ ਕਿਹਾ ਸੀ ਕਿ ਸ੍ਰੀ ਮਾਥੁਰ ਪਾਰਟੀ ਵਿਰੋਧੀ ਸਰਗਰਮੀਆਂ ਵਿਚ ਰੁਝੇ ਹੋਏ ਹਨ ਤੇ 'ਜਾਤੀਵਾਦ' ਤੇ ਧੜੇ ਬੰਦੀ ਨੂੰ ਹਵਾ ਦੇ ਰਹੇ ਹਨ। ਉਹਨਾ ਕਿਹਾ ਕਿ ਜੇ ਇਹੀ ਹਾਲਤ ਰਹੀ ਤਾਂ ਰਾਜਸਥਾਨ ਵਿਚੋਂ ਵੀ ਕਾਂਗਰਸ ਹੂੰਝੀ ਜਾਵੇਗੀ ।

ਪ੍ਰਧਾਨ ਮੰਤਰੀ ਨੇ ਸ੍ਰੀ ਵਿਆਸ ਦੀ ਗੱਲ ਸੁਣ ਲਈ ਪਰ ਆਪਣੇ ਕੋਲੋਂ ਕੁਝ ਨਹੀਂ ਕਿਹਾ ।

ਸੋਮਵਾਰ ਨੂੰ ਇਕ ਬਾਗੀ ਧੜਾ ਮੀਟਿੰਗ ਕਰ ਰਿਹਾ ਹੈ । ਜਿਸ ਵਿਚ ਸਾਬਕ ਮੁਖ ਮੰਤਰੀ ਸ੍ਰੀ ਪਹਾੜੀਆ ਦੇ ਸ਼ਾਮਲ ਹੋਣ ਦੀ ਵੀ ਸੰਭਾਵਨਾ ਹੈ ।

ਇਸੇ ਦੌਰਾਨ ਯੂ. ਐਨ. ਆਈ. ਅਨੁਸਾਰ ਬਾਗੀ ਇੰਦਰਾ ਕਾਂਗਰਸੀ ਲੀਡਰ ਅਤੇ ਐਮ. ਐਲ. ਏ. ਸ੍ਰੀ ਮਹਾਂਵੀਰ ਪਾਸਵਾਨ ਨੇ ਇੰਦਰਾ ਗਾਂਧੀ ਕੋਲੋਂ ਮੰਗ ਕੀਤੀ ਹੈ ਕਿ ਉਤਰੀ ਭਾਰਤ ਵਿਚ ਇੰਕਾ ਨੂੰ ਚੋਣਾਂ ਵਿਚ ਹਾਰ ਦਾ ਮੂੰਹ ਦੇਖਣ ਤੋਂ ਬਚਾਉਣ ਲਈ ਬਿਹਾਰ ਦੇ ਮੁਖ ਮੰਤਰੀ ਜਗਨ ਨਾਥ ਮਿਸ਼ਰਾ ਨੂੰ ਅਹੁਦੇ ਤੋਂ ਹਟਾ ਦਿਤਾ ਜਾਵੇ। ਸ੍ਰੀ ਪਾਸਵਾਨ ਨੇ ਪਰਧਾਨ ਮੰਤਰੀ ਨੂੰ ਇਸ ਮਕਸਦ ਦੇ ਲਿਖੇ ਇਕ ਖਤ ਦੀ ਇਕ ਕਾਪੀ ਅਖਬਾਰਾਂ ਨੂੰ ਜਾਰੀ ਕੀਤੀ । ਉਹਨਾ ਕਿਹਾ ਕਿ ਗੁੰਡੂ ਰਾਓ ਦੀ ਭ੍ਰਿਸ਼ਟ ਲੀਡਰਸ਼ਿਪ ਕਾਰਨ ਕਰਨਾਟਕ ਚੋਣਾਂ ਵਿਚ ਉਲਟ ਨਤੀਜੇ ਨਿਕਲੇ ਅਤੇ ਉਸਦਾ ਆਂਧਰਾ ਪਰਦੇਸ਼ ਉਤੇ ਵੀ ਅਸਰ ਪਿਆ । ਉਹਨਾ ਕਿਹਾ ਕਿ ਇਹਨਾਂ ਦੋਹਾਂ ਸੂਬਿਆਂ ਵਿਚ ਜ਼ਮੀਨ ਹਥਿਆਊ ਸਕੈਂਡਲ ਅਤੇ ਸ਼ਰਾਬ ਕਾਂਡ ਅਤੇ ਹੋਰ ਭ੍ਰਿਸ਼ਟ ਤਰੀਕਿਆਂ ਕਾਰਨ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ । ਸ੍ਰੀ ਪਾਸਵਾਨ ਨੇ ਕਿਹਾ ਕਿ ਡਾ: ਮਿਸ਼ਰਾ ਗੁੰਡੂਰਾਓ ਤੋਂ ਵੀ ਬਦਤਰ ਸਿੱਧ ਹੋਏ ਹਨ । ਉਹਨਾ ਕਿਹਾ ਕਿ ਇਹ ਪਾਰਟੀ ਦੇ ਹਿੱਤ ਵਿਚ ਹੋਵੇਗਾ ਕਿ ਡਾ: ਮਿਸ਼ਰਾ ਮੁਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਵੇ ਜਾਂ ਉਹ ਉਸਨੂੰ ਅਹੁਦੇ ਤੋਂ ਹਟਾਉਣ ਲਈ ਮਜਬੂਰ ਕਰ ਦੇਣਗੇ ।

## ਮੰਡੇਲਾ ਦੀ ਰਿਹਾਈ ਲਈ ਭਾਰਤ ਮੁਖ ਰੋਲ ਅਦਾ ਕਰ ਸਕਦਾ ਹੈ - - ਤਾਂਬੋ

ਨਵੀਂ ਦਿੱਲੀ —ਅਫਰੀਕਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਨੈਲਸਨ ਮੰਡੇਲ, ਜਿਹੜੇ ਕਿ ਇਸ ਵੇਲੇ ਜੇਲ੍ਹ ਵਿਚ ਹਨ ਨੂੰ ਨਸਲਵਾਦੀ ਦੱਖਣੀ ਅਫਰੀਕਾ ਹਕੂਮਤ ਉਤੇ ਸੰਸਾਰ ਲੋਕ ਰਾਇ ਦੇ ਦਬਾਅ ਨਾਲ ਹੀ ਰਿਹਾ ਕਰਵਾਇਆ ਜਾ ਸਕਦਾ ਹੈ । ਇਹ ਗੱਲ ਕਾਂਗਰਸ ਦੇ ਐਕਟਿੰਗ ਪ੍ਰਧਾਨ ਓਲੀਵਰ ਤਾਂਬੋ ਨੇ ਕੁਲ ਹਿੰਦ ਅਮਨ ਤੇ ਇਕਜੁਟਤਾ ਜਥੇਬੰਦੀ ਵਲੋਂ ਉਹਨਾਂ ਦੇ ਸੁਆਗਤ ਲਈ ਕੀਤੇ ਗਏ ਸਮਾਰੋਹ ਵਿਚ ਬੋਲਦਿਆਂ ਕਹੀ ।

ਉਹਨਾ ਕਿਹਾ ਕਿ ਹਿੰਦ ਮੰਡੇਲਾ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਚਲਾਉਣ ਵਿਚ ਮੁਖ ਰੋਲ ਅਦਾ ਕਰ ਸਕਦਾ ਹੈ ।

ਮੰਡੇਲਾ ਤਿੰਨ ਦਹਾਕਿਆਂ ਤੋਂ ਬਦਨਾਮ ਰੋਬਿਨ ਇਲਲੈਂਡ ਜੇਲ੍ਹ ਵਿਚ ਕੈਦ ਹਨ ।

## ਭਾਸਕਰ ਵਲੋਂ ਅਸੈਂਬਲੀ ਤੋਂ ਅਸਤੀਫਾ

ਹੈਦਰਬਾਦ —ਆਂਧਰਾ ਪਰਦੇਸ਼ ਦੇ ਸਾਬਕ ਮੁਖ ਮੰਤਰੀ ਵਿਜੈ ਭਾਸਕਰ ਰੈਡੀ ਨੇ ਵਿਧਾਨ ਸਭਾ ਦਾ ਮੈਂਬਰੀ ਤੋਂ ਅਸਤੀਫਾ ਦੇ ਦਿਤਾ। ਉਹ ਤਾਜ਼ਾ ਚੋਣਾਂ ਵਿਚ ਯੈਮੀਗਾਨਰ ਤੋਂ ਚੁਣੇ ਗਏ ਸਨ ।

ਉਹ 1980 ਵਿਚ ਕਰਨੂਲ ਲੋਕ ਸਭਾ ਹਲਕੇ ਤੋਂ ਚੁਣੇ ਗਏ ਸਨ ਤੇ ਉਹਨਾ ਲੋਕ ਸਭਾ ਦੀ ਮੈਂਬਰੀ ਕਾਇਮ ਰੱਖਣ ਦਾ ਫੈਸਲਾ ਕੀਤਾ ਹੈ ।

## ਆਸਾਮ 'ਚ 6 ਖੱਬੀਆਂ ਜਮਹੂਰੀ ਪਾਰਟੀਆਂ ਵਲੋਂ ਸੀਟਾਂ ਤੇ ਚੋਣ ਲੜਨ ਦਾ ਫੈਸਲਾ

ਗੁਹਾਟੀ —ਆਸਾਮ ਵਿਚ 6 ਖੱਬੀਆਂ ਅਤੇ ਜਮਹੂਰੀ ਪਾਰਟੀਆਂ ਦੇ ਗਠਜੋੜ ਨੇ ਵਿਧਾਨ ਸਭਾ ਦੀਆਂ ਸਾਰੀਆਂ 126 ਅਤੇ ਲੋਕ ਸਭਾ ਦੀਆਂ 12 ਸੀਟਾਂ ਲੜਨ ਦਾ ਫੈਸਲਾ ਕੀਤਾ ਹੈ ।

ਇਸ ਗਠਜੋੜ ਵਿਚ ਭਾਰਤੀ ਕਮਿਓਨਿਸਟ ਪਾਰਟੀ, ਮਾਰਕਸੀ ਪਾਰਟੀ, ਕਾਂਗਰਸ(ਸ), ਆਰ. ਸੀ. ਪੀ. ਆਈ., ਐਸ. ਯੂ. ਸੀ. ਆਈ., ਅਤੇ ਆਰ. ਐਸ. ਪੀ. ਸ਼ਾਮਲ ਹਨ । ਇਹਨਾਂ ਪਾਰਟੀਆਂ ਨੇ ਇਕ ਸਾਂਝੇ ਪਰੋਗਰਾਮ ਦੇ ਅਧਾਰ ਤੇ ਸਾਂਝੀ ਚੋਣ ਮੁਹਿੰਮ ਚਲਾਉਣ ਦਾ ਫੈਸਲਾ ਵੀ ਕੀਤਾ ਹੈ ।

ਚੋਣ ਸਮਝੌਤੇ ਮੁਤਾਬਕ ਭਾਰਤੀ ਕਮਿਊਨਿਸਟ ਪਾਰਟੀ 31 ਸੀਟਾਂ, ਮਾਰਕਸੀ ਪਾਰਟੀ 28, ਕਾਂਗਰਸ(ਸ) 50, ਅਤੇ ਬਾਕੀ 17 ਸੀਟਾਂ ਗਠਜੋੜ ਵਿਚ ਸ਼ਾਮਲ ਦੂਜੀਆਂ ਪਾਰਟੀਆਂ ਲੜਨਗੀਆਂ । ਸਾਰੀਆਂ ਪਾਰਟੀਆਂ ਆਪੋ ਆਪਣੇ ਚੋਣ ਨਿਸ਼ਾਨ ਤੇ ਉਮੀਦਵਾਰ ਖੜੇ ਕਰਨਗੀਆਂ ।

ਲੋਕ ਸਭਾ ਦੀਆਂ 8 ਸੀਟਾਂ ਕਾਂਗਰਸ (ਸ) ਲੜੇਗੀ ਤੇ ਬਾਕੀ ਚਾਰ ਹੋਰ ਪਾਰਟੀਆਂ ਵਿਚ ਵੰਡੀਆਂ ਜਾਣਗੀਆਂ ।

## ਸੋਵੀਅਤ ਯੂਨੀਅਨ ਤੋਂ ਹਿੰਦ ਲਈ ਨਵੀਆਂ ਫੌਜੀ ਗੱਡੀਆਂ

ਨਵੀਂ ਦਿੱਲੀ —ਭਾਰਤ ਨੇ ਸੋਵੀਅਤ ਯੂਨੀਅਨ ਤੋਂ ਪੈਦਲ ਫੌਜ ਲਈ ਨਵੀਂ ਕਿਸਮ ਦੀਆਂ ਫੌਜੀ ਗੱਡੀਆਂ ਖਰੀਦਣ ਦਾ ਇਕ ਸਮਝੌਤਾ ਕੀਤਾ ਹੈ ਜਿਨਾਂ ਵਿਚ ਟੈਂਕ ਤੋੜੂ ਮਿਜ਼ਾਈਲਾਂ ਅਤੇ ਮਸ਼ੀਨ ਗੰਨਾਂ ਤੋਂ ਇਲਾਵਾ ਭਾਰੀ ਗੋਲਬਾਰੀ ਕਰਨ ਲਈ ਮੁਖ ਤੋਪ ਵੀ ਲਗੀ ਹੋਵੇਗੀ।

ਇਹ ਫੌਜੀ ਗੱਡੀਆਂ ਵਧੇਰੇ ਗਿਣਤੀ ਵਿਚ ਫੌਜਾਂ ਨੂੰ ਲਿਜਾਣ ਦੇ ਵੀ ਸਮਰਥ ਹਨ ਅਤੇ ਦੇਸ਼ ਵਿਚ ਨਵੀਂ ਮਸ਼ਨੀਰੀ ਵਾਲੇ ਤੋਪਖਾਨਾ ਯੂਨਿਟਾਂ ਨਾਲ ਲੈਸ ਹੋਣਗੀਆਂ ।

ਸਰਕਾਰੀ ਸੂਤਰਾਂ ਮੁਤਾਬਕ ਇਹਨਾ ਗੱਡੀਆਂ ਦੇ ਭਾਰਤੀ ਫੌਜ ਵਿਚ ਸ਼ਾਮਲ ਹੋਣ ਨਾਲ ਭਾਰਤੀ ਫੌਜ ਦੀ ਗਤੀਸ਼ੀਲਤਾ ਵਿਚ ਭਾਰੀ ਸੁਧਾਰ ਹੋਵੇਗਾ ।

ਇਹਨਾਂ ਸੂਤਰਾਂ ਨੇ ਕਿਹਾ ਕਿ ਪੈਦਲ ਫੌਜ ਲਈ ਲੜਾਕੂ ਗੱਡੀਆਂ ਦਾ ਦੇਸ਼ ਵਿਚ ਉਤਪਾਦਨ ਕਰਨ ਲਈ ਪੂਰੀ ਤਕਨੀਕ ਪ੍ਰਾਪਤ ਕਰਨ ਵਾਸਤੇ ਰਖਿਆ ਵਜ਼ਾਰਤ ਅਤੇ ਸੋਵੀਅਤ ਯੂਨੀਅਨ ਵਿਚਕਾਰ ਗਲਬਾਤ ਵਿਚ ਇਸ ਵੇਲੇ ਕਾਫੀ ਪਰਗਤੀ ਹੋ ਚੁੱਕੀ ਸੀ ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਭਾਰਤੀ ਫੌਜ ਨੂੰ ਹਵਾਈ ਸੁਰੱਖਿਆ ਲਈ ਤਿੰਨ ਕਿਸਮ ਦੀਆਂ ਗੰਨਾਂ ਦੀ ਲੋੜ ਹੈ ਜੋ ਕਿ ਨੀਵੀ ਉਚਾਈ, ਦਰਮਿਆਨੀ ਤੇ ਉਚੀ ਪੱਧਰ ਉਤੇ ਮਾਰ ਕਰ ਸਕਣ। ਤੇ ਇਸ ਲੋੜ ਨੂੰ ਵੀ ਦੇਸ਼ ਵਿਚ ਪੂਰਾ ਕਰਨ ਲਈ ਮੁਹਾਰਤ ਹਾਸਲ ਕਰ ਲਈ ਗਈ ਹੈ ।

ਨਵੀਂ ਕਿਸਮ ਦੇ ਹਥਿਆਰਾਂ ਦੇ ਉਤਪਾਦਨ ਲਈ ਨਵੀਆਂ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ ।

## ਗੁਟਨਿਰਲੇਪ ਦੇਸ਼ਾਂ ਦੇ ਸੰਮੇਲਨ ਦੀ ਤਿਆਰੀ

ਕਲਕੱਤਾ — ਨੇਪਾਲ ਅਤੇ ਬੰਗਲਾ ਦੇਸ਼ ਮਾਰਚ ਵਿਚ ਨਵੀਂ ਦਿੱਲੀ ਵਿਚ ਹੋ ਰਹੇ ਗੁਟਨਿਰਲੇਪ ਸੰਮੇਲਨ ਦੀ ਸਫਲਤਾ ਵਿਚ ਡੂੰਘੀ ਦਿਲਚਸਪੀ ਲੈ ਰਹੇ ਹਨ । ਇਹ ਗੱਲ ਇਹਨਾ ਦੇਸ਼ਾਂ ਦਾ ਦੌਰਾ ਕਰਕੇ ਪਰਤੇ ਭਾਰਤ ਦੇ ਬਦੇਸ਼ ਸਕੱਤਰ ਸ੍ਰੀ ਐਮ. ਰਸਗੋਤਰਾ ਨੇ ਦਸੀ ।

ਢਾਕੇ ਤੋਂ ਪਰਤਦਿਆਂ ਕਲਕੱਤਾ ਹਵਾਈ ਅੱਡੇ ਉਤੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ੍ਰੀ ਰਸਗੋਤਰਾ ਨੇ ਕਿਹਾ ਕਿ ਜਿਨਾਂ ਦੇਸ਼ਾਂ ਨਾਲ ਕੰਪੂਚਆ ਦੇ ਮਸਲੇ ਉਤੇ ਭਾਰਤ ਦੇ ਮਤਭੇਦ ਵੀ ਹਨ । ਉਹ ਵੀ ਇਸ ਸੰਮੇਲਨ ਵਿਚ ਸ਼ਾਮਲ ਹੋਣਗੇ ਅਤੇ ਕੰਪੂਚੀਆ ਦਾ ਮਾਮਲਾ ਇਸ ਸੰਮੇਲਨ ਨਾਲ ਕੋਈ ਸਬੰਧ ਨਹੀਂ ਰਖਦਾ ।

ਸ੍ਰੀ ਰਸਗੋਤਰਾ ਭਾਰਤ ਦੇ ਤਿੰਨ ਮੈਂਬਰੀ ਵਫਦ ਨਾਲ ਇਹਨਾਂ ਦੇਸ਼ਾਂ ਦਾ ਦੌਰਾ ਕਰਨ ਗਏ ਸਨ । ਇਸ ਵਫਦ ਦੇ ਦੋ ਹੋਰ ਮੈਂਬਰਾਂ ਸ੍ਰੀ ਕੇ. ਕੇ. ਭਾਰਗਵ ਅਤੇ ਸ੍ਰੀ ਮਾਰ ਮੂਲੇ ਨੇ ਦਸਿਆ ਕਿ ਗਲਾਂਬਾਤਾਂ ਬਹੁਤ ਚੰਗੇ ਮਹੌਲ ਵਿਚ ਹੋਈਆ ।

## ਸ੍ਰੀਮਤੀ ਇੰਦਰਾ ਗਾਂਧੀ ਦੇ ਆਂਧਰਾ ਤੇ ਕਰਨਾਟਕ ਨੂੰ ਭਰੋਸੇ

ਨਵੀਂ ਦਿੱਲੀ —ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਂਧਰਾ ਪਰਦੇਸ਼ ਤੇ ਕਰਨਾਟਕ ਦੀਆਂ ਗੈਰ ਕਾਂਗਰਸ ਆਈ. ਸੂਬਾਈ ਸਰਕਾਰਾਂ ਨੂੰ ਯਕੀਨ ਦੁਆਇਆ ਹੈ ਕਿ ਜਿਥੋਂ ਤਕ ਉਹਨਾ ਦਾ ਸਬੰਧ ਹੈ, ਸਾਰੇ ਰਾਜ ਕੇਂਦਰ ਦੇ ਇਕੋ ਜਿਨੇ ਨੇੜੇ ਹਨ ।

ਆਂਧਰਾ ਪਰਦੇਸ਼ ਦੇ ਮੁਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਤੇ ਕਰਨਾਟਕ ਦੇ ਮੁਖ ਮੰਤਰੀ ਸ੍ਰੀ ਰਾਮ ਕ੍ਰਿਸ਼ਨ ਹੈਗੜੇ ਨੂੰ ਲਿਖੇ ਵੱਖੋ ਵੱਖਰੇ ਖਤਾਂ ਵਿਚ ਪਰਧਾਨ ਮੰਤਰੀ ਨੇ ਆਸ ਜ਼ਾਹਿਰ ਕੀਤੀ ਹੈ ਕਿ ਭਾਵੇਂ ਪਾਰਟੀਆਂ ਦੇ ਪਰੋਗਰਾਮ ਵਿਚ ਭਿੰਨਤਾ ਵੀ ਹੋਵੇ ਤਾਂ ਵੀ ਕੇਂਦਰ ਰਾਜ ਮਿਲਵਰਤਣ ਜਾਰੀ ਰਹੇਗਾ ।

ਸ੍ਰੀ ਰਾਮਾਰਾਓ ਨੂੰ ਭੇਜੇ ਆਪਣੇ ਪੱਤਰ ਵਿਚ ਸ੍ਰੀਮਤੀ ਗਾਂਧੀ ਨੇ ਜ਼ੋਰ ਦਿਤਾ ਹੈ ਕਿ ਮਾਤ ਭੂਮੀ ਦੀ ਅਖੰਡਤਾ, ਨੂੰ ਮਜ਼ਬੂਤ ਕਰਨਾ ਅਤੇ ਲੋਕਾਂ ਖਾਸ ਤੌਰ ਤੇ ਕਮਜ਼ੋਰ ਵਰਗਾਂ ਦੀ ਭਲਾਈ ਨੂੰ ਯਕੀਨ ਬਨਾਉਣਾ ਜ਼ਰੂਰੀ ਹੈ।




ਦਲਜੀਤ ਸਿੱਧੂ 324 2311

S & S INSURANCE

6679, Main St.(2nd Floor)

At 51st. Ave.

VANCOUVER, B.C.

ਪੰਜਾਬੀ ਮਾਰਕਿਟ ਵਿਚ

S & S INSURANCE

ਜੇ ਤੁਹਾਡੀਆਂ ਕਾਰਾਂ ਦੀ ਇੰਨਸ਼ੋਰੈਂਸ ਖਤਮ ਹੋਣ ਵਾਲੀ ਹੈ

ਹੁਣੇ ਮਿਲੋ

ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ

Autoplan



ਹਰਦੇਵ ਸਿੰਘ ਗਿੱਲ

590-2058

# A. J. SUPERMARKET

## 6502, Main St. VANCOUVER, B.C.

(49th Main)

## PHONE : 324-3014



Jessie Jhooty

**IN PUNJABI MARKET**
**For Your All Groceries**

## A. J.

## SUPERMARKET



Amrik Gill

## ਪੰਜਾਬੀ ਮਾਰਕਿਟ ਵਿਚ ਨਵਾਂ ਗਰੌਸਰੀ ਸਟੋਰ

# ਏ. ਜੇ. ਸੁਪਰਮਾਰਕਿਟ

## ਜਿਸ ਦਾ ਉਦਘਾਟਨ

# ਸ਼ਨਿਚਰਵਾਰ 29 ਜਨਵਰੀ, 1983 ਨੂੰ

## ਸਵੇਰੇ ਦਸ ਵਜੇ ਹੋਵੇਗਾ

ਦਸ ਵਜੇ ਹੀ ਸੁਪਰਮਾਰਕਿਟ ਵਿਚ ਪਹੁੰਚ ਜਾਓ
ਚਾਹ ਕਾਫੀ ਪੀਓ।

ਬੱਚਿਆਂ ਨੂੰ ਵੀਡੀਓ ਗੇਮਾਂ ਖੇਲ੍ਹਣ ਲਈ ਸਮਾਂ ਦਿਓ ।

ਨਾਲੇ ਪੁੰਨ ਨਾਲੇ ਫਲੀਆਂ

ਕਾਰਨਰ ਸਟੋਰ ਹੋਣ ਕਾਰਨ ਤੁਸੀਂ ਹਫਤੇ ਦੇ ਸੱਤੇ ਦਿਨ ਸਵੇਰੇ ਸੱਤ ਵਜੇ ਤੋਂ ਰਾਤ ਦੇ ਬਾਰਾਂ ਵਜੇ ਤਕ ਜਦ ਵੀ ਮਰਜ਼ੀ ਏ. ਜੇ. ਸੁਪਰਮਾਰਕਿਟ ਤੇ ਪਹੁੰਚੋ ਤੇ ਆਪਣੀ ਲੋੜ ਦੀ ਹਰ ਕਿਸਮ ਦੀ ਗਰੌਸਰੀ ਖਰੀਦੋ ।

ਵੈਨਕੂਵਰ ਤੋਂ ਬਾਹਰਲੇ ਟਾਊਨਾਂ ਵਾਲਿਆਂ ਲਈ
ਖੁਸ਼ਖਬਰੀ

ਆਪਣਾ ਫੋਨ ਚੁੱਕੋ ਤੇ ਡਾਇਲ ਕਰੋ 324-3014 ਗਰੌਸਰੀ ਦਾ ਆਰਡਰ ਕਰੋ, ਤੁਹਾਨੂੰ ਘਰ ਬੈਠੇ ਬਿਠਾਇਆਂ ਤੁਹਾਡੀ ਪਸੰਦ ਦੀ ਗਰੌਸਰੀ ਪਹੁੰਚ ਜਾਵੇਗੀ ।

ਅਮਰੀਕ ਗਿੱਲ ਜਾਂ ਜੱਸੀ ਝੂਟੀ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਨ ।

# ਆਓ, ਵਹੀਰਾਂ ਘੱਤ ਦਿਓ

## ਜਿਥੋਂ ਤੁਹਾਨੂੰ ਇੰਡੋ-ਕੈਨੇਡੀਅਨ

## ਗਰੌਸਰੀ ਹਰ ਕਿਸਮ ਦੀ ਮਿਲ ਸਕੇਗੀ

ਸੰ ਪਾ ਦ ਕੀ :

## ਭਾਰਤੀ ਰਾਜਸੀ ਪਿੜ

ਦਿੱਲੀ ਮੇਘਾਲਿਆ ਤੇ ਆਸਾਮ ਵਿਚ ਚੋਣਾਂ ਫਰਵਰੀ ਵਿਚ ਕਰਾਉਣ ਦਾ ਕੇਂਦਰ ਵਲੋਂ ਐਲਾਨ ਕਰ ਦਿਤਾ ਗਿਆ ਹੈ। ਹਾਲ ਹੀ ਵਿਚ ਹੋਈਆਂ ਆਂਧਰਾ ਪ੍ਰਦੇਸ਼ ਵਿਚ, ਕਰਨਾਟਕ ਤੇ ਤਰੀਪੁਰਾ ਦੀਆਂ ਚੋਣਾਂ ਨੇ ਇਹ ਸਾਬਤ ਕਰ ਦਿਤਾ ਹੈ ਕਿ ਇੰਦਿਰਾ ਕਾਂਗਰਸ ਦੇ ਪੈਰਾਂ ਹੇਠੋਂ 1977 ਵਾਂਗ ਜ਼ਮੀਨ ਫਿਰ ਖਿਸਕਣੀ ਸ਼ੁਰੂ ਹੋ ਗਈ ਹੈ। ਇਹ ਇਸ ਗੱਲ ਦਾ ਆਸਾਰ ਹੈ ਕਿ ਆਮ ਲੋਕਾਂ ਨੂੰ 'ਗਰੀਬੀ ਹਟਾਓ' ਆਦਿ ਦੇ ਨਾਅਰੇ ਦੇ ਕੇ ਬਹੁਤਾ ਸਮਾਂ ਭੁਲਾਇਆ ਨਹੀਂ ਜਾ ਸਕਦਾ। ਭਾਰਤ ਵਿਚ ਆਮ ਲੋਕਾਂ ਦੀ ਹਾਲਤ ਦਿਨੋ ਦਿਨ ਨਿਘਰ ਰਹੀ ਹੈ। ਨਾਅਰੇਬਾਜ਼ੀ ਇਸ ਦਾ ਸਮਾਧਾਨ ਨਹੀਂ ਕਰ ਸਕਦੀ। ਠੋਸ ਆਰਥਕ ਪਰੋਗਰਾਮ ਹੀ ਆਮ ਲੋਕਾਂ ਦਾ ਵਿਸ਼ਵਾਸ ਬਹਾਲ ਕਰ ਸਕਦਾ ਹੈ। ਕਾਂਗਰਸ ਰਾਜ ਦੇ 35 ਸਾਲਾਂ ਵਿਚ ਲੋਕਾਂ ਦੀ ਹਾਲਤ ਸੁਧਰਨ ਦੀ ਥਾਂ ਵਿਗੜੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਲੋਕਾਂ ਮੁੜ ਮੁੜ ਕਾਂਗਰਸ ਵਿਚ ਵਿਸ਼ਵਾਸ਼ ਕਿਉਂ ਪਰਗਟ ਕੀਤਾ ? ਇਸਦਾ ਉਤਰ ਸਪੱਸ਼ਟ ਹੈ ਕਿ ਕਾਂਗਰਸ ਦੇ ਝੰਡੇ ਹੇਠ ਦੇਸ਼ ਨੀਮ-ਆਜ਼ਾਦ ਹੋਇਆ। ਮੁਕੰਮਲ ਆਜ਼ਾਦੀ ਆਰਥਕ ਖੁਸ਼ਹਾਲੀ ਨਾਲ ਹੀ ਆ ਸਕਦੀ ਹੈ। ਸਰਮਾਏਦਾਰੀ ਸਮਾਜ ਵਿਚ ਆਰਥਕ ਤੌਰ ਤੇ ਪਛੜੇ ਲੋਕਾਂ ਦੀ ਕੋਈ ਬਾਤ ਨਹੀਂ ਪੁਛਦਾ। ਕੁਨਬਾਪਰਵਰੀ, ਰਿਸ਼ਵਤਖੋਰੀ, ਸਮਗਲਿੰਗ ਤੇ ਸਮੁੱਚੇ ਸਮਾਜ ਵਿਚ ਭ੍ਰਿਸ਼ਟਾਚਾਰ ਇਹ ਭਾਰਤੀ ਸਰਮਾਏਦਾਰੀ ਦੇ ਮੁੱਖ ਲੱਛਣ ਹਨ। ਅਜਿਹੀਆਂ ਸਮਾਜਿਕ ਹਾਲਤਾਂ ਅਸਥਿਰਤਾ ਨੂੰ ਜਨਮ ਦਿੰਦੀਆਂ ਹਨ। ਏਸੇ ਕਾਰਨ ਸਮੁੱਚਾ ਭਾਰਤ ਸਮਾਜਕ, ਆਰਥਕ ਤੇ ਸਦਾਚਾਰਕ ਪਹਿਲੂਆਂ ਤੋਂ ਧਰਾਤਲ ਵੱਲ ਜਾ ਰਿਹਾ ਹੈ।

ਉਪਰੋਕਤ ਹਾਲਤਾਂ ਵਿਚ ਸੁਧਾਰ ਤਦ ਹੀ ਆਉਣ ਦੀ ਸੰਭਾਵਨਾ ਹੋ ਸਕਦੀ ਹੈ ਜੇਕਰ ਕਾਂਗਰਸ ਦਾ ਸਹੀ ਬਦਲ ਲੱਭਿਆ ਜਾ ਸਕੇ। ਕਾਂਗਰਸ ਵਿਚੋਂ ਗਏ ਚਰਨ ਸਿੰਘ, ਡੇਸਾਈ, ਜਗਜੀਵਨ ਰਾਮ ਜਾਂ ਚੰਦਰ ਸ਼ੇਖਰ ਇਸ ਦਾ ਬਦਲ ਨਹੀਂ ਬਣ ਸਕਦੇ। ਬਦਲ ਕੇਵਲ ਖੱਬੇ ਪੱਖੀ ਪਾਰਟੀਆਂ ਦਾ ਏਕੀਕਰਣ ਹੀ ਬਣ ਸਕਦਾ ਹੈ ਅਤੇ ਆਖਰ ਇਨ੍ਹਾਂ ਖੱਬੇ ਪੱਖੀ ਪਾਰਟੀਆਂ ਨੂੰ ਇਕ ਪਲੇਟਫਾਰਮ ਤੇ ਆਉਣਾ ਪੈਣਾ ਹੈ। ਇਹੀ ਹਾਲਤ ਦਾ ਤਕਾਜ਼ਾ ਹੈ।

ਸੂਬਾਈ ਪਾਰਟੀਆਂ ਲਈ ਵੀ ਏਹੀ ਰਾਹ ਚੁਣਨਾ ਪਵੇਗਾ ਕਿ ਉਹ ਖੱਬੇ ਪੱਖੀ ਪਾਰਟੀਆਂ ਨਾਲ ਜੁੜ ਕੇ ਤੁਰਨ ਰਾਹੇ ਉਹ ਆਂਧਰਾ ਦੀ ਤੇਲਗੂ ਦੇਸ਼ਮ ਪਾਰਟੀ ਹੋ, ਜਾਂ ਡੀ. ਐਮ. ਕੇ. ਜਾਂ ਅਕਾਲੀ ਪਾਰਟੀ। ਇਨ੍ਹਾਂ ਵਿਚ ਅਗਰਗਾਮੀ ਆਗੂਆਂ ਨੂੰ ਅੱਗੇ ਆਕੇ ਮੁਤਬਾਦਲ ਰੂਪ ਬਣਨਾ ਹੀ ਪੈਣਾ ਹੈ। ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ ਮੁਕੰਮਲ ਦੇਸ਼ ਵਿਚ ਜ਼ੋਰ ਫੜ ਰਹੀ ਹੈ ਇਸ ਨੂੰ ਸਹੀ ਢੰਗ ਨਾਲ ਨਾ ਸੁਲਝਾਇਆ ਗਿਆ ਤਾਂ ਮੁਲਕ ਦੇ ਖੇਰੂੰ ਖੇਰੂੰ ਹੋਣ ਦੇ ਆਸਾਰ ਸਾਫ ਦਿਸਦੇ ਹਨ। ਲੋਕਾਂ ਵਿਚ ਅਸੰਤੁਸ਼ਟਤਾ ਦਾ ਲਾਭ ਅਤਿਵਾਦੀ ਅੰਸ਼ ਉਠਾ ਰਹੇ ਹਨ ਤੇ ਵੱਖਵਾਦੀ ਰੁਚੀ ਉਭਰ ਰਹੀ ਹੈ। ਅਮਰੀਕਾ ਵਰਗੇ ਦੇਸ਼ ਅਜਿਹੀ ਸਥਿਤੀ ਹਰ ਮੁਲਕ ਵਿਚ ਪੈਦਾ ਕਰਨ ਲਈ ਯਤਨਸ਼ੀਲ ਹਨ।

ਆਂਧਰਾ ਤੇ ਕਰਨਾਟਕ ਦੇ ਨਤੀਜੇ ਦਿੱਲੀ, ਮੇਘਾਲਿਆ ਤੇ ਆਸਾਮ ਵਿਚ ਵੀ ਦੁਹਰਾਏ ਜਾਣ ਦੀ ਪੂਰੀ ਸੰਭਾਵਨਾ ਹੈ ਪਰ ਇਨ੍ਹਾਂ ਵਿਚ ਦੇਖਣ ਵਾਲੀ ਗੱਲ ਇਹ ਹੈ ਕਿ ਦਿੱਲੀ ਵਿਚ ਮੁੜ ਫਿਰਕਾਪਰਸਤੀ ਸਿਰ ਚੁੱਕੇਗੀ, ਆਸਾਮ ਵਿਚ ਅਤਿਵਾਦੀ ਤੇ ਵੱਖਵਾਦੀ ਰੁਚੀਆਂ ਹੋਰ ਉਭਰਨਗੀਆਂ। ਇਨ੍ਹਾਂ ਦੀ ਰੋਕ ਕੇਵਲ ਖੱਬੇ ਪੱਖੀ ਮੁਹਾਜ਼ ਕਰ ਸਕਦੇ ਹਨ —ਕਾਂਗਰਸ ਆਪਣੇ ਵਕਤ ਤੋਂ ਵੱਧ ਸਮਾਂ ਬਿਤਾ ਚੁੱਕੀ ਹੈ। ਜਾਪਦਾ ਹੈ ਭਾਰਤ ਦੇ ਆਰਥਕ ਹਾਲਾਤ ਨੂੰ ਸੁਧਾਰਨ ਦਾ ਇਸ ਕੋਲ ਕੋਈ ਸਾਧਨ ਨਹੀਂ ਰਹਿ ਗਿਆ।

## ਅਮਰ ਕਹਾਣੀ — ਸ਼ਹੀਦ ਮੇਵਾ ਸਿੰਘ

ਅਮਰ ਕਹਾਣੀ ਮੇਵਾ ਸਿੰਘਾ, ਤੇਰੀ ਅਮਰ ਕਹਾਣੀ
ਤੂੰ ਰਚੀ ਇਹ ਸਾਡੀ ਖਾਤ੍ਰ, ਨਾ ਇਹ ਹੋਵੇ ਕਦੇ ਪੁਰਾਣੀ
ਜੀਉਂਦੇ ਰਹਿਣ ਜਿਨ੍ਹਾਂ ਚਿਰ ਹਿੰਦੀ ਇਸ ਧਰਤ ਦੇ ਉਤੇ
ਮੰਨਣ ਤੈਨੂੰ ਜੋਧਿਆ ਤੈਂ ਛਾਣੇ ਦੁਧੋ ਪਾਣੀ

ਵਿਚ ਪਰਦੇਸੀ ਖਟਣ ਖਾਤ੍ਰ ਸੀ ਚੀਰ ਆਏ ਬੋਹ ਸਾਗਰ ਖਾਰੇ
ਪ੍ਰਾਧੀਨ ਬੇ-ਗੈਰਤ ਹਿੰਦੀ, ਕਹਿ ਕਹਿ ਗੋਰਾਂ ਨੇ ਫਟਕਾਰੇ
ਤੂੰ ਕਾਲਖ ਲਾਹੀ,ਸੰਕਟ ਕੱਟੇ, ਖ਼ੂਨ ਜਿਗਰ ਦਾ ਪਾਕੇ
ਉਂ ਗੈਰਤ ਮੰਦਾ ਰੱਖ ਵਖਾਈ, ਤੂੰ ਨਹੀਂ ਲਾਏ ਲਾਰੇ

ਇਹ ਜੋ ਕੁਝ ਦਿਸਦਾ ਇਹ ਨਾ ਹੁੰਦਾ, ਹੁੰਦੀ ਬੜੀ ਵੈਰਾਨੀ
ਨਾ ਇਹ ਧੀਆਂ ਨਾ ਇਹ ਬੱਚੇ, ਇਥੇ ਨਾ ਸਿਦੇ ਹਿੰਦਵਾਨੀ
ਕੁੰਨਵੇ ਨਾ ਇਹ ਕੱਠੇ ਹੁੰਦੇ, ਨਾ ਇਹ ਮੌਜ ਨਾ ਇਹ ਮੇਲਾ
ਜੇ ਨਾ ਲਗਦੀ ਮੇਵਾ ਸਿੰਘਾ, ਤੇਰੀ ਸਿਖਰ ਜਵਾਨੀ

ਤੂੰ ਕੀਤਾ ਇਹ ਸਾਡੀ ਖਾਤਰ, ਐ ਭਾਰਤ ਦੇ ਨੇਕ ਦੁਲਾਰੇ
ਦੇਸ਼ ਕੌਮ ਦੀ ਇਜ਼ਤ ਰੱਖੀ, ਧਿਰ ਲੋਕਾਂ ਦੀ ਚਮਕ ਮੁਨਾਰੇ
ਸੇਹਰੇ ਬੰਨਕੇ ਸ਼ਮਾ ਤੇ ਸੜਿਆ , ਤੂੰ ਪਰਵਾਨਾ ਬਣਕੇ
ਲੋਕਾਂ ਖਾਤਰ ਮਰਨ ਵਾਲਿਆ, ਜੈ ਜੈ ਹੋਵੇ ਜੈ ਜੈ ਤੈਨੂੰ ਜੈ ਜੈ ਕਾਰ

ਯਕਦਮ — ਗੁਰਦੇਵ ਸਿੰਘ ਦਿੱਲੋਂ

## ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੀ ਚੋਣ

ਭਾਈ ਬਲਦੇਵ ਸਿੰਘ ਰੰਧਾਵਾ ਸੂਚਨਾ ਦਿੰਦੇ ਹਨ ਕਿ ਖਾਲਸਾ ਦੀਵਾਨ ਸੁਸਾਇਟੀ ਐਬਸਡੋਰਡ ਦੇ 1983 ਦੇ ਸੇਵਾਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਹੋਈ। ਜੋ ਇਸ ਪਰਕਾਰ ਹੈ :

| | |
|---|---|
| ਭਾਈ ਕਰਤਾਰ ਸਿੰਘ ਸਿਧੂ(ਮਹੀਆਂ ਵਾਲਾ) | ਪ੍ਰਧਾਨ |
| ਭਾਈ ਭਗਵੰਤ ਸਿੰਘ ਹੇਰ(ਢੁੱਡੀਕੇ) | ਮੀਤ-ਪ੍ਰਧਾਨ |
| ਭਾਈ ਗਰੁਦਰਸ਼ਨ ਸਿੰਘ ਸੰਧੂ | ਸਕੱਤਰ |
| ਭਾਈ ਮੁਹਿਦਰ ਸਿੰਘ ਬਰਾੜ(ਖੋਟਾ) | ਰੀਕਾਰਡਿੰਗ ਸਕੱਤਰ |
| ਭਾਈ ਗੁਲਜ਼ਾਰ ਸਿੰਘ ਢਿੱਲੋਂ | ਰਰੀਕਾਡਿੰਗ ਸਕੱਤਰ |
| ਭਾਈ ਨਛੱਤਰ ਸਿੰਘ ਆਦੀਵਾਲ | ਖਜ਼ਾਨਚੀ |
| ਭਾਈ ਜਗਦੀਪ ਸਿੰਘ ਰੁਮਾਣਾ | ਖਜ਼ਾਨਚੀ |
| ਭਾਈ ਇੰਦਰ ਸਿੰਘ ਗਿੱਲ | ਮੈਂਬਰ |
| ਭਾਈ ਕਰਤਾਰ ਸਿੰਘ ਜਗਪਾਲ | ਮੈਂਬਰ |
| ਭਾਈ ਗੁਪਾਲ ਸਿੰਘ ਥਾਂਦੀ | ਮੈਂਬਰ |
| ਭਾਈ ਕੁਲਵੰਤ ਸਿੰਘ ਚੀਮਾਂ | ਮੈਂਬਰ |
| ਭਾਈ ਦਰਸ਼ਨ ਸਿੰਘ ਮਾਹਲ | ਮੈਂਬਰ |
| ਭਾਈ ਹਾਕਮ ਸਿੰਘ ਗਿੱਲ | ਮੈਂਬਰ |

ਸਮੂਹ ਸੰਗਤਾਂ ਧੰਨਵਾਦ ਦੀਆਂ ਪਾਤਰ ਹਨ ਜਿਨ੍ਹਾਂ ਪੂਰਨ ਮਿਲਵਰਤਣ ਦੇ ਕੇ ਇਸ ਚੋਣ ਨੂੰ ਸਰਬਸੰਮਤੀ ਨਾਲ ਸਿਰੇ ਚੜ੍ਹਾਇਆ —

ਸੰਗਤਾਂ ਦੇ ਸੇਵਾਦਾਰ
ਬਲਦੇਵ ਸਿੰਘ ਰੰਧਾਵਾ

## ਸਚਾਈ ਦਾ ਸੂਰਜ ਹਮੇਸ਼ਾ ਚਮਕਦਾ ਹੈ

ਜਦੋਂ ਜ਼ੁਲਮ ਦੀ ਹੱਦ ਹੋ ਗਈ ਤਾਂ ਅਕਾਲ ਪੁਰਖ ਨੇ ਆਪਣੀ ਪੂਰੀ ਤਾਕਤ ਦੇਕੇ ਗੁਰੂ ਰਵਿਦਾਸ ਜੀ ਨੂੰ ਸੰਸਾਰ ਵਿਚ ਭੇਜਿਆ। ਭਗਤੀ ਲਹਿਰ ਦੇ ਚਮਕਦੇ ਸਿਤਾਰਿਆਂ ਵਿਚੋਂ ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਨਿਰਾਲੀ ਸ਼ਾਨ ਨਾਲ ਪ੍ਰਭੂ ਭਗਤੀ ਦਾ ਸਦਕਾ ਨਾਮ ਪ੍ਰਾਪਤ ਕੀਤਾ। ਬ੍ਰਾਹਮਣ ਈਰਖਾ ਵਿਚ ਸੜਨ ਲੱਗੇ। ਇਹ ਮਨੁਖ ਦੀ ਕਮਜ਼ੋਰੀ ਹੈ ਕਿ ਕਿਸੇ ਦੀ ਸਿਫਤ ਸੁਣ ਕੇ ਘਬਰਾਉਂਦਾ ਹੈ ਅਤੇ ਆਪਣੀ ਉਸਤਤ ਸੁਣਕੇ ਮਾਣ ਕਰਦਾ ਹੈ। ਪਰ ਗੁਰੂ ਰਵਿਦਾਸ ਜੀ ਨੇ ਇਹ ਸਾਬਤ ਕਰ ਦਿਤਾ ਕਿ ਇਕ ਹਿਕਮਤ ਨਾਲ ਬਣਾਇਆ ਸ਼ੂਦਰ ਵੀ ਉਸਦਾ ਸ਼ਿੰਗਾਰ ਹੈ। ਇਹ ਵੀ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਫਿਰ ਇਸਨੂੰ ਮਲੀਨ ਤੇ ਮਾੜਾ ਕਿਉਂ ਕਿਹਾ ਜਾਵੇ ?

ਇਸ ਜਾਤ ਪਾਤ ਦੀ ਛੁਰੀ ਨੇ ਹਮੇਸ਼ਾ ਹੀ ਧਰਮ ਦਾ ਗਲਾ ਕਟਿਆ ਹੈ। ਇਨਸਾਨ ਤੋਂ ਇਨਸਾਨ ਨਾਲ ਹਮੇਸ਼ਾ ਨਫਰਤ ਕਰਨਾ ਹੀ ਸਿਖਾਇਆ ਹੈ। ਅਛੂਤ ਅਛੂਤ ਕਹਿਕੇ ਇਨਸਾਨ ਡਰਾਉਂਦਾ ਹੀ ਰਿਹਾ ਹੈ। ਸਚਾਈ ਦਾ ਸੂਰਜ ਹਮੇਸ਼ਾ ਹੀ ਚਮਕਦਾ ਹੈ। ਗੁਰੂ ਰਵਿਦਾਸ ਜੀ ਭਗਤੀ ਤੇ ਦ੍ਰਿੜ ਇਰਾਦੇ ਨੇ ਇਹ ਸਾਬਤ ਕਰ ਦਿਤਾ ਕਿ ਪ੍ਰਮਾਤਮਾ ਦੇ ਘਰ ਕੋਈ ਵਿਤਕਰਾ ਨਹੀਂ। ਪ੍ਰਮਾਤਮਾ ਹਰ ਪ੍ਰਾਣੀ ਅੰਦਰ ਮੌਜੂਦ ਹੈ, ਉਸਨੂੰ ਕਿਸੇ ਜਾਤ ਪਾਤ ਨਾਲ ਈਰਖਾ ਨਹੀਂ ਅਤੇ ਹਿਤ ਵੀ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਕਿਸੇ ਵੀ ਜਾਤ ਤੋਂ, ਕਿਸੇ ਵੀ ਧਰਮ ਤੋਂ ਨਫਰਤ ਨਹੀਂ ਕੀਤੀ। ਲੱਖ ਲੱਖ ਨਮਸਕਾਰਾਂ ਹਨ ਦਸਾਂ ਹੀ ਗੁਰੂਆਂ ਦੇ ਚਰਨਾਂ ਵਿਚ ਜਿਨ੍ਹਾਂ ਨੇ ਲਤਾੜੀਆਂ ਕੌਮਾਂ ਨੂੰ ਕਮਜ਼ੋਰ ਵਰਗਾਂ ਨੂੰ ਆਪਣੇ ਚਰਨਾਂ ਨਾਲ ਜੋੜਿਆ ਅਤੇ ਕਰੋੜਾਂ ਹੀ ਵਾਰ ਨਮਸਕਾਰਾਂ ਹਨ ਹਾਜ਼ਰਾ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਜੋ ਰਹਿੰਦੀ ਦੁਨੀਆਂ ਤਕ ਇਸ ਜਾਤ ਪਾਤ ਦੇ ਦਰਖਤ ਨੂੰ ਤੇਜ਼ ਕੁਹਾੜੇ ਨਾਲ ਕੱਟਦੇ ਰਹਿਣਗੇ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਹੀ ਜਗਤ ਦੀ ਸਾਂਝੀ ਰਾਸ ਹਨ, ਇਹ ਇਕ ਦਲ ਨਾਲ ਸਬੰਧ ਰਖਣ ਵਾਲੀ ਬਹੁਤ ਹੀ ਮਿਠੀ ਤੇ ਪਿਆਰੀ ਆਤਮਕ ਵਸਤੂ ਹੈ। ਕਲਿਆਣ ਲਈ ਇਕ ਬਖਸ਼ਿਸ਼ ਹੈ।

ਮੰਨੂੰ ਦੀ ਇਸ ਕੀਤੀ ਵੰਡ ਨੂੰ ਆਉਣ ਵਾਲਾ ਸਮਾਂ ਬਿਲਕੁਲ ਮੁਆਫ ਨਹੀਂ ਕਰੇਗਾ। ਪਾਠਕੋ ਜ਼ਰਾ ਗਹਿਰੇ ਤਲ ਵਿਚ ਜਾਕੇ ਵਿਚਾਰੋ ਕਿ ਜਿਸ ਭਗਵਾਨ ਰਾਮ ਨੇ ਸ਼ੂਦਰ ਭੀਲਣੀ ਦੇ ਜੂਠੇ ਬੇਰ ਖਾਧੇ ਸਨ ਫਿਰ ਭਗਵਾਨ ਰਾਮ ਦੀ ਪੂਜਾ ਕਰਨ ਦਾ ਕੀ ਹੱਕ ਹੈ, ਗੀਤਾ ਤੇ ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਦਾ ਕੀ ਹੱਕ ਹੈ ਜਦ ਕਿ ਗੀਤਾ ਤੇ ਧਰਮ ਗ੍ਰੰਥਾਂ ਦੇ ਸਾਧਨਾਂ ਨੂੰ ਮੰਨਦੇ ਨਹੀਂ। ਬੰਦ ਕਰ ਦੇਣੇ ਚਾਹੀਦੇ ਹਨ ਇਹ ਢੌਂਗ, ਨਹੀਂ ਤਾਂ ਉਹਨਾਂ ਸਾਧਨਾ ਤੇ ਧਿਆਨ ਦੇਵੋ, ਇਹ ਜਾਤ ਪਾਤ ਦੀ ਕੰਡਿਆਂ ਦੀ ਵਾੜ ਨੂੰ ਖਤਮ ਕਰੋ ਅ ਤੇ ਅਸਲੀਅਤ ਵੱਲ ਚਲਣ ਦੀ ਕੋਸ਼ਿਸ਼ ਕਰੋ। ਹਰ ਇਨਸਾਨ ਨੂੰ ਚਾਹੀਦਾ ਹੈ ਸਭ ਦਾ ਭਲਾ ਅਤੇ ਸਭ ਨਾਲ ਪਿਆਰ ਕਰਨਾ। ਉਹ ਜ਼ਿੰਦਗੀ ਹੀ ਕੀ ਹੈ ਜਿਸ ਵਿਚ ਪਰਉਪਕਾਰ ਨਾ ਹੋਵੇ ਅਤੇ ਪ੍ਰਮਾਤਮਾ ਦਾ ਅਸ਼ੀਰਵਾਦ ਨਾ ਹੋਵੇ

### ਖਾਕ ਵਿਚ ਮਿਲ ਜਾਣਗੇ ਜਾਤਾਂ ਦੇ ਜੋ ਮਗਰੂਰ ਨੇ

ਖ਼ੂਨ ਦਾ ਰੰਗ ਇਕ ਹੈ, ਜਦ ਇਕੋ ਹੀ ਹੈ ਆਬੋ ਹਵਾ
ਕਿਉਂ ਕਿਸੇ ਇਨਸਾਨ ਨੂੰ ਇਨਸਾਨ ਤੋਂ ਕੀਤਾ ਜੁਦਾ
ਇਹ ਵਤੀਰਾ ਪਸ਼ੂਆਂ ਜਿਹਾ ਸਦੀਆਂ ਤੋਂ ਚਲਿਆ ਆ ਰਿਹਾ
ਸਭ ਦੇ ਰਸਤੇ ਕਿਉਂ ਵਖਰੇ ਜਦ ਹੈ ਮੰਜ਼ਲ ਇ ਕ ਖੁਦਾ
ਇ ਕ ਖੁਦਾ ਦੇ ਨਾਮ ਤੇ ਵੰਡਾਂ ਪਾਵਣ ਵਾਲਿਉ
ਰਾਤ ਦਿਨ ਸੰਸਾਰ ਵਿਚ ਅੱਗਾਂ ਲਗਾਵਣ ਵਾਲਿਉ
ਕਤਲ ਮਾਨਵਤਾਂ ਨੂੰ ਕਰਕੇ ਜ਼ੁਲਮ ਢਾਵਣ ਵਾਲਿਉ
ਆਪਣੇ ਮਤਲਬ ਵਾਸਤੇ ਲੁਟਾਂ ਮਚਾਵਣ ਵਾਲਿਉ
ਇਹ ਤੁਹਾਡੀ ਚਾਲ ਹੈ ਸਦੀਆਂ ਤੋਂ ਚਲਦੀ ਆ ਰਹੀ
ਸਾਰੇ ਇਨਸਾਨਾਂ ਦੇ ਵਿਚ ਨਫਰਤ ਹੈ ਪਲਦੀ ਆ ਰਹੀ
ਜੋਤ ਹਰ ਦਿਲ 'ਚ ਹੈ ਇਕੋ ਹੀ ਜਲਦੀ ਆ ਰਹੀ
ਭਾਵਨਾ ਫਿਰ ਵੈਰ ਦੀ ਕਿਉਂ ਸਭ ਨੂੰ ਛਲਦੀ ਆ ਰਹੀ
ਲਾਹ ਦਿਉ ਪੜਦਾ ਮਨਾਂ ਤੋਂ ਅੱਜ ਇਹ ਗਲਬਾ ਲਾਹ ਦਿਉ
ਛੋਟੀ ਵੱਡੀ ਜਾਤੀਆਂ ਦੀਆਂ ਸਭ ਦੀਵਾਰਾਂ ਢਾਹ ਦਿਉ
ਕੁਝ ਨਹੀਂ ਇਜ਼ਤ ਤੋਂ ਵਧਕੇ ਇਹ ਸਭ ਨੂੰ ਸਮਝਾ ਦਿਉ
ਹਰ ਕੋਈ ਇਨਸਾਨ ਹੈ ਨਾਅਰਾ ਇਹੋ ਹੁਣ ਲਾ ਦਿਉ

ਗੁਰਦਿਆਲ ਸਿੰਘ ਭਟੋਆ
ਪ੍ਰਿੰਸਜੌਰਜ

## ਮੂੰਹ ਆਈ ਬਾਤ ਨਾ ਰਹਿੰਦੀ ਹੈ

"ਫੱਕਰ"

ਆਸ਼ਕ ਹਾਲੇ ਵੀ ਹੁੰਦੇ ਹਨ !
—ਪਰ ਉਹ ਨੰਗੇ ਹੋ ਕੇ ਨਹੀਂ ਨੱਚਦੇ।

ਜਾਨ ਨਾਲੋਂ ਮਾਲ ਪਿਆਰਾ
—ਸੱਚ ਦਾ ਰੰਗ ਨਿਆਰਾ !

ਨਿਰੰਕਾਰੀ ਕਤਲ ਕਾਂਗਰਸੀ ਵਜ਼ੀਰ ਨੇ ਕਰਵਾਇਆ
—ਹੋ ਸਕਦੈ ਕਿਸੇ 'ਕਾਂਗਰਸੀ ਸੰਤ' ਦਾ ਵੀ ਹੱਥ ਹੋਵੇ !

ਦੁੱਖ ਦੀ ਗੱਲ
—ਕਿ ਹੁਣ ਸਾਨੂੰ ਪੈਂਤੜਾ ਬਦਲਣਾ ਪੈ ਰਿਹਾ ਹੈ !

ਇਹ ਧਰਤੀ ਦੇਸ਼ ਪੰਜਾਬ ਦੀ
—ਇਹ ਭੰਨਦੀ ਧੌਣ 'ਨਵਾਬ' ਦੀ

"ਜਿਹੜੇ ਲੀਡਰ ਜਾਂ ਅਕਾਲੀ ਮੈਂਬਰ ਇਹ ਸੋਚਦੇ ਹਨ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਰਜ਼ਾਮੰਦੀ ਤੋਂ ਬਗੈਰ ਹਿੰਦ ਸਰਕਾਰ ਨਾਲ ਕੋਈ ਸਮਝੌਤਾ ਜਾਂ ਲੈਣ ਦੇਣ ਕਰ ਲੈਣਗੇ, ਉਹ ਬੇਵਕੂਫ ਹਨ।"

—ਭਿੰਡਰਾਂਵਾਲਾ

—ਭਲਾ ਸੰਤ ਜੀ ਮਹਾਰਾਜ ਹਿੰਦ ਸਰਕਾਰ ਤੁਹਾਨੂੰ ਨਾਰਾਜ਼ ਕਿਵੇਂ ਕਰ ਸਕਦੀ ਹੈ ? ਨਹੀਂ ਤਾਂ 'ਇਕ ਗਿਆਨੀ ਸਤਖਾਲਿਸਤਾਨੀ' ਵਾਲਾ ਕਿੱਸਾ ਹੀ ਝੂਠਾ ਹੋ ਜਾਵੇਗਾ ! ਤੁਹਾਡੇ ਤੇ ਤਾਂ ਗਿਆਨੀ ਦੀ ਪਹਿਲਾਂ ਹੀ ਫੁੱਲ ਕਿਰਪਾ ਹੈ।

ਜਵਾਈ ਨੂੰ ਜ਼ਹਿਰ ਦੇਕੇ ਮਾਰ ਦਿਤਾ
—ਪੂਰਾ ਮਾਲ ਨਹੀਂ ਤਾਰਿਆ ਹੋਣਾ ?

ਫਾਰੂਕ ਅਬਦੁੱਲਾ
—ਕਸ਼ਮੀਰ ਵਿਚ ਵੀ ਫਿਰਕਾਪ੍ਰਸਤਾਂ ਤੇ ਪਾਬੰਦੀ ਠੋਕ ਦਿਤੀ !

ਥਿਆੜਾ ਜਿਨ੍ਹਾਂ ਨੂੰ ਬਹੁਤ ਜਲਦੀ ਖਾਲਿਤਸਾਨ ਸਰਕਾਰ ਵਿਚ ਉਚ ਪਦਵੀ ਮਿਲਣ ਵਾਲੀ ਹੈ
—ਸ਼ਾਇਦ ਏਸੇ ਕਾਰਨ ਬਾਬਾ ਜੀ ਵੈਨਕੂਵਰ ਦੀਆਂ ਸੰਗਤਾਂ ਨੂੰ ਦਰਸ਼ਨ ਨਹੀਂ ਦਿੰਦੇ !

ਸਿੱਖ ਇਕ ਵਿਲੱਖਣ ਕੌਮ
—ਜੋ ਅਤਿਵਾਦ ਤੇ ਵੱਖਵਾਦ ਵਿਚ ਕਦੇ ਵਿਸ਼ਵਾਸ਼ ਨਹੀਂ ਕਰਦੀ !

## ਮੁਹੱਬਤਨਾਮੇ

ਸੰਪਾਦਕ ਜੀ,

ਦੋ ਕਰ ਜੋੜ ਸਤਿ ਸ੍ਰੀ ਅਕਾਲ ਜੀ।

ਤੁਹਾਨੂੰ ਫੋਨ ਕੀਤਾ ਸੀ ਜੀ। ਤੁਸੀਂ ਮਿਲੇ ਨਹੀਂ।

Restless Soul ਦਾ Review ਹਾਜ਼ਰ ਹੈ ਜੀ। ਇਸਨੂੰ ਆਪਣੇ ਅਗਾਮੀ ਪਰਚੇ ਦੇ ਇਕ ਖੂੰਜੇ ਵਿਚ Book Review ਦੇ ਕਾਲਮ Punjabis Writing Poetry In English ਹੇਠ ਛਾਪ ਲੈਣਾ ਜੀ।

ਹੇ ਮਾਨਵ, ਤੇਰੀ ਪੁਸਤਕ ਦਾ ਤਾਰਾ ਚੜ੍ਹਿਆ ਕਿ ਨਹੀਂ ? ਕੀ ਖੁਦਾਈ ਫੌਜ ਦਾਰ ਸੂਬੇਦਾਰ ਤਾਰਾ ਸਿੰਘ ਕੁਝ ਹਸਰਤ ਕਰ ਰਿਹਾ ਹੈ ਕਿ ਚਟਾਲੇ ਵਿਚ ਖਰਗੋਸ਼ ਬਣਿਆ ਬੈਠਾ ਹੈ।

ਤੇਰਾ
ਰਵਿੰਦਰ ਰਵੀ

ਅਚਾਨਕ ਹੀ ਕਿਸੇ ਸੱਜਣ ਮਿਤਰ ਕੋਲੋਂ ਆਪ ਜੀ ਦਾ ਅਖਬਾਰ ਕੈਨੇਡਾ ਦਰਪਣ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਵਾਲਾ ਅੰਕ ਹੱਥ ਲੱਗਾ। ਉਸ ਅੰਕ ਨੂੰ ਪੜ੍ਹਨ ਤੋਂ ਉਪਰੰਤ ਇਸ ਸਿੱਟੇ ਤੇ ਪੁਜਿਆ ਹਾਂ ਕਿ ਇਹ ਅਖਬਾਰ ਨਵੀਆਂ ਤਾਜ਼ੀਆਂ ਪੰਜਾਬ ਦੀਆਂ ਖਬਰਾਂ ਤੇ ਸਾਹਿਤ ਦੇਣ ਵਿਚ ਬਾਕੀ ਪੰਜਾਬੀ ਅਖਬਾਰਾਂ ਨਾਲੋਂ ਕੋਹਾਂ ਮੀਲ ਅੱਗੇ ਹੈ। ਇਸ ਛੋਟੀ ਜਿਹੀ ਉਮਰ ਵਿਚ ਅਖਬਾਰ ਬਹੁਤ ਹੀ ਸ਼ਲਾਘਾ ਯੋਗ ਹੈ। ਤੁਸੀਂ ਹਿੰਦੁਸਤਾਨ ਤੋਂ ਦੂਰ ਰਹਿ ਕੇ ਵੀ ਆਪਣੀ ਮਾਂ ਬੋਲੀ ਨੂੰ ਜੋ ਉਚਾ ਚੁਕਣ ਦੇ ਜਤਨ ਕਰਦੇ ਹੋ ਮੈਂ ਆਪਜੀ ਦਾ ਦਿਲੋਂ ਧੰਨਵਾਦੀ ਹਾਂ। ਤੁਸੀਂ ਨਿਰਪੱਖ ਤੇ ਨਿਡਰਤਾ ਨਾਲ ਕੰਮ ਕਰੀ ਜਾਵੋ ਸਫਲਤਾ ਤੁਹਾਡੇ ਪੈਰ ਚੁੰਮੇਗੀ। ਮੈਂ ਆਪਜੀ ਦੇ ਅਖਬਾਰ ਲਈ ਸ਼ੁਭ ਕਾਮਨਾਵਾਂ ਦੇ ਨਾਲ ਨਾਲ ਇਕ ਸਾਲ ਦਾ ਚੰਦਾ 15 ਡਾਲਰ ਚੈਕ ਰਾਹੀਂ ਭੇਜ ਰਿਹਾ ਹਾਂ। ਕ੍ਰਿਪਾ ਕਰਕੇ ਮੇਰਾ ਨਾਮ ਦਰਜ ਕਰ ਲੈਣਾ ਤੇ ਅਖਬਾਰ ਸਮੇਂ ਸਿਰ ਭੇਜਦੇ ਰਹਿਣਾ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਮੌਕਾ ਬਖਸ਼ਣਾ। ਅਗਲੇ ਖਤ ਵਿਚ ਕੁਝ ਕਵਿਤਾਵਾਂ ਭੇਜਾਂਗਾ।

ਆਪਜੀ ਦਾ ਪਾਠਕ
ਕਰਮਜੀਤ ਸਿੰਘ 'ਭੱਟੀ'
ਹੁਸਟਨ, ਬੀ. ਸੀ.

ਤੁਹਾਡਾ ਪੇਪਰ ਇਕ ਦੋਸਤ ਦੇ ਘਰ ਪੜ੍ਹਿਆ। ਪੜ੍ਹ ਕੇ ਇਸ ਤਰਾਂ ਲੱਗਾ ਜਿਵੇਂ ਕਿ ਦੇਸ਼ ਹੀ ਬੈਠੇ ਅਖਬਾਰ ਪੜ੍ਹ ਰਹੇ ਹੋਈਏ। ਉਹ ਦਿਨ ਦੂਰ ਨਹੀਂ ਜਦ ਕਿ ਤੁਹਾਡਾ ਅਖਬਾਰ ਰੋਜ਼ਾਨਾ ਅਖਬਾਰਾਂ ਵਾਂਗ ਉਡਕਿਆ ਜਾਇਆ ਕਰੇਗਾ। ਇਕ ਗਜ਼ਲ ਭੇਜ ਰਿਹਾ ਹਾਂ। ਆਪਣੇ ਪੇਪਰ ਵਿਚ ਛਾਪ ਕੇ ਧੰਨਵਾਦੀ ਬਣਾਉਣਾ।

ਆਪਦਾ ਪਾਠਕ
ਸੁਰਿੰਦਰ ਸਿੰਘ ਮਾਹਲ
ਵੈਨਕੂਵਰ

ਦੋਸਤ ਤੇਰੇ ਪੇਪਰ ਮਿਲ ਗਏ ਸਨ। ਐਤਕੀ ਮੈਂ ਹੂਸਟਨ ਜਾਕੇ ਦੇ ਆਇਆ ਹਾਂ ਉਥੇ ਵੀ ਕਾਫੀ ਲੋਕਾਂ ਨੇ ਪਸੰਦ ਕੀਤਾ ਹੈ। ਹੋਰ ਤੇਰਾ ਟੈਗਸ ਆਉਣ ਦਾ ਕਦੋ ਕੁ ਪਰੋਗਰਾਮ ਹੈ। ਆਉਣ ਤੋਂ ਪਹਿਲਾਂ ਫੋਨ ਜਾਂ ਚਿੱਠੀ ਪਾ ਦੇਣੀ। ਬਾਕੀ ਮੈਂ ਕੁਝ ਪਰਵਾਰਾਂ ਦੇ ਐਡਰਸ ਭੇਜ ਰਿਹਾ ਹਾਂ ਤੇ ਇਸ ਦੇ ਨਾਲ ਹੀ ਚਿਕ ਵੀ ਭੇਜ ਰਿਹਾ ਹਾਂ। ਇਨਾਂ ਦੇ ਪੇਪਰ ਸਿੱਧੇ ਭੇਜ ਦੇਵੀਂ। ਇਸ ਵਿਚ 15 ਡਾਲਰ ਮੇਰੇ ਵੀ ਹਨ। ਮੈਨੂੰ ਵੀ ਭੇਜ ਦੇਣਾ।

ਤੇਰਾ ਦੋਸਤ
ਮਨਜੀਤ ਟੈਗਸ

ਤੁਹਾਡਾ ਭੇਜਿਆ ਕਨੇਡਾ ਦਰਪਣ ਅੱਜ ਹੀ ਮਿਲਿਆ। ਸਾਰਾ ਪੜ੍ਹਕੇ ਸਾਹ ਲਿਆ। ਜਿਸ ਦਿਨ ਪਹਿਲਾ ਅੰਕ ਪੜ੍ਹਿਆ ਸੀ ਸੋਚਿਆ ਤਾਂ ਉਸੇ ਦਿਨ ਹੀ ਸੀ ਕਿ ਸ਼ਾਇਦ ਇਹ ਪੇਪਰ ਹੀ ਕਨੇਡਾ ਵਿਚਲੀ ਪੰਜਾਬੀ ਪਤਰਕਾਰੀ ਦਾ ਕੁਝ ਮੂੰਹ ਮਹਾਂਦਰਾ ਸੁਆਰੇ ਸੋ ਹੁਣ ਤਕ 'ਕਨੇਡਾ ਦਰਪਣ' ਨੇ ਆਪਣੀ ਨਵੇਕਲੀ ਥਾਂ ਬਣਾ ਲਈ ਹੈ। ਦਿਨੋ ਦਿਨ ਨਿਖਰ ਕੇ ਸਾਹਮਣੇ ਆਉਣ ਦੀ ਆਸ ਹੈ। ਉਮੀਦ ਕਰਦਾ ਹਾਂ ਤੁਹਾਡੇ ਸੁਚੱਜੇ ਹੱਥਾਂ 'ਚ ਇਹ ਪੇਪਰ ਫਿਰਕਾਪਰਸਤ ਜਜਬਾਤੀ ਪਤਰਕਾਰੀ ਮੋਂ ਉਪਰ ਉਠ ਕੇ ਸੁਚੇ ਕੰਵਲ ਵਾਂਗ ਕਨੇਡਾ ਵਿਚਲੇ ਪੰਜਾਬੀ ਵੀਰਾਂ ਨੂੰ ਆਪਣੀ ਸੁਗੰਧ ਵੰਡਦਾ ਰਹੇਗਾ। ਇਹ ਵੀ ਆਸ ਹੈ ਕਿ ਆਉਂਦੇ ਸਮੇਂ 'ਚ ਤੁਸੀਂ ਇਸ ਤੋਂ ਵੀ ਵੱਧ ਆਪਣੇ ਪੇਪਰ 'ਚ ਪਾਏਦਾਰ ਲੇਖਕਾਂ ਦੀਆਂ ਨਿਗਰ ਰਚਨਾਵਾਂ ਨੂੰ ਥਾਂ ਦੇਵੋਗੇ। ਹਲਕੀਆਂ ਫੁਲਕੀਆਂ ਰਚਨਾਵਾਂ ਛਾਪਣ ਵਾਲੇ ਪੇਪਰਾਂ ਦਾ ਇਥੇ ਘਾਟਾ ਨਹੀਂ। ਹਾਂ ਇਕ ਧਿਆਨ ਯੋਗ ਗੱਲ। ਅਜੇ ਕਿਤੇ ਕਿਤੇ ਪ੍ਰਿੰਟ ਦੀਆਂ ਗਲਤੀਆਂ ਰਹਿੰਦੀਆਂ ਹਨ ਉਮੀਦ ਹੈ ਤੁਸੀਂ ਛੇਤੀ ਇਹਨਾਂ ਨੂੰ ਸੁਧਾਰ ਲਵੋਗੇ। ਇਸ ਤਰਾਂ ਪੜ੍ਹਦੇ ਪੜ੍ਹਦਿਆਂ ਦੀ ਰਵਾਨਗੀ ਟੁਟ ਜਾਂਦੀ ਹੈ। ਤੇ ਸੁਆਦ ਕਿਰਕਿਰਾ ਹੋ ਜਾਂਦਾ ਹੈ। ਇਸ ਦੇ ਨਾਲ ਹੀ 'ਕੈਨੇਡਾ ਦਰਪਣ' ਲਈ ਇਕ ਸਾਲ ਦਾ ਚੰਦਾ ਭੇਜ ਰਿਹਾ ਹਾਂ।

ਨਰੋਏ ਸਾਹਿਤ ਦਾ ਇਛੁਕ
ਹਰਬਿੰਦਰ ਗਿੱਲ
ਮਟਸਕੂਈ (ਕੈਨੇਡਾ)

## ਆਚਾਰੀਆ ਰਜਨੀਸ਼ ਅਮਰੀਕਾ 'ਚ ਹੀ ਰਹਿਣ ਲਈ ਲੜਾਈ ਜਾਰੀ ਰੱਖੇਗਾ......

ਵਾਸ਼ਿੰਗਟਨ —ਭਾਵੇਂ ਕਿ ਅਮਰੀਕਾ ਵਿਚ ਸਥਾਈ ਤੌਰ ਤੇ ਰਹਿਣ ਲਈ ਭਗਵਾਨ ਰਜਨੀਸ਼ ਅਮਰੀਕੀ ਪਰਵਾਸੀ ਅਧਿਕਾਰੀਆਂ ਨਾਲ ਆਪਣੀ ਪਹਿਲੀ ਲੜਾਈ ਹਾਰ ਚੁੱਕਾ ਹੈ, ਪਰ ਮਾਹਰਾਂ ਦੀ ਰਾਏ ਹੈ ਕਿ ਲੜੀ ਜਾ ਰਹੀ ਇਹ ਲੜਾਈ ਅਨਿਸਚਿਤ ਸਮੇਂ ਲਈ ਜਾਰੀ ਰਹੇਗੀ।

ਜੇਕਰ ਕੌਂਸਲਰ ਅਧਿਕਾਰੀ ਕਿਸੇ ਵਿਅਕਤੀ ਦੀ ਅਰਜ਼ੀ ਰੱਦ ਕਰ ਦੇਣ ਤਾਂ ਕਿਸੇ ਵਿਅਕਤੀ ਲਈ ਅਮਰੀਕਾ ਵਿਚ ਦਾਖਲਾ ਲੈਣਾ ਬਹੁਤ ਮੁਸ਼ਕਲ ਹੁੰਦਾ ਹੈ ਪਰ ਜੇਕਰ ਅਰਜ਼ੀ ਇਕ ਵਾਰ ਸਵੀਕਾਰ ਕਰ ਲਈ ਜਾਵੇਹੈ ਤਾਂ ਉਸਨੂੰ ਕੱਢਣਾ ਮੁਸ਼ਕਲ ਹੋ ਜਾਂਦ ਹੈ।

ਅਮਰੀਕਾ ਵਿਚ ਭਗਵਾਨ ਰਜਨੀਸ਼ ਦੀ ਸਖਸ਼ੀਅਤ ਦਾ ਬਹੁਤ ਬੁਰਾ ਪ੍ਰਭਾਵ ਹੈ। ਅਨਰੇਲਜੋਜ ਜਿਸ ਸ਼ਹਿਰ ਵਿਚ ਉਹ ਰਹਿੰਦਾ ਹੈ ਦੇ ਲੋਕ ਉਸਦੇ ਬਹੁਤ ਖਿਲਾਫ ਹਨ। ਉਸਦੇ ਆਪਣੇ ਹੀ ਭਾਸ਼ਣਾਂ ਕਾਰਨ ਉਸਨੂੰ 'ਸੈਕਸ ਗੁਰੂ' ਕਿਹਾ ਜਾਂਦਾ ਹੈ।

ਰਜ਼ਨੀਸ਼ ਜੋ ਕਿ ਇਕ ਅਰਬ ਸ਼ੇਖ ਦੀ ਤਰਾਂ ਰਹਿੰਦਾ ਹੈ ਨੂੰ ਅਮਰੀਕੀ ਇਕ 'ਧਾਰਮਿਕ ਅਧਿਆਪਕ' ਜਾਂ ਇਕ 'ਗੁਰੂ' ਵਜੋਂ ਕਿਸੇ ਨੂੰ ਗੰਭੀਰਤਾ ਨਾਲ ਨਹੀਂ ਲਿਆ।

## ਪੰਜਾਬ ਦੇ 3 ਮੰਤਰੀਆਂ ਉਤੇ ਵਾਰਤਾ ਨੂੰ ਤਾਰਪੀਡੋ ਕਰਨ ਦੇ ਯਤਨਾਂ ਦਾ ਦੋਸ਼

ਫਗਵਾੜਾ — ਅਕਾਲੀ ਆਗੂ ਤੇ ਸਾਬਕ ਮੰਤਰੀ ਸ੍ਰੀ ਆਤਮਾ ਸਿੰਘ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਤਿੰਨ ਮੰਤਰੀ ਅਜਿਹੇ ਹਨ ਜੋ ਹਰ ਵਾਰ ਦਲ ਅਤੇ ਕੇਂਦਰ ਵਿਚਕਾਰ ਗਲਬਾਤ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਭੜਕਾਊ ਬਿਆਨ ਦੇਣੇ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਗਲਬਾਤ ਨੂੰ ਤਾਰਪੀਡੋ ਕੀਤਾ ਜਾ ਸਕੇ।

ਇਹ ਤਿੰਨ ਮੰਤਰੀ ਮੁਖ ਮੰਤਰੀ ਦੇ ਕਾਫੀ ਨਜ਼ਦੀਕੀ ਹਨ। ਸ੍ਰੀ ਆਤਮਾ ਸਿੰਘ ਨੇ ਇਹਨਾ ਖਬਰਾਂ ਦਾ ਖੰਡਨ ਕੀਤਾ ਕਿ ਗੁਰੂ ਨਾਨਕ ਨਿਵਾਸ ਵਿਚ ਬੰਬ ਬਣਦੇ ਹਨ ਜਾਂ ਉਹ ਖਾਲਿਸਤਾਨੀਆਂ ਦਾ ਅੱਡਾ ਹੈ। ਉਹਨਾਂ ਕਿਹਾ ਅਕਾਲੀ ਦਅ ਅੱਗੇ ਹੀ ਸਪੱਸ਼ਟ ਕਰ ਚੁੱਕਾ ਹੈ ਕਿ ਉਸਦਾ ਖਾਲਿਸਤਾਨ ਨਾਲ ਕੋਈ ਸਬੰਧ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾ ਨੂੰ ਜਿਪਸਮ ਮਿਲੀ ਖਾਦ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਕਿਸਾਨਾਂ ਵਲੋਂ ਇਸਦੇ ਤਿੰਨ ਸੈਂਪਲ ਭਰਵਾਏ ਗਏ ਸਨ, ਇਹਨਾਂ ਵਿਚ ਇਕ ਸੈਂਪਲ ਪਾਸ ਹੋਇਆ ਜਦੋਂ ਕਿ ਬਾਕੀ ਦੇ ਦੋ ਫੁਲ੍ਹ ਹੋਏ। ਇਥੇ ਇਹ ਵਰਨਣ ਯੋਗ ਹੈ ਕਿ ਪਾਸ ਹੋਣ ਵਾਲੇ ਸੈਂਪਲ ਦਾ ਨਿਰੀਖਣ ਪੰਜਾਬ ਵਿਚ ਲੁਧਿਆਣੇ ਵਿਚ ਕੀਤਾ ਗਿਆ ਸੀ ਦੂਸਰੇ ਦੋਵੇਂ ਸੈਂਪਲ ਪੰਜਾਬ ਤੋਂ ਬਾਹਰ ਭੇਜੇ ਗਏ ਸਨ। ਸ੍ਰੀ ਆਤਮਾ ਸਿੰਘ ਨੇ ਇਸ ਮਾਮਲੇ ਬਾਰੇ ਉਹਨਾਂ ਨੇ ਪੰਜਾਬ ਦੇ ਮੁਖ ਮੰਤਰੀ ਸ੍ਰੀ ਦਰਬਾਰ ਸਿੰਘ ਨੂੰ ਲਿਖਿਆ ਹੈ ਕਿ ਇਸਦੀ ਜਾਂਚ ਕਰਾਈ ਜਾਵੇ ਇਹ ਇਕ ਬਹੁਤ ਵੱਡਾ ਸਕੈਂਡਲ ਹੈ।

## ਸੰਤ ਅਕਾਲੀ ਦਲ ਵੀ ਦਿੱਲੀ ਚੋਣਾਂ ਵਿਚ ਇੰਕਾ ਦੀ ਹਮਾਇਤ ਕਰੇਗਾ ?

ਲੁਧਿਆਣਾ —ਦਿੱਲੀ ਵਿਚ ਮਿਉਂਸਪਲ ਕਾਰਪੋਰੇਸ਼ਨ ਅਤੇ ਮੈਟਰੋਪੋਲੀਟਨ ਕੌਂਸਲ ਲਈ 5 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਵਿਚ ਸਤੰ ਅਕਾਲੀ ਦਲ ਵਲੋਂ ਵੀ ਕਾਂਗਰਸ(ਈ) ਦੇ ਪੱਖ ਵਿਚ ਵੋਟਾਂ ਪਾਈਆ ਜਾਣਗੀਆਂ। ਇਹ ਦਾਅਵਾ ਕਾਂਗਰਸ ਦੇ ਉਘੇ ਸੂਤਰਾਂ ਵਲੋਂ ਕੀਤਾ ਜਾ ਰਿਹਾ ਹੈ। ਜਿਸ ਦੇ ਪ੍ਰਤੀ ਉਹਨਾਂ ਦਾ ਕਹਿਣਾ ਹੈ ਕਿ ਇਸ ਵੇਲੇ ਭਾਵੇਂ ਉਹਨਾਂ ਦੀ (ਅਕਾਲੀ ਦਲ) ਗਲਬਾਤ ਅਤੇ ਝੁਕਾਅ ਹੋਰ ਮੁਹਾਜ਼ਾਂ ਵੱਲ ਹੈ ਪਰ ਅੰਤਮ ਫੈਸਲਾ ਇੰਕਾ ਦੇ ਹੱਕ ਵਿਚ ਹੀ ਹੋਵੇਗਾ। ਜਿਸਦੇ ਸਬੰਧ ਵਿਚ ਕਾਂਗਰਸ (ਈ) ਅਤੇ ਅਕਾਲੀ ਦਲ ਦੇ ਉਚ ਆਗੂਆਂ ਵਿਚਾਲੇ ਅੰਦਰੂਨੀ ਗਲਬਾਤ ਚਲ ਰਹੀ ਹੈ। ਅਕਾਲੀ ਸੂਤਰਾਂ ਵਲੋਂ ਕੀ ਪੁਸ਼ਟੀ ਤਾਂ ਕੀਤੀ ਜਾਂਦੀ ਹੈ ਪਰ ਉਹ ਅਜੇ ਸਪੱਸ਼ਟ ਨਹੀਂ ਹੈ ਕਿਉਂਕਿ ਅਕਾਲੀ ਦਲ ਦਾ ਇਕ ਵੱਡਾ ਹਿਸਾ ਜੋ ਕਿ ਕਿਸੇ ਵੀ ਸੂਰਤ ਵਿਚ ਕਾਂਗਰਸ(ਈ) ਦੇ ਪੱਖ ਵਿਚ ਵੋਟਾਂ ਪਾਉਣ ਦੂ ਹੱਕ ਵਿਚ ਨਹੀਂ ਹੈ ਉਹਨਾਂ ਦੀ ਦਲੀਲ ਹੈ ਕਿ ਇਕ ਪਾਸੇ ਤਾਂ ਸਾਡਾ ਕਾਂਗਰਸ ਦੇ ਵਿਰੁਧ ਅੰਮ੍ਰਿਤਸਰ ਵਿਚ ਮੋਰਚਾ ਚਲ ਰਿਹਾ ਹੈ ਅਤੇ ਦੂਸਰੇ ਪਾਸੇ ਅਸੀਂ ਉਸਨੂੰ ਹੀ ਸਤਾ ਵਿਚ ਲਿਆਉਣ ਲਈ ਸਾਥ ਦੇਈਏ। ਇਹ ਕਦੇ ਵੀ ਸੰਭਵ ਨਹੀਂ ਹੋ ਸਕਦਾ।

ਅਕਾਲੀ ਉਚ ਕਮਾਨ ਅਖੀਰ ਆਪਣਾ ਕੀ ਨਿਰਨਾ ਕੀ ਲੈਂਦਾ ਹੈ ਇਹ ਤਾਂ ਭਵਿਖ ਤੇ ਹੀ ਨਿਰਭਰ ਹੈ।

## 'ਕਬੂਤਰ' ਵਿਚਾਰਾ ਕੀ ਕਰੇ

ਨਵੀਂ ਦਿੱਲੀ —'ਚਿੱਠੀ ਮੇਰੇ ਢੋਲ ਨੂੰ ਪਹੁੰਚਾਈ ਵੇ ਕਬੂਤਰਾ' ਪਰ ਕਬੂਤਰ (ਡਾਕ-ਤਾਰ ਵਿਭਾਗ) ਵਿਚਾਰਾ ਕੀ ਕਰੇ ਉਸਨੂੰ 15 ਪੈਸੇ ਦਾ ਪੋਸਟ ਕਾਰਡ ਵੰਡਣ ਵਿਚ 43 ਪੈਸੇ ਦਾ ਘਾਟਾ ਪੈਂਦਾ ਹੈ। ਵਿਭਾਗ ਨੇ ਹਿਸਾਬ ਲਾਇਆ ਕਿ ਕਾਰਡ ਦੀ ਛਪਾਈ ਤੇ ਚਾਰ ਪੈਸੇ, ਚਿੱਠੀਆਂ ਛਾਂਟਣ ਤੇ 42 ਪੈਸੇ ਅਤੇ ਘਰ ਘਰ ਵੰਡਣ ਤੇ 12 ਪੈਸੇ ਖਰਚ ਆਉਂਦਾ ਹੈ।

## ਫਿਰਕੂ ਜਥੇਬੰਦੀਆਂ 'ਤੇ ਪਾਬੰਦੀ ਲਈ ਬਿੱਲ ਅਸੰਬਲੀ 'ਚ ਲਿਆਂਦਾ ਜਾਏਗਾ—ਫਾਰੂਕ

ਜਮੂੰ —ਅਗਲੇ ਮਹੀਨੇ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਸਮਾਗਮ ਵਿਚ ਜੰਮੂ ਕਸ਼ਮੀਰ ਸਰਕਾਰ ਫਿਰਕੂ ਅਤੇ ਵਖਵਾਦੀ ਜਥੇਬੰਦੀਆਂ ਉਤੇ ਪਾਬੰਦੀ ਲਾਉਣ ਲਈ ਇਕ ਬਿੱਲ ਲਿਆਏਗੀ। ਪਹਿਲਾਂ ਸਰਕਾਰ ਦਾ ਇਰਾਦਾ ਸੀ ਕਿ ਇਸ ਸੰਬਧੀ ਆਰਡੀਨੈਂਸ ਜਾਰੀ ਕਰ ਦਿਤਾ ਜਾਵੇ। ਇਹ ਗੱਲ ਮੁਖ ਮੰਤਰੀ ਸ੍ਰੀ ਫਾਰੂਕ ਅਬਦੁਲਾ ਨੇ ਦੱਸੀ।

ਜਿਨ੍ਹਾਂ ਜਥੇਬੰਦੀਆਂ ਉਤੇ ਪਾਬੰਦੀ ਲਾਉਣ ਦੀ ਤਜਵੀਜ ਹੈ ਉਹਨਾਂ ਵਿਚ ਜਮਾਇਤੇ-ਇਸਲਾਮੀ, ਜਾਇਤੇ-ਤੁਲਬਾ. ਆਰ. ਐਸ. ਐਸ. ਕਸ਼ਮੀਰ ਲਿਬਰੇਸ਼ਨ ਫਰੰਟ ਅਤੇ ਪੀਪਲਜ਼ ਲੀਗ ਸ਼ਾਮਲ ਹਨ।

ਸਰਕਾਰ ਦੇ ਨੇੜੇ ਦੇ ਸੂਤਰਾਂ ਤੋਂ ਪ੍ਰਾਪਤ ਖਬਰਾਂ ਤੋਂ ਅਨੁਸਾਰ ਮੁਖ ਮੰਤਰੀ ਸਮਝਦੇ ਹਨ ਕਿ ਜਦੋਂ ਅਗਲੇ ਮਹੀਨੇ ਵਿਧਾਨ ਸਭਾ ਦਾ ਬਜਟ ਸਮਾਗਮ ਸ਼ੁਰੂ ਹੀ ਹੋਣ ਵਾਲਾ ਹੈ ਤਾਂ ਕਾਨੂੰਨ ਮੰਤਰਾਲੇ ਵਲੋਂ ਪਿਛਲੇ ਮਹੀਨਿਆਂ ਤੋਂ ਤਿਆਰ ਕੀਤਾ ਜਾ ਰਿਹਾ ਆਰਡੀਨੈਂਸ ਹੁਣੇ ਜਾਰੀ ਕਰਨ ਦੀ ਲੋੜ ਨਹੀਂ ਹੈ। ਇਸ ਸਮਾਗਮ ਵਿਚ ਸਟੇਟ ਐਂਟੀ ਕੁਰਪਸ਼ਨ ਕਾਨੂੰਨ ਵਿਚ ਸੋਧ ਕਰਨ ਲਈ ਵੀ ਇਕ ਬਿੱਲ ਲਿਆਂਦਾ ਜਾ ਰਿਹਾ ਹੈ ਇਸ ਕਾਨੂੰਨ ਵਿਚ ਸਾਬਕ ਤੇ ਮੌਜੂਦਾ ਮੰਤਰੀਆਂ, ਵਿਧਾਇਕਾਂ, ਪੁਲਸੀਆਂ ਤੇ ਸਰਕਾਰੀ ਮੁਲਾਜ਼ਮਾਂ ਵਿਰੁਧ ਜਾਂਚ ਪੜਤਾਲ ਕਰਨ ਦੀ ਵਿਵਸਥਾ ਵੀ ਕੀਤੀ ਜਾਵੇਗੀ।

## ਸਾ: ਦਾਨਾ ਰਾਮ ਦੀ ਮੌਤ ਤੇ ਮੰਤਰੀਆਂ ਵਲੋਂ ਸ਼ੋਕ ਸੁਨੇਹਾ

ਚੰਡੀਗੜ੍ਹ :—ਪੰਜਾਬ ਦੇ ਚਾਰ ਮੰਤਰੀਆਂ ਵਿਕਾਸ ਮੰਤਰੀ ਸੰਤੋਖ ਸਿੰਘ ਰੰਧਾਵਾ, ਪਬਲਿਕ ਵਰਕਸ ਮੰਤਰੀ ਬੇਅੰਤ ਸਿੰਘ, ਸਿਹਤ ਤੇ ਲੋਕ ਸੰਪਰਕ ਮੰਤਰੀ ਜੋਗਿੰਦਰਪਾਲ ਪਾਂਡੇ ਅਤੇ ਡਿਪਟੀ ਵਿਕਾਸ ਮੰਤਰੀ ਉਜਾਗਰ ਸਿੰਘ ਨੇ ਸਾਬਕ ਵਿਧਾਇਕ ਦਾਨਾ ਰਾਮ ਦੀ ਅਚਾਨਕ ਮੌਤ ਉਤੇ ਸਾਂਝੇ ਤੌਰ ਤੇ ਸ਼ੋਕ ਪ੍ਰਗਟ ਕੀਤਾ ਹੈ।

ਉਹਨਾ ਸਾਥੀ ਦਾਨਾ ਰਾਮ ਦੇ ਦੁਖੀ ਪਰਵਾਰ ਨੂੰ ਦਿਲੀ ਹਮਦਰਦੀ ਵੀ ਭੇਜੀ ਹੈ।

## ਆਰਾ ਮਿਲਾਂ ਵਿਚ ਆਟੋਮਿਸ਼ਨ ਕਾਰਨ 3300 ਕਾਮਿਆਂ ਨੂੰ ਨੁਕਸਾਨ—ਆਈ. ਡਬਲਯੂ. ਏ.

## ਜ਼ਰੂਰੀ ਸੂਚਨਾ

## ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਅਮਰੀਕ ਸਿੰਘ ਜ਼ਖਮੀ, ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ

ਭਾਈ ਸਾਹਿਬ ਅਮਰੀਕ ਸਿੰਘ ਜ਼ਖਮੀ ਸਪੁਤਰ ਭਾਈ ਸਾਹਿਬ ਧਰਮ ਸਿੰਘ ਜ਼ਖਮੀ ਜਿਨ੍ਹਾਂ ਨੂੰ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ, ਸਰੀ ਵਾਲਿਆ ਸਪੌਂਸਰ ਕੀਤਾ ਹੋਇਆ ਹੈ। ਕਾਫੀ ਸਮੇਂ ਤੋਂ ਵੈਨਕੂਵਰ ਅਤੇ ਬੀ. ਸੀ. ਦੀਆਂ ਸੰਗਤਾਂ ਨੂੰ ਕੀਰਤਨ ਅਤੇ ਗੁਰਮਤਿ ਵੀਚਾਰਾਂ ਦੁਆਰਾ ਨਿਹਾਲ ਕਰ ਰਹੇ ਹਨ। ਅੱਜ ਕੱਲ੍ਹ ਐਡਮਿੰਟਨ ਗਏ ਹੋਏ ਹਨ। ਅਤੇ 7 ਫਰਵਰੀ ਸੋਮਵਾਰ ਨੂੰ ਵਾਪਸ ਆਕੇ ਫਿਰ ਲਗਾਤਾਰ ਗੁ: ਗੁ: ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵਿਖੇ ਕੀਰਤਨ ਕਰਨਗੇ।

ਹੋਰ ਜਾਣਕਾਰੀ ਲਈ ਇਸ ਫੋਨ 594-4836 ਤੇ ਸੰਪਰਕ ਕਰੋ ਜੀ।

## ਗੁਰੂ ਨਾਨਕ ਸਿੱਖ ਗੁਰਦੁਆਰਾ, ਡੈਲਟਾ-ਸਰੀ, ਬੀ. ਸੀ. ਕੈਨੇਡਾ

ਸ਼੍ਰੀਮਾਨ ਸੰਪਾਦਕ ਜੀ,

ਸਤਿ ਸ੍ਰੀ ਅਕਾਲ।

ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਆਪਣੇ ਪਰਚੇ 'ਕੈਨੇਡਾ ਦਰਪਣ' ਰਾਹੀਂ ਅਸੀਂ ਸਮੂਹ ਸੰਗਤਾਂ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਕੁਝ ਅਖਬਾਰਾਂ ਵਲੋਂ ਇਹ ਪਰਚਾਰ ਕੀਤਾ ਜਾ ਰਿਹਾ ਹੈ ਕਿ ਭਾਈ ਮਹਿੰਦਰਪਾਲ ਸਿੰਘ ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਸਰੀ ਨਾਲ ਸੰਬੰਧਤ ਹਨ। ਅਸੀਂ ਇਹੋ ਜਿਹੇ ਦੂਸ਼ਨਾਂ ਦੀ ਸਖਤ ਨਿਖੇਧੀ ਕਰਦੇ ਹਾਂ ਅਤੇ ਸਰਬੱਤ ਸੰਗਤਾਂ ਨੂੰ ਦੱਸਣਾ ਲੋੜਦੇ ਹਾਂ ਕਿ ਗੁਰਦੁਆਰਾ ਸਾਹਿਬ ਵਿਚ ਭਾਈ ਕੁਲਦੀਪ ਸਿੰਘ ਪਰਦੇਸੀ ਗ੍ਰੰਥੀ ਦੀ ਸੇਵਾ ਕਰਦੇ ਹਨ।

## ਗੁਰਦੁਆਰਾ ਸਾਹਿਬ ਸਰੀ-ਡੈਲਟਾ ਦਾ ਪਰੋਗਰਾਮ

28/1/83—ਸ਼ੁਕਰਵਾਰ—ਸਰਬੱਤ ਸੰਗਤ ਵਲੋਂ ਗੁਰੂ ਘਰ ਦੇ ਪੰਜਾਬੀ ਸਕੂਲ ਦੀ ਕਾਮਯਾਬੀ ਦੀ ਖੁਸ਼ੀ ਵਿਚ ਆਰੰਭ ਅਖੰਡ ਪਾਠ।

28/1/83 — ਸ਼ਾਮ ਨੂੰ ਪੂਰਨਮਾਸ਼ੀ ਮਨਾਈ ਜਾਵੇਗੀ। ਜਥਾ ਭਾਈ ਦਲੀਪ ਸਿੰਘ ਦੀਵਾਨਾ ਸਾਢੇ ਛੇ ਤੋਂ ਸਾਢੇ ਅੱਠ ਤਕ ਕੀਰਤਨ ਦੀਵਾਨ ਅਤੇ ਭੋਗ ਵਰਤੇਗਾ।

29/1/83 — ਦੀਵਾਨ ਨੌ ਵਜੇ ਤੋਂ ਸਾਢੇ ਗਿਆਰਾਂ। ਲੰਗਰ ਅਤੁੱਟ ਵਰਤੇਗਾ।

29/1/83 — 12 ਤੋਂ 2 ਵਜੇ ਦਿਨੇ ਮਰਗ ਦੇ ਭੋਗ ਪੈਣਗੇ।

30/1/83 — ਅਖੰਡਪਾਠ ਦੇ ਭੋਗ - ਦੀਵਾਨ ਸਜਣਗੇ - ਭਾਈ ਦਲੀਪ ਸਿੰਘ ਦੀਵਾਨੇ ਦਾ ਜਥਾ ਅਤੇ ਬਾਕੀ ਦੀਵਾਨ ਵਿਚ ਪੰਜਾਬੀ ਸਕੂਲ ਦੇ ਬੱਚੇ ਭਾਗ ਲੈਣਗੇ। ਲੰਗਰ ਅਤੁੱਟ ਵਰਤੇਗਾ। ਹੋਰ ਲੰਗਰ, ਅਖੰਡਪਾਠ ਦੀ ਸੇਵਾ ਵੀ ਬੱਚੇ ਸੰਭਾਲਣਗੇ। ਬੱਚਿਆਂ ਦੀ ਹੌਸਲਾ ਅਫਜਾਈ ਅਖੀਰ ਵਿਚ ਪਰੋਗਰਾਮ ਹੋਵੇਗਾ।

4/2/83 — ਸਰਬੱਤ ਸੰਗਤ ਵਲੋਂ ਅਖੰਡਪਾਠ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿਚ ਆਰੰਭ ਹੋਣਗੇ।

5/2/83 — ਨੌ ਤੋਂ ਸਾਢੇ ਗਿਆਰਾਂ ਦੀਵਾਨ ਸਜਣਗੇ। ਭਾਈ ਸਰਜੀਤ ਸਿੰਘ ਦਾ ਜਥਾ ਕੀਰਤਨ ਕਰੇਗਾ ਅਤੇ ਲੰਗਰ ਵਰਤੇਗਾ।

6/2/83 — ਭੋਗ ਅਖੰਡਪਾਠ ਉਪਰੰਤ ਦੀਵਾਨ ਭਾਈ ਸਰਜੀਤ ਸਿੰਘ ਦਾ ਜਥਾ ਅਤੇ ਹੋਰ ਕਈ ਗੁਣੀ ਗਿਆਨੀ ਭਾਗ ਲੈਣਗੇ। ਲੰਗਰ ਅਤੁੱਟ ਵਰਤੇਗਾ।

11/2/83 — ਸਰਬੱਤ ਸੰਗਤ ਵਲੋਂ ਆਰੰਭ ਆਖੰਡਪਾਠ ਸ਼ਹੀਦ ਬਾਬਾ ਦੀਪ ਸਿੰਘ ਦੀ ਯਾਦ ਵਿਚ। ਲੰਗਰ ਵਰਤੇਗਾ।

12/2/83 — ਨੌਂ ਤੋਂ ਸਾਢੇ ਗਿਆਰਾਂ ਸਵੇਰੇ ਦੀਵਾਨ ਤੇ ਫਿਰ ਲੰਗਰ ਚੱਲੇਗਾ। ਸ਼ਾਮ ਦੇ ਸਾਢੇ ਛੇ ਵਜੇ ਤੋਂ ਸਾਢੇ ਅੱਠ ਵਜੇ ਤਕ ਦੀਵਾਨ ਤੇ ਸੰਗਰਾਂਦ ਫੱਗਣ ਦੀ ਮਨਾਈ ਜਾਵੇਗੀ।

13/2/83 — ਦੀਵਾਨ ਸਜਣਗੇ। ਦੀਵਾਨ ਵਿਚ ਜਥੇ ਤੋਂ ਇਲਾਵਾ ਕਈ ਗੁਣੀ ਗਿਆਨੀ ਹਿਸਾ ਲੈਣਗੇ।

ਸੇਵਾਦਾਰ —

## ਫਲਸਤੀਨੀ ਹੱਕਾਂ ਦੀ ਬਹਾਲੀ ਬਿਨਾਂ ਮਧ ਪੂਰਬ ਵਿਚ ਅਮਨ ਅਸੰਭਵ—ਅਰਾਫਤ



ਭਾਰਤ ਵਿਚ 'ਕੈਨੇਡਾ ਦਰਪਣ' ਦੇ ਵਿਸ਼ੇਸ਼ ਪ੍ਰਤੀਨਿਧ ਮਨਜੀਤ ਸਿੰਘ ਰੱੜ

## ਇਹ ਗੈਰ ਜ਼ਿਮੇਂਵਾਰ ਗੱਲਾਂ

—ਸਤਪਾਲ ਡਾਂਗ—

ਕਾਫੀ ਸਮੇਂ ਤੋਂ ਕੁਝ ਲੋਕ ਨਿਰੰਕਾਰੀਆਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਰਹੇ ਹਨ। ਨਿਰੰਕਾਰੀ ਇਹ ਸਮਝਦੇ ਤੇ ਆਖਦੇ ਹਨ ਕਿ ਇਹ ਕੰਮ ਸਿੱਖ ਅਤਿਵਾਦੀ ਕਰ ਰਹੇ ਹਨ। ਇਸ ਕੰਮ ਲਈ 'ਸੁਖਾਵਾਂ ਮਾਹੌਲ' ਵੀ ਸਿੱਖ ਏਨਤਵਾਦੀਆਂ ਨੇ ਹੀ ਤਿਆਰ ਕੀਤਾ ਸੀ। ਇਨ੍ਹਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਉਚੇਚਾ ਰੋਲ ਹੈ। ਨਿਰੰਕਾਰੀ ਕਾਂਗਰਸ (ਇੰਕਾ ਨੂੰ ਵੀ ਜ਼ਿੰਮੇਂਵਾਰ ਠਹਿਰਾਉਂਦੇ ਹਨ। ਉਹ ਇਸ ਲਈ ਕਿ ਸਰਕਾਰ ਦੋਸ਼ੀਆਂ ਨੂੰ ਫੜਨ ਅਤੇ ਕਤਲ ਕਰਨ ਤੋਂ ਰੋਕਣ 'ਚ ਨਕਾਮ ਰਹੀ ਹੈ। ਇਹ ਇਕ ਹਕੀਕਤ ਹੈ ਅਤੇ ਕਾਂਗਰਸ ਆਈ ਵੀ ਇਸ ਤੀ ਮੁਨਕਰ ਨਹੀਂ ਹੋ ਸਕਦੀ। ਕਾਂਗਰਸ ਦਾ ਇਕ ਹਿਸਾ ਅਤਿਵਾਦੀਆਂ ਨੂੰ ਸ਼ਹਿ ਵੀ ਦਿੰਦਾ ਰਿਹਾ ਹੈ। ਪਰ ਨਿਰੰਕਾਰੀਆਂ ਨੇ ਇਹ ਇਲਜ਼ਾਮ ਕਦੇ ਨਹੀਂ ਲਾਇਆ ਕਿ ਕਾਂਗਰਸ ਆਈ ਦੀ ਸਰਕਾਰ ਆਪ ਨਿਰੰਕਾਰੀਆਂ ਨੂੰ ਕਤਲ ਕਰਾਉਂਦੀ ਆ ਰਹੀ ਹੈ। ਪੰਜਾਬ ਦੇ ਸਧਾਰਨ ਲੋਕ ਵੀ ਇਸ ਤਰਾਂ ਦਾ ਵਿਚਾਰ ਨਹੀਂ ਰਖਦੇ। ਅਕਾਲੀ ਆਗੂ ਆਮ ਤੌਰ ਤੇ ਇਹਨਾਂ ਕਤਲਾਂ ਦੀ ਨਿਖੇਧੀ ਨਹੀਂ ਕਰਦੇ ਰਹੇ ਉਹ ਇਹਨਾ ਅਤੇ ਇਸ ਤਰਾਂ ਦੀਆਂ ਹੋਰ ਹਿੰਸਕ ਘਟਨਾਵਾਂ ਬਾਰੇ ਇਕੋ ਰਾਗ ਅਲਾਪਦੇ ਰਹੇ ਹਨ ਕਿ ਇਹਨਾ ਲਈ ਕਾਂਗਰਸ ਆਈ ਦੀ ਸਰਕਾਰ ਤੇ ਉਸਦੀ ਨੀਤੀ ਜ਼ਿੰਮੇਂਵਾਰ ਹਨ। ਕਾਂਗਰਸ ਦੇ ਕਸੂਰ ਅਤੇ ਜ਼ਿੰਮੇਂਵਾਰੀ ਦੇ ਬਾਵਜੂਦ ਅਕਾਲੀ ਲੀਡਰਾਂ ਦਾ ਇਹ ਰਾਗ ਕਿਸੇ ਤਰਾਂ ਵੀ ਦਰੁਸਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸਦਾ ਮੰਤਵ ਅਤਿਵਾਦੀਆਂ ਦੀ ਜ਼ਿੰਮੇਵਾਰੀ ਨੂੰ ਲੁਕਾਉਣਾ ਹੈ। ਅਸਲ ਗੱਲ ਇਹ ਜਾਪਦੀ ਸੀ ਕਿ ਅਕਾਲੀ ਲੀਡਰ ਇਹ ਸਮਝਦੇ ਸਨ ਕਿ ਅਤਿਵਾਦੀਆਂ ਦੀਆਂ ਅਜਿਹੀਆਂ ਨਿੰਦਣ ਯੋਗ ਕਾਰਵਾਈਆਂ ਹਿੰਦ ਸਰਕਾਰ ਨੂੰ ਅਕਾਲੀਆਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰਨ ਵਿਚ ਸਹਾਈ ਹੋਣਗੀਆਂ। ਅਕਾਲੀ ਲੀਡਰਾਂ ਦੀ ਇਸ ਪਹੁੰਚ ਨਾਲ ਉਕਾ ਹੀ ਸਹਿਮਤੀ ਨਾ ਰਖਦੇ ਹੋਇਆਂ ਪੰਜਾਬ ਦੇ ਸਾਰੇ ਹਿਤੈਸ਼ੀਆਂ ਦੀ ਇਹ ਤੀਬਰ ਖਾਹਿਸ਼ ਰਹੀ ਹੈ ਕਿ ਅਕਾਲੀ ਪਾਰਟੀ ਦੀਆਂ ਮੰਗਾਂ ਸੰਬੰਧੀ ਕੋਂ ਵਾਜਬ ਸਮਝੌਤਾ ਹੋ ਜਾਵੇ ਤਾਂ ਜੋ ਪੰਜਾਬ ਦਾ ਫਿਰਕੂ ਅਮਨ ਕਾਇਮ ਰਹੇ ਅਤੇ ਅਤਿਵਾਦੀਆਂ ਅਤੇ ਹੋਰ ਹਰ ਤਰਾਂ ਦੇ ਫਿਰਕੂਆਂ ਦਾ ਮੁਕਾਬਲਾ ਆਸਾਨ ਹੋ ਜਾਵੇ। ਇਹੋ ਕਾਰਨ ਹੈ ਕਿ ਪੰਜਾਬ ਦੇ ਸਾਰੇ ਹਿਤੈਸ਼ੀਆਂ ਨੇ ਹਿੰਦ ਸਰਕਾਰ - ਅਕਾਲੀ ਗਲਬਾਤ ਮੁੜ ਤੋਂ ਚਾਲੂ ਹੋਣ ਦਾ ਸੁਆਗਤ ਕੀਤਾ ਹੈ। ਇਸ ਪਿਛੋਕੜ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਇਹ ਬਿਆਨ ਕਿ ਗੁਰਦਾਸਪੁਰ ਜ਼ਿਲੇ ਦੇ ਇਕ ਨਿਰੰਕਾਰੀ ਮੁਖੀ ਨੂੰ ਕਾਂਗਰਸ ਆਈ ਮੰਤਰੀ (ਸੰਤੋਖ ਸਿੰਘ ਰੰਧਾਵਾ) ਨੇ ਕਤਲ ਕਰਵਾਇਆ ਹੈ, ਅਤੀ ਅਫਸੋਸਨਾਕ ਅਤੇ ਗੈਰ ਜ਼ਿੰਮੇਂਵਾਰੀ ਦੀ ਗੱਲ ਲਗਦੀ ਹੈ।

ਇਹ ਹਿਕ ਬਹੁਤ ਹੀ ਗੰਭੀਰ ਦੋਸ਼ ਹਨ। ਇਸ ਗੱਲ ਦੇ ਬਾਵਜੂਦ ਕਿ ਕਾਂਗਰਸ ਦੇ ਆਈ ਦੇ ਅੰਦਰ ਕਾਫੀ ਜ਼ਿਆਦਾ ਗਰਾਵਟ ਆ ਚੁੱਕੀ ਹੈ। ਇਸ ਤਰਾਂ ਦਾ ਗੰਭੀਰ ਇਲਜ਼ਾਮ ਇਕ ਜ਼ਿੰਮੇਂਵਾਰ ਲੀਡਰ ਨੂੰ ਉਦੋਂ ਹੀ ਲਾਉਣਾ ਚਾਹੀਦਾ ਹੈ, ਜਦੋਂ ਉਹ ਇਸ ਨੂੰ ਪੂਰੀ ਤਰਾਂ ਅਤੇ ਬਿਨਾਂ ਕਿਸੇ ਸ਼ੱਕ ਦੀ ਗੁੰਜਾਇਸ਼ ਦੇ ਸਾਬਤ ਕਰਨ ਦੀ ਪੁਜ਼ੀਸ਼ਨ ਵਿਚ ਹੋਵੇ। ਸੰਤ ਲੌਂਗੋਵਾਲ ਦਾ ਇਹ ਕਹਿਣਾ ਕਿ ਜੇ ਇਸ ਮੰਤਰੀ ਨੂੰ ਅਕਾਲੀ ਦਲ ਦੇ ਹਵਾਲੇ ਕਰ ਦਿਤਾ ਜਾਏ ਤਾਂ ਉਹ ਆਪਣੇ ਇਲਜ਼ਾਮ ਨੂੰ ਸਾਬਤ ਕਰ ਸਕਦੇ ਹਨ, ਹਿਕ ਹਾਸੋਹੀਣੀ ਗੱਲ ਹੈ। ਇਹ ਗੱਲ ਉਹਨਾ ਦੇ ਇਲਜ਼ਾਮ ਨੂੰ ਹੋਰ ਵੀ ਗੈਰ ਜ਼ਿੰਮੇਂਵਾਰੀ ਦੀ ਸ਼ਕਲ ਦੇ ਦਿੰਦੀ ਹੈ। ਜੇ ਉਹਨਾਂ ਦੇ ਕੋਲ ਕੋਈ ਠੋਸ ਸਬੂਤ ਹਨ ਤਾਂ ਅਸੀਂ ਉਹਨਾ ਨੂੰ ਬੇਨਤੀ ਕਰਾਂਗੇ ਕਿ ਉਹ ਇਹ ਸਬੂਤ ਪਬਲਿਕ ਸਾਹਮਣੇ ਪੇਸ਼ ਕਰਨ। ਸੰਤ ਲੌਂਗੋਵਾਲ ਦਾ ਇਹ ਕਹਿਣਾ ਹੈ ਕਿ ਇਹ ਕਤਲ ਮੰਤਰੀ ਸਾਹਿਬ ਨੇ ਇਸ ਲਈ ਕਰਾਇਆ ਹੈ ਤਾਂ ਜੋ ਸਮਝੌਤਾ ਨਾ ਹੋ ਸਕੇ। ਸੰਤ ਲੌਂਗੋਵਾਲ ਦਾ ਇਹ ਵਿਸ਼ਵਾਸ ਜਾਪਦਾ ਹੈ ਕਿ ਪਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਆਪ ਸਮਝੌਤਾ ਚਾਹੁੰਦੀ ਹੈ ਪਰ ਉਸਦੀ ਪਾਰਟੀ ਦੇ ਹੋਰ ਲੋਕ ਅਜਿਹਾ ਨਹੀਂ ਚਾਹੁੰਦੇ। ਜੇ ਗੱਲ ਇਹ ਹੈ ਤਾਂ ਸੰਤ ਲੌਂਗੋਵਾਲ ਨੂੰ ਆਪਣੇ ਸਬੂਤ ਪਰਧਾਨ ਮੰਤਰੀ ਅੱਗੇ ਰੱਖ ਦੇਣੇ ਚਾਹੀਦੇ ਹਨ। ਜੇ ਉਹ ਆਪਣੇ ਸਬੂਤ ਨਾ ਪ੍ਰਧਾਨ ਮੰਤਰੀ ਅਗੇ ਰਖਣ ਲਈ ਤਿਆਰ ਹਨ ਅਤੇ ਪਬਲਿਕ ਸਾਹਮਣੇ ਤਾਂ ਇਸ ਤੀ ਲੋਕ ਇਕ ਹੀ ਨਤੀਜਾ ਕੱਢਣਗੇ ਉਹ ਇਹ ਕਿ ਉਹਨਾ ਦਾ ਇਹ ਇਲਜ਼ਾਮ ਬਹੁਤ ਹੀ ਗੈਰ ਜ਼ਿੰਮੇਵਾਰੀ ਦਾ ਕੰਮ ਹੈ ਜਿਹੜਾ ਕਿ ਹਿਕ ਵੱਡੀ ਪਾਰਟੀ ਦੇ ਬਹੁਤ ਵੱਡੇ ਲੀਡਰ ਲਈ ਕਿਸੇ ਤਰਾਂ ਵੀ ਵਾਜਬ ਨਹੀਂ। ਪਿਛਲੇ ਕੁਝ ਸਮੇਂ ਤੋਂ ਸਾਡੇ ਪਬਲਿਕ ਜੀਵਨ ਵਿਚ ਬਹੁਤ ਜ਼ਿਆਦਾ ਗਿਰਾਵਟ ਆਈ ਹੈ। ਅਸੀਂ ਸੰਤ ਜੀ ਨੂੰ ਬੇਨਤੀ ਕਰਾਂਗੇ ਕਿ ਉਹ ਅਜਿਹੀਆਂ ਗੈਰ ਜ਼ਿੰਮੇਂਵਾਰ ਗੱਲਾਂ ਨਾ ਕਰਨ ਜਿਹੜੀਆਂ ਸਾਰੇ ਪਬਲਿਕ ਜੀਵਨ ਨੂੰ ਹੋਰ ਗੰਧਲਿਆਂ ਕਰਨ।

14-1-83

## ਕੈਲੇਫੋਰਨੀਆਂ ਵਿਚ ਭਿਆਨਕ ਤੂਫ਼ਾਨ ਇਕ ਲੱਖ ਘਰ ਹਨੇਰੇ ਦੀ ਲਪੇਟ ਵਿਚ

*ਮੂਰਖ ਮਿੱਤਰ ਤੋਂ ਬੁਧੀਮਾਨ ਸ਼ਤਰੂ ਚੰਗਾ। —ਨਰਾਇਣ ਪੰਡਿਤ


## ਗੁਰੂ ਨਾਨਕ ਟਰੈਵਲ ਐਡਵਾਈਜਰਜ਼

2, ਗਿਲਜ਼ ਪਾਰਕ ਜੀ. ਟੀ. ਰੋਡ
ਸਾਹਮਣੇ ਐਸ. ਡੀ. ਐਮ. ਕੋਰਟ
ਮੋਗਾ— ਜ਼ਿਲਾ ਫਰੀਦਕੋਟ
ਫੋਨ: ਦਫਤਰ 2161

ਪਾਸਪੋਰਟ, ਵੀਜ਼ਾ, ਡਾਕਟਰੀ ਤੇ ਇੰਮੀਗਰੇਸ਼ਨ ਦੀ ਸਲਾਹ ਲਈ ਮਿਲੋ ਦੇਸੋਂ ਮੁੜਨ ਵਾਲਿਆਂ ਦੀਆਂ ਵਾਪਸੀ ਸੀਟਾਂ ਬੁਕ ਕਰਨ ਦੀ ਮੁਫਤ ਸਹੂਲਤ ਉਪਲੱਬਧ ਹੈ।

# ਚੰਡੀਗੜ੍ਹ 'ਤੇ ਪੰਜਾਬ ਦਾ ਹੱਕ

**(ਸ: ਰਵੇਲ ਸਿੰਘ ਐਡਵੋਕੇਟ ਦੀ ਕਲਮ ਤੋਂ)**

ਜਨਵਰੀ-1970 ਵਿਚ ਕੇਂਦਰੀ ਸਰਕਾਰ ਨੇ ਜਦੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫੈਸਲਾ ਕੀਤਾ ਸੀ ਉਦੋਂ ਵੀ ਇਸ ਦੀ ਵੰਡ ਦੀ ਤਜਵੀਜ਼ ਕੁਝ ਧਿਰਾਂ ਵਲੋਂ ਪੇਸ਼ ਕੀਤੀ ਗਈ ਸੀ, ਪਰ ਕੇਂਦਰੀ ਸਰਕਾਰ ਨੇ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ। ਕੇਂਦਰੀ ਸਰਕਾਰ ਵਲੋਂ ਉਕਤ ਫੈਸਲੇ ਵਿਚ ਸਪਸ਼ਟ ਤੌਰ ਤੇ ਲਿਖਿਆ ਗਿਆ ਸੀ ਕਿ 'ਚੰਡੀਗੜ੍ਹ ਨੂੰ ਵੰਡਣ ਦੀ ਤਜਵੀਜ਼ ਵੀ ਰਖੀ ਗਈ ਸੀ। ਚੰਡੀਗੜ੍ਹ ਇਕ ਵਿਉਂਤ ਅਧੀਨ ਬਣਿਆ ਸ਼ਹਿਰ ਹੈ, ਜਿਹੜਾ ਇਕ ਵੱਡੇ ਸੂਬੇ ਦੀ ਰਾਜਧਾਨੀ ਕਰਕੇ ਉਸਾਰਿਆ ਗਿਆ ਸੀ। ਇਸ ਦੀ ਵਿਉਂਤ, ਆਰਕੀਟੈਕਚਰ ਤੇ ਸੁੰਦਰਤਾ ਦੀ ਦੂਰਦੁਰਾਡੇ ਤੋਂ ਸ਼ਲਾਘਾ ਹੋਈ। ਇਸ ਸ਼ਹਿਰ ਦੀ ਵਿਸ਼ਵ ਭਰ ਵਿਚ ਮਹਾਨਤਾ ਹੈ। ਸਰਕਾਰ ਇਸ ਲਈ ਇਸ ਫੈਸਲੇ ਤੇ ਪੁਜੀ ਹੈ ਕਿ ਚੰਡੀਗੜ੍ਹ ਦੀ ਵੰਡ ਕਰਨੀ ਚੰਡੀਗੜ੍ਹ ਦੇ ਵਸਨੀਕਾਂ ਦੇ ਲਾਭ ਵਿਚ ਨਹੀਂ ਅਤੇ ਨਾ ਹੀ ਇਹ ਦੋਹਾਂ ਸੂਬਿਆਂ ਦੇ ਲਾਭ ਵਿਚ ਹੈ। ਇਸ ਲਈ ਦੋਹਾਂ ਸੂਬਿਆਂ ਦੇ ਇਸ ਸਬੰਧੀ ਦਾਅਵਿਆਂ ਨੂੰ ਬੜੇ ਧਿਆਨ ਨਾਲ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਕੇਪੀਟਲ ਪ੍ਰਾਜੈਕਟ ਚੰਡੀਗੜ੍ਹ ਦਾ ਸਾਰਾ ਇਲਾਕਾ ਪੰਜਾਬ ਨੂੰ ਦਿਤਾ ਜਾਏ।

The Government has, therefore come to conclusion that it will not be in the interest of the people of Chandigarh or of either of the two states to divide the city. Accordingly, after very carefully weighing the claims of the two States, they have decided that the Capital Project area of Chandigarh should as a whole go to Punjab."

ਇਸ ਫੈਸਲੇ ਵਿਚ ਇਹ ਵੀ ਦਰਜ ਸੀ ਕਿ ਚੰਡੀਗੜ੍ਹ ਨੂੰ ਕੇਂਦਰੀ ਇਲਾਕਾ ਬਨਾਣ ਸਮੇਂ ਕੁਝ ਨਾਲ ਲਗਦੇ ਇਲਾਕੇ ਵੀ ਇਸ ਵਿਚ ਸ਼ਾਮਲ ਕੀਤੇ ਗਏ ਸਨ ਜਿਹੜੇ ਹਿੰਦੀ ਜਾਂ ਪੰਜਾਬੀ ਰਿਜਨ ਵਿਚ ਸ਼ਾਮਲ ਸਨ। ਹੁਣ ਚੂੰਕਿ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾ ਰਿਹਾ ਹੈ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜੇ ਇਲਾਕੇ ਪੰਜਾਬੀ ਰਿਜਨ ਵਿਚੋਂ ਚੰਡੀਗੜ੍ਹ ਵਿਚ ਸ਼ਾਮਲ ਕੀਤੇ ਗਏ ਸਨ ਉਹ ਪੰਜਾਬੀ ਰਿਜਨ ਵਿਚ ਦੇ ਦਿਤੇ ਜਾਣ ਅਤੇ ਹਿੰਦੀ ਰਿਜਨ ਵਿਚੋਂ ਲਏ ਇਲਾਕੇ ਹਰਿਆਣੇ ਨੂੰ ਦੇ ਦਿਤੇ ਜਾਣ। ਸੁਖਨਾ ਝੀਲ ਦਾ ਕੁਝ ਹਿਸਾ ਹਿੰਦੀ ਰਿਜਨ ਵਿਚ ਆਉਂਦਾ ਹੈ।

ਪਰ ਝੀਲ ਦੀ ਵੰਡ ਕਰਨੀ ਸੰਭਵ ਨਹੀਂ ਇਸ ਲਈ ਸਾਰੀ ਝੀਲ ਚੰਡੀਗੜ੍ਹ ਦਾ ਹਿਸਾ ਹੋਵੇਗੀ। ਇਸ ਫੈਸਲੇ ਅਨੁਸਾਰ ਮਨੀਮਾਜਰਾ ਸਮੇਤ 6 ਪਿੰਡ ਜੋ ਹਿੰਦੀ ਰਿਜਨ ਵਿਚੋਂ ਚੰਡੀਗੜ੍ਹ ਵਿਚ ਸ਼ਾਮਲ ਕੀਤੇ ਗਏ ਸਨ, ਉਹ ਹਰਿਆਣੇ ਨੂੰ ਮਿਲਦੇ ਹਨ, ਬਾਕੀ ਦਾ ਚੰਡੀਗੜ੍ਹ ਦਾ ਸਾਰਾ ਇਲਾਕਾ ਪੰਜਾਬ ਵਿਚ ਆਉਂਦਾ ਹੈ।

ਇਹ ਬੜੀ ਕੜਵੀ ਸਚਾਈ ਹੈ ਕਿ ਦੇਸ਼ ਦੀ ਆਜ਼ਾਦੀ ਮਗਰੋਂ ਪੰਜਾਬ ਅਤੇ ਪੰਜਾਬੀ ਨਾਲ ਵਿਤਕਰੇ ਵਾਲਾ ਸਲੂਕ ਹੁੰਦਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬੀ ਸੂਬੇ ਲਈ ਬਣੀ ਪਾਰਲੀਮੈਂਟਰੀ ਕਮੇਟੀ ਨੂੰ ਦਿਤੇ ਮੈਮੋਰੰਡਮ ਵਿਚ ਇਹ ਸ਼ਕਾਇਤ ਕੀਤੀ ਗਈ ਸੀ ਕਿ ਜੇ ਸਿਖ 30 ਫੀਸਦੀ ਗਿਣਤੀ ਵਿਚ ਮੌਜੂਦਾ ਪੰਜਾਬ ਵਿਚ ਰਹਿਣ ਜਾਂ ਮਹਾਂ ਪੰਜਾਬ ਬਣਨ ਦੀ ਸੂਰਤ ਵਿਚ ਉਨ੍ਹਾਂ ਦਾ ਤਨਾਸਬ ਇਸ ਤੋਂ ਵੀ ਘਟ ਜਾਏ ਤਾਂ ਉਹ ਦੇਸ਼ ਭਗਤ ਰਹਿੰਦੇ ਹਨ ਪਰ ਜੇ ਪੰਜਾਬੀ ਸੂਬਾ ਬਣ ਜਾਏ ਜਿਥੇ ਸਿਖਾਂ ਦੀ ਕੇਵਲ 5 ਫੀਸਦੀ ਆਬਾਦੀ ਵਧ ਹੋਵੇ ਤਾਂ ਉਹ ਦੇਸ਼ ਦੇ ਹਿਤੂ ਨਹੀਂ ਰਹਿ ਜਾਂਦੇ।'

ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆ

## ਤੱਥ ਬੋਲਦੇ ਹਨ

ਦਾ ਤਨਾਸਬ ਇਕੋ ਜਿਹਾ ਰਿਹਾ ਹੈ 1941 ਅਤੇ 1951 ਦੇ ਬੋਲੀ ਦੇ ਅੰਕੜੇ ਪੰਜਾਬ ਵਿਚ ਗਿਣੇ ਹੀ ਨਹੀਂ ਸਨ ਗਏ। 1961 ਵਿਚ ਬੜੇ ਵਡੇ ਪੈਮਾਨੇ ਤੇ ਪੰਜਾਬ ਵਿਚ ਬੋਲੀ ਦੇ ਅੰਕੜੇ ਗਲਤ ਦਰਜ ਕਰਵਾਏ ਗਏ, ਅਤੇ ਇਨ੍ਹਾਂ ਗਲਤ ਅੰਕੜਿਆਂ ਦੇ ਆਧਾਰ ਤੇ ਹੀ ਪੰਜਾਬੀ ਸੂਬੇ ਦੀਹਦਬੰਦੀ ਕਰਨ ਦਾ ਫੈਸਲਾ ਦਿਤਾ ਗਿਆ। ਇਸ ਤੋਂ ਪਹਿਲਾਂ ਅਕਤੂਬਰ 1949 ਵਿਚ ਸਚਰ ਫਾਰਮੂਲੇ ਦੇ ਅਧੀਨ ਪੰਜਾਬ ਨੂੰ ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਇਲਾਕੇ ਵਿਚ ਵੰਡਿਆ ਗਿਆ। ਇਸ ਫਾਰਮੂਲੇ ਦੇ ਅਧੀਨ ਪੰਜਾਬੀ ਰਿਜਨ ਵਿਚ ਜ਼ਿਲਾ ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫੀਰੋਜ਼ਪੁਰ, ਹੁਸ਼ਿਆਰਪੁਰ ਹਿਸਾਰ ਜ਼ਿਲੇ ਦਾ ਘਘਰ ਤੋਂ ਉਤਰ ਵਲ ਦਾ ਸਾਰਾ ਇਲਾਕਾ ਅਤੇ ਜ਼ਿਲਾ ਅੰਬਾਲਾ ਦੀਆਂ ਤਸੀਲਾਂ ਖਰੜ ਅਤੇ ਰੋਪੜ ਸ਼ਾਮਲ ਸਨ। ਸ਼ਿਮਲਾ ਅਤੇ ਅੰਬਾਲਾ ਦੀਆਂ ਤਸੀਲਾਂ ਨਾ ਤਾਂ ਪੰਜਾਬੀ ਰਿਜਨ ਵਿਚ ਅਤੇ ਨਾ ਹੀ ਹਿੰਦੀ ਰਿਜਨ ਵਿਚ ਸ਼ਾਮਲ ਸਨ ਇਨ੍ਹਾਂ ਦੋਹਾਂ ਤਸੀਲਾਂ ਨੂੰ ਹਿੰਦੀ ਅਤੇ ਪੰਜਾਬੀ ਸਾਂਝੀ ਬੋਲੀ ਦੇ ਇਲਾਕੇ ਕਰਾਰ ਦਿਤਾ ਗਿਆ ਸੀ।

ਪੈਪਸੂ ਸਰਕਾਰ ਵਲੋਂ ਇਸੇ ਕਿਸਮ ਦਾ ਪੈਪਸੂ ਫਾਰਮੂਲਾ ਬਣਾਇਆ ਗਿਆ ਜਿਸ ਅਨੁਸਾਰ ਪੰਜਾਬੀ ਰਿਜਨ ਵਿਚ ਜ਼ਿਲਾ ਪਟਿਆਲਾ, ਕਪੂਰਥਲਾ, ਬਠਿੰਡਾ, ਸੰਗਰੂਰ ਜ਼ਿਲਾ ਬਿਨਾਂ ਤਸੀਲ ਜੀਂਦ ਅਤੇ ਨਰਵਾਣਾ ਦੇ ਅਤੇ ਜ਼ਿਲਾ ਕੋਹਿਸਤਾਨ ਦਾ ਥਾਣਾ ਡੇਰਾ ਬਸੀ ਸ਼ਾਮਲ ਸਨ।

ਸੰਤ ਹਰਚੰਦ ਸਿੰਘ ਨੇ ਹੁਣ ਵੀ ਇਹੋ ਮੰਗ ਕੀਤੀ ਹੈ ਕਿ ਜੇ ਫਿਰਕਾਪ੍ਰਸਤੀ ਦਾ ਆਸਰਾ ਨਾ ਲਿਆ ਜਾਏ ਅਤੇ ਨਿਰੋਲ ਬੋਲੀ ਦੇ ਆਧਾਰ ਤੇ ਪੰਜਾਬ ਅਤੇ ਹਰਿਆਣੇ ਵਿਚ ਇਲਾਕਿਆਂ ਦਾ ਫੈਸਲਾ ਕੀਤਾ ਜਾਣਾ ਹੋਵੇ ਤਾਂ ਸਚਰ ਫਾਰਮੂਲਾ ਅਤੇ ਪੈਪਸੂ ਫਾਰਮੂਲਾ ਵਿਚ ਜਿਹੜੇ ਇਲਾਕੇ ਪੰਜਾਬੀ ਰਿਜਨ ਵਿਚ ਦਸੇ ਗਏ ਸਨ ਉਹ ਪੰਜਾਬ ਨੂੰ ਦੇ ਦਿਤੇ ਜਾਣ ਅਤੇ ਹਿੰਦੀ ਰਿਜਨ ਵਿਚ ਦਸੇ ਇਲਾਕੇ ਹਰਿਆਣੇ ਨੂੰ ਦੇ ਦਿਤੇ ਜਾਣ। ਅੰਬਾਲਾ ਤਸੀਲ ਚੂੰਕਿ ਪੰਜਾਬੀ ਅਤੇ ਹਿੰਦੀ ਦੋਵੇਂ ਬੋਲੀਆਂ ਬੋਲਣ ਵਾਲਾ ਇਲਾਕਾ ਦਸਿਆ ਗਿਆ ਸੀ ਇਸ ਲਈ ਅੰਬਾਲਾ ਤਸੀਲ ਦਾ ਜਿਹੜਾ ਇਲਾਕਾ ਪੰਜਾਬੀ ਬੋਲਦਾ ਹੈ ਉਹ ਪੰਜਾਬ ਨੂੰ ਅਤੇ ਦੂਜਾ ਹਰਿਆਣੇ ਨੂੰ ਦਿਤਾ ਜਾਏ, ਪਰ ਜਦੋਂ ਹਰ ਫੈਸਲਾ ਹੀ ਕਟੜ ਫਿਰਕਾਪ੍ਰਸਤੀ ਦੀਆਂ ਐਨਕਾਂ ਲਾਕੇ ਕਰਨਾ ਹੋਵੇ ਤਾਂ ਸਚਾਈ ਬਿਲਕੁਲ ਲਾਂਭੇ ਹੋ ਜਾਂਦੀ ਹੈ।

ਸਚਰ ਅਤੇ ਪੈਪਸੂ ਫਾਰਮੂਲੇ ਤੋਂ ਮਗਰੋਂ ਤਿੰਨ ਅਪ੍ਰੈਲ 1956 ਨੂੰ ਰੀਜਨਲ ਫਾਰਮੂਲਾ ਬਣਿਆ। 24 ਜੁਲਾਈ 1957 ਨੂੰ ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਇਕ ਨੋਟੀਫੀਕੇਸ਼ਨ ਅਨੁਸਾਰ ਅੰਬਾਲਾ ਜ਼ਿਲੇ ਵਿਚੋਂ ਤਹਿਸੀਲ ਅੰਬਾਲਾ, ਜਗਾਧਰੀ ਅਤੇ ਨਰੈਣ ਗੜ੍ਹ ਦਾ ਇਲਾਕਾ ਹਿੰਦੀ ਰਿਜਨ ਵਿਚ ਸ਼ਾਮਲ ਕਰ ਦਿਤਾ ਗਿਆ ਅਤੇ ਰੋਪੜ ਅਤੇ ਖਰੜ ਤਸੀਲ ਨੂੰ ਪੰਜਾਬੀ ਰਿਜਨ ਵਿਚ ਸ਼ਾਮਲ ਕੀਤਾ ਗਿਆ। ਪਰ ਖਰੜ ਤਸੀਲ ਵਿਚੋਂ ਥਾਣਾ ਕਾਲਕਾ, ਚੂਲ ਮੰਨੀਮੰਦਰ ਅਤੇ ਜ਼ੈਲ ਮੁਬਾਰਕਪੁਰ ਦੇ 17 ਪਿੰਡ ਹਿੰਦੀ ਰਿਜਨ ਵਿਚ ਸ਼ਾਮਲ ਕਰ ਦਿਤੇ ਗਏ ਅਤੇ ਚੰਡੀਗੜ੍ਹ ਨੂੰ ਕਿਸੇ ਰਿਜਨ ਵਿਚ ਵੀ ਸ਼ਾਮਲ ਨਾ ਕੀਤਾ ਗਿਆ। ਇਹ ਗਲ ਖਾਸ ਤੌਰ ਤੇ ਵਰਨਣ ਯੋਗ ਹੈ ਕਿ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਸਚਰ ਫਾਰਮੂਲੇ ਅਤੇ ਰੀਜਨਲ ਫਾਰਮੂਲੇ ਅਨੁਸਾਰ ਪੰਜਾਬੀ ਰਿਜਨ ਵਿਚ ਹੀ ਸ਼ਾਮਲ ਰਿਹਾ। ਫਿਰ ਬਾਉਂਡਰੀ ਕਮਿਸ਼ਨ ਨੇ ਵੀ ਸਰਬਸੰਮਤੀ ਨਾਲ ਇਸ ਨੂੰ ਪੰਜਾਬ ਵਿਚ ਹੀ ਰਖਣ ਦਾ ਫੈਸਲਾ ਦਿਤਾ। ਪੰਜਾਬੀ ਅਤੇ ਹਿੰਦੀ ਦੇ ਮੁਦਈਆਂ ਵਿਚ ਰਾਏ ਦਾ ਵਖੇਵਾ ਖਰੜ ਤਸੀਲ ਬਾਰੇ ਹੀ ਸੀ ਜਿਸ ਕਾਰਨ ਇਸ ਤਸੀਲ ਦਾ ਕੁਝ ਇਲਾਕਾ ਹਿੰਦੀ ਰਿਜਨ ਵਿਚ ਸ਼ਾਮਲ ਕਰ ਦਿਤਾ ਗਿਆ, ਹੁਣ ਉਹ ਇਲਾਕਾ ਹਰਿਆਣੇ ਵਿਚ ਸ਼ਾਮਲ ਹੈ ਅਤੇ ਪੰਜਾਬੀ ਰਿਜਨ ਦਾ ਇਲਾਕਾ ਪੰਜਾਬ ਵਿਚ ਸ਼ਾਮਲ ਹੈ। ਪੰਜਾਬ ਬਾਉਂਡਰੀ ਕਮਿਸ਼ਨ ਦੇ ਦਿਤੇ ਫੈਸਲੇ ਵਿਚ ਜਿਸ ਇਲਾਕੇ ਬਾਰੇ ਕਮਿਸ਼ਨ ਦੇ ਮੈਂਬਰਾਂ ਦਾ ਆਪਸ ਵਿਚ ਮਤਭੇਦ ਸੀ, ਉਸ ਇਲਾਕੇ ਵਿਚੋਂ ਕੇਵਲ ਚੰਡੀਗੜ੍ਹ ਦਾ ਹੀ ਫੈਸਲਾ ਹੋਣਾ ਬਾਕੀ ਰਹਿੰਦਾ ਹੈ।

ਪੰਜਾਬੀ ਸੂਬੇ ਲਈ ਬਣੀ ਪਾਰਲੀਮੈਂਟਰੀ ਕਮੇਟੀ ਪਾਸ ਹਰਿਆਣੇ ਦੀ ਕਿਸੇ ਸੰਸਥਾ ਨੇ ਵੀ ਚੰਡੀਗੜ੍ਹ ਦੀ ਮੰਗ ਨਹੀਂ ਸੀ ਕੀਤੀ। ਪ੍ਰੋਫੈਸਰ ਸ਼ੇਰ ਸਿੰਘ ਨੇ 5 ਨਵੰਬਰ 1965 ਨੂੰ ਜੋ ਮੈਮੋਰੰਡਮ ਦਿਤਾ। ਉਸ ਵਿਚ ਦਰਜ ਸੀ ਕਿ ਹਿੰਦੀ ਰਿਜਨ ਦਾ ਇਲਾਕਾ ਦਿਲੀ, ਮੇਰਠ ਅਤੇ ਆਗਰਾ ਡਵੀਜ਼ਨ ਅਤੇ ਰੁਹੇਲ ਖੰਡ ਦਾ ਕੁਝ ਹਿਸਾ ਅਤੇ ਰਾਜਸਥਾਨ ਦੇ ਅਲਵਰ ਅਤੇ ਭਰਤਗੜ੍ਹ ਜ਼ਿਲੇ ਨੂੰ ਮਿਲਾਕੇ ਮਹਾਂ ਦਿਲੀ ਸਟੇਟ ਬਣਾਈ ਜਾਏ। ਸ੍ਰੀ ਕੇ. ਸੀ. ਸ਼ਰਮਾ ਐਮ. ਪੀ. ਨੇ ਕੁਝ ਸੰਸਥਾਵਾਂ ਦਾ ਪ੍ਰਤੀਨਿਧ ਹੋਣਾ ਦਸਕੇ ਇਹ ਤਜਵੀਜ਼ ਪੇਸ਼ ਕੀਤੀ ਸੀ ਕਿ ਗੁੜਗਾਉਂ, ਮਹਿੰਦਰਗੜ੍ਹ, ਰੋਹਤਕ, ਹਿਸਾਰ, ਕਰਨਾਲ ਅਤੇ ਅੰਬਾਲਾ ਜ਼ਿਲਾ ਬਿਨਾਂ ਖਰੜ ਅਤੇ ਰੋਪੜ ਦੀਆਂ ਤਸੀਲਾਂ ਦੇ ਅਤੇ ਸਬ ਡਵੀਜ਼ਨ ਜੀਂਦ ਅਤੇ ਨਰਵਾਣਾ ਦਾ ਇਲਾਕਾ ਪੰਜਾਬ ਵਿਚ ਵਖਰੇ ਕਰਕੇ ਪੰਜਾਬੀ ਸੂਬਾ ਬਣਾਇਆ ਜਾਏ। ਰਾਓ ਬਰਿੰਦਰ ਸਿੰਘ ਦੀ ਵੀ ਇਹੋ ਤਜਵੀਜ਼ ਸੀ ਭਾਵ ਹਰਿਆਣੇ ਦੇ ਕਿਸੇ ਵੀ ਲੀਡਰ ਜਾਂ ਸੰਸਥਾ ਨੇ ਉਸ ਸਮੇਂ ਚੰਡੀਗੜ੍ਹ ਦੀ ਮੰਗ ਨਹੀਂ ਸੀ ਕੀਤੀ। ਕਮਿਸ਼ਨ ਨੇ ਹਰਿਆਣੇ ਅਤੇ ਪੰਜਾਬ ਵਿਚ ਝਗੜਾ ਖੜਾ ਕਰਨ ਲਈ ਚੰਡੀਗੜ੍ਹ ਅਤੇ ਖਰੜ ਤਸੀਲ ਬਾਰੇ ਬਿਲਕੁਲ ਧਕੇ ਵਾਲਾ ਫੈਸਲਾ ਦੇ ਦਿਤਾ ਸੀ ਜਿਸ ਨੂੰ ਕੇਂਦਰੀ ਸਰਕਾਰ ਨੂੰ ਝਟ ਪਟ ਬਦਲਣਾ ਪਿਆ।

1961 ਵਿਚ ਵਿਧਾਨ ਸਭਾ ਦੇ ਹਲਕਿਆਂ ਦੀ ਨਵੀਂ ਹਦਬੰਦੀ ਹੋਣ ਕਾਰਨ 1962 ਵਿਚ ਰੀਜਨਲ ਕਮੇਟੀਆਂ ਦੇ ਇਕ ਆਰਡਰ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਅੰਬਾਲਾ ਜ਼ਿਲੇ ਦੇ ਰੋਪੜ ਮੋਰਿੰਡਾ ਅਤੇ ਚੰਡੀਗੜ੍ਹ ਦੇ ਵਿਧਾਨ ਸਭਾ ਦੇ ਹਲਕੇ ਪੰਜਾਬੀ ਰਿਜਨ ਵਿਚ ਸ਼ਾਮਲ ਹੋਣਗੇ, ਇਹ ਫੈਸਲਾ ਕਰਨ ਦੀ ਜ਼ਰੂਰਤ ਇਸ ਲਈ ਸੀ ਕਿ ਪਹਿਲਾਂ ਰੋਪੜ ਦਾ ਹਲਕਾ ਡਬਲ ਸੀ ਫਿਰ ਇਸ ਨੂੰ ਰੋਪੜ ਅਤੇ ਮੁਰਿੰਡਾ ਦੇ ਦੋ ਵਖੋ ਵਖ ਹਲਕਿਆਂ ਵਿਚ ਵੰਡ ਦਿਤਾ ਗਿਆ। ਰੀਜਨਲ ਕਮੇਟੀ ਦੇ ਪਹਿਲੇ ਆਰਡਰ ਅਨੁਸਾਰ ਰੋਪੜ ਅਤੇ ਚੰਡੀਗੜ੍ਹ ਦੇ ਹਲਕੇ ਪੰਜਾਬੀ ਰਿਜਨ ਵਿਚ ਸ਼ਾਮਲ ਸਨ। ਚੰਡੀਗੜ੍ਹ ਬਾਰੇ ਪਹਿਲੇ ਗਲਤ ਫੈਸਲੇ ਕਾਰਨ ਪੰਜਾਬ ਵਿਚ ਕਈ ਵਾਰ ਐਜੀਟੇਸ਼ਨ ਹੋ ਚੁਕੀ ਹੈ ਅਤੇ ਇਹ ਝਗੜਾ ਉਦੋਂ ਤਕ ਖਤਮ ਨਹੀਂ ਹੋਣਾ, ਜਦ ਤਕ ਪੰਜਾਬ ਨਾਲ ਹੋਇਆ ਇਹ ਧੱਕਾ ਦੂਰ ਨਹੀਂ ਕੀਤਾ ਜਾਂਦਾ। ਇਸ ਲਈ ਹੁਣ ਕੇਂਦਰ ਅਤੇ ਅਕਾਲੀ ਦਲ ਵਿਚ ਸਮਝੌਤੇ ਦੀ ਜੇ ਕੋਈ ਗਲਬਾਤ ਹੋਣੀ ਹੈ ਤਾਂ ਚੰਡੀਗੜ੍ਹ ਦਾ ਹਰ ਹਾਲਤ ਵਿਚ ਫੈਸਲਾ ਕਰ ਦੇਣਾ ਚਾਹੀਦਾ ਹੈ।

---

**ਕੇਸਰ ਸਿੰਘ ਨਾਵਲਿਸਟ**

ਮੇਰੇ ਦੁਆਲੇ
ਵਾੜਾਂ ਬਣਾਉਣ ਵਾਲਿਓ
ਮੇਰੇ ਲਈ
ਉਚੇਚੇ
ਪਿੰਜਰੇ ਘੜਾਉਣ ਵਾਲਿਓ
ਤੁਹਾਨੂੰ
ਮੇਰੇ ਲੋਕਾਂ ਦੇ ਜਿਗਰਾਂ 'ਚ
ਮਘਦੀ ਅੱਗ ਦਾ
ਕੋਈ ਅੰਦਾਜ਼ਾ ਨਹੀਂ।
ਭਾਂਬੜ ਉਠਣਗੇ ਛੇਤੀ
ਵਾੜੇ ਟੁਟਣਗੇ ਛੇਤੀ
ਤੁਹਾਡੇ ਪਿੰਜਰੇ
ਢਲ ਜਾਣਗੇ
ਜਿਉਂ ਮੋਮ ਢਲਦੀ ਹੈ।
..... .....
ਮੇਰੇ ਦੇਸ ਵਿਚ
ਫੁੱਲ ਖਿੜਦੇ ਹਨ।
ਮੇਰੇ ਦੇਸ ਵਿਚ
ਖਖੜੀਆਂ ਦੀਆਂ ਵੇਲਾਂ ਨੂੰ
ਫੁੱਲ ਲੱਗ ਰਹੇ ਹਨ।
ਇਨ੍ਹਾਂ ਫੁੱਲਾਂ ਦੀ ਖੁਸ਼ਬੋ
ਗਗਨ ਦਮਾਮੇ ਵਜਾ ਰਹੀ ਹੈ
ਹੁਣ ਬਹੁਤੀ ਦੇਰ ਨਹੀਂ
ਖਰਬੂਜੇ ਵੀ ਜ਼ਰੂਰ
ਲਗਣਗੇ।
ਜ਼ਰੂਰ ਲਗਣਗੇ।

ਪਤਝੜ ਦੀ ਰਾਤ
ਪੈਣ ਵਾਲੀ ਹੈ।
ਸੂਰਜ ਅੱਧਾ ਡੁੱਬ ਗਿਆ ਹੈ
ਅੱਧਾ ਡੁੱਬ ਜਾਏਗਾ
ਅੱਧੇ ਸੂਰਜ ਦੀ ਲਾਲੀ
ਲਾਲੋ ਲਾਲ ਹੋਈ ਸਭ ਦੁਨੀਆਂ
ਸੂਰਜ ਦੀ ਡੁੱਬਦੀ ਲਾਲੀ ਵਿਚ
ਤਿਤਲੀਆਂ ਉਡ ਰਹੀਆਂ
ਉਨ੍ਹਾਂ ਦੇ ਵਿਕੋਲਿਤਰੇ ਰੰਗ
ਗੁਲਨਾਰੀ ਲਾਲੀ ਵਿਚ
ਘੁਲ ਰਹੇ ਹਨ।
ਘਾਹ — ਟਿੱਡਾ ਸਬਜ਼ — ਵਰਦੀ ਵਿਚ
ਮਸਤ ਹੈ
ਸਬਜ਼ ਵਿਛੌਣੇ ਉਤੇ
ਨਾਚ ਨੱਚ ਰਿਹਾ
ਨਾਚ ਹੈ ਨੱਚ ਰਿਹਾ
ਨਾ ਮੈਂ ਤਿਤਲੀ
ਨਾ ਘਾਹ — ਟਿੱਡਾ
ਨਾ ਉੱਡ ਸਕਾਂ
ਨਾ ਨੱਚ ਸਕਦਾ
ਤਿਤਲੀ ਤੇ ਟਿੱਡਾ
ਦੋਵੇਂ
ਮੇਰੇ ਮਿੱਤਰ ਹਨ।

---

*100ਵੇਂ ਜਨਮ ਦਿਨ ਤੇ*

### ਕ੍ਰਾਂਤੀਕਾਰੀ ਦੇਸ਼ ਭਗਤ

# ਸ਼ਹੀਦ ਸੋਹਣ ਲਾਲ ਪਾਠਕ

**ਇੰਦਰਜੀਤ 'ਕਮਲ' ਪੱਟੀ**



ਅਜ ਤੋਂ ਸੌ ਸਾਲ ਪਹਿਲਾਂ 7 ਜਨਵਰੀ 1883 ਨੂੰ ਪਟੀ ਦੇ ਇਕ ਗਰੀਬ ਬ੍ਰਾਹਮਣ ਪ੍ਰੀਵਾਰ ਵਿਚ ਪੰਡਤ ਚੰਦਾ ਰਾਮ ਦੇ ਘਰ ਇਕ ਲੜਕੇ ਨੇ ਜਨਮ ਲਿਆ। ਲੜਕੇ ਦਾ ਨਾਂ ਸੋਹਣ ਲਾਲ ਰਖਿਆ ਗਿਆ। ਉਸ ਸਮੇਂ ਕਿਸੇ ਸੋਚਿਆ ਵੀ ਨਹੀਂ ਸੀ ਕਿ ਇਕ ਗਰੀਬ ਪ੍ਰੀਵਾਰ ਵਿਚ ਜੰਮਣ ਵਾਲਾ ਇਹ ਲੜਕਾ ਇਕ ਦਿਨ ਆਪਣੇ ਦੇਸ਼ ਦੀ ਆਜ਼ਾਦੀ ਖਾਤਿਰ ਸ਼ਹੀਦ ਹੋ ਕੇ ਅਮਰ ਹੋ ਜਾਵੇਗਾ।

ਸੋਹਣ ਲਾਲ ਦੇ ਜਨਮ ਵੇਲੇ ਉਨ੍ਹਾਂ ਦੇ ਪ੍ਰੀਵਾਰ ਦੀ ਆਰਥਕ ਹਾਲਤ ਬਹੁਤ ਪਤਲੀ ਸੀ ਅਤੇ ਪਿਤਾ ਚੰਦਾ ਰਾਮ ਪਾਸ ਕੇਵਲ ਅਧਾ ਵਿਘਾ ਜ਼ਮੀਨ ਸੀ। ਪੰਜਵੀਂ ਜਮਾਤ ਤਕ ਸੋਹਣ ਲਾਲ ਦੀ ਫੀਸ ਮੁਆਫ ਰਹੀ ਅਤੇ ਫਿਰ ਅਠਵੀਂ ਤਕ ਦੋ ਰੁਪਏ ਮਹੀਨਾ ਵਜ਼ੀਫਾ ਵੀ ਮਿਲਦਾ ਰਿਹਾ। ਬੇਹਦ ਗਰੀਬੀ ਅਤੇ ਕਮਜ਼ੋਰੀ ਕਾਰਣ ਪਾਠਕ ਨੂੰ ਪੜ੍ਹਾਈ ਛਡਣੀ ਪਈ ਅਤੇ ਬਾਅਦ ਵਿਚ ਪਾਠਕ ਨੇ ਛੇ ਰੁਪਏ ਮਹੀਨਾ ਇਕ ਪ੍ਰਾਇਮਰੀ ਸਕੂਲ ਵਿਚ ਨੌਕਰੀ ਕਰ ਲਈ।

ਪਾਠਕ ਦੀ ਸ਼ਾਦੀ ਅਠਾਰਾਂ ਸਾਲ ਦੀ ਉਮਰ ਵਿਚ ਸ੍ਰੀਮਤੀ ਲਕਸ਼ਮੀ ਦੇਵੀ ਨਾਲ ਹੋਈ। ਵਕਤ ਦੀ ਸਿਆਸੀ ਹਾਲਤ ਅਤੇ ਘਟਨਾਵਾਂ ਨੇ ਪਾਠਕ ਦਾ ਦਿਲ ਹਲੂਣ ਕੇ ਰਖ ਦਿਤਾ। ਲਾਲਾ ਲਾਜਪਤ ਰਾਏ ਅਤੇ ਮਦਨ ਲਾਲ ਢੀਂਗਰਾ ਵਰਗੇ ਦੇਸ਼ ਭਗਤਾਂ ਦਾ ਸੋਹਣ ਲਾਲ ਤੇ ਬਹੁਤ ਅਸਰ ਹੋਇਆ। ਵਖ ਵਖ ਘਟਨਾਵਾਂ ਕਾਰਨ ਪਾਠਕ ਦੇ ਦਿਲ ਵਿਚ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰਨ ਦੀ ਜਵਾਲਾ ਭੜਕ ਉਠੀ। ਪਾਠਕ ਨੇ ਸਭ ਕੰਮ ਛਡ ਕੇ ਦੇਸ਼ ਨੂੰ ਆਜ਼ਾਦ ਕਰਾਉਣਾ ਆਪਣਾ ਪਹਿਲਾ ਫਰਜ਼ ਸਮਝਿਆ। ਉਸ ਦੇ ਦਿਲ ਵਿਚ ਅੰਗਰੇਜ਼ ਸਰਕਾਰ ਪ੍ਰਤੀ ਨਫਰਤ ਭਰ ਗਈ, ਜਿਸ ਕਾਰਨ ਉਸ ਨੇ ਸਰਕਾਰ ਦੀ ਨੌਕਰੀ ਕਰਨੀ ਵੀ ਪਸੰਦ ਨਹੀਂ ਕੀਤੀ। ਇਕ ਵਾਰ ਲਾਹੌਰ ਸੈਂਟਰ ਦੇ ਨਿਰੀਖਕ ਨਾਲ ਨੌਕਰੀ ਬਾਰੇ ਹੋਈ ਗਲਬਾਤ ਵਿਚ ਪਾਠਕ ਨੇ ਸਾਫ ਸਾਫ ਕਹਿ ਦਿਤਾ ਸੀ ਕਿ ਉਹ ਅੰਗਰੇਜ਼ ਸਰਕਾਰ ਦੀ ਨੌਕਰੀ ਬਿਲਕੁਲ ਨਹੀਂ ਕਰੇਗਾ। ਉਹ ਅੰਗਰੇਜ਼ ਸਰਕਾਰ ਨੂੰ ਫਿਰਕਾਪ੍ਰਸਤ ਅਤੇ ਜ਼ਾਲਮ ਦਸਦਾ ਸੀ।

ਪਾਠਕ ਨੇ ਅਮਰੀਕਾ ਜਾ ਕੇ ਵੀ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਸ਼ੁਰੂ ਕਰ ਦਿਤਾ। ਪਾਠਕ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਵੇਖ ਕੇ ਪਾਰਟੀ ਨੇ ਪਾਠਕ ਨੂੰ ਗਦਰ ਪਾਰਟੀ ਦਾ ਦੂਤ ਬਣਾ ਕੇ ਬਰਮਾ ਭੇਜ ਦਿਤਾ ਤਾਂ ਕਿ ਉਥੇ ਜਾ ਕੇ ਪਾਠਕ ਕ੍ਰਾਂਤੀ ਦੀ ਜਵਾਲਾ ਭੜਕਾ ਸਕੇ। ਉਥੇ ਪਾਠਕ ਨੇ ਫੌਜਾਂ ਦੀਆਂ ਵਖ ਵਖ ਛਾਉਣੀਆਂ ਵਿਚ ਜਾ ਕੇ ਭਾਸ਼ਨ ਦਿੰਦੇ ਹੋਏ ਉਨ੍ਹਾਂ ਨੂੰ ਆਪਣੇ ਦੇਸ਼ ਪ੍ਰਤੀ ਸੁਚੇਤ ਹੋਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਐਵੇਂ ਅੰਗਰੇਜ਼ ਲਈ ਆਪਣਾ ਸਮਾਂ ਖਰਾਬ ਨਾ ਕਰੋ ਜੇ ਮਰਨਾ ਹੈ ਤਾਂ ਆਪਣੇ ਦੇਸ਼ ਖਾਤਿਰ ਮਰੋ। ਸੋਹਣ ਲਾਲ ਦੇ ਇਨ੍ਹਾਂ ਪ੍ਰਭਾਵਸ਼ਾਲੀ ਭਾਸ਼ਨਾਂ ਨਾਲ ਕਈ ਕ੍ਰਾਂਤੀਕਾਰੀ ਪੈਦਾ ਹੋਏ।

ਇਕ ਜਮਾਂਦਾਰ ਪਾਠਕ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਬੜੇ ਚਿਰ ਤੋਂ ਤਾੜ ਰਿਹਾ ਸੀ। ਆਖਿਰ ਇਕ ਦਿਨ ਉਸੇ ਪਾਠਕ ਨੂੰ ਗ੍ਰਿਫਤਾਰ ਕਰਵਾ ਦਿਤਾ। ਗ੍ਰਿਫਤਾਰੀ ਸਮੇਂ ਪਾਠਕ ਕੋਲ ਤਿੰਨ ਆਟੋਮੈਟਿਕ ਪਸਤੌਲ ਅਤੇ ਕਈ ਕਾਰਤੂਸ ਸਨ। ਜੇ ਪਾਠਕ ਚਾਹੁੰਦਾ ਤਾਂ ਜਮਾਂਦਾਰ ਨੂੰ ਉਥੇ ਹੀ ਖਤਮ ਕਰ ਸਕਦਾ ਸੀ, ਪਰ ਉਹਨੇ ਅਜਿਹਾ ਨਾ ਕੀਤਾ।

ਜੇਲ੍ਹ ਵਿਚ ਜਾ ਕੇ ਉਹਨੇ ਅੰਗਰੇਜ਼ ਸਰਕਾਰ ਦੁਆਰਾ ਬਣਾਏ ਗਏ ਸਭ ਨਿਯਮਾਂ ਦੀ ਉਲੰਘਣਾ ਕੀਤੀ। ਕਿਸੇ ਵੀ ਅਫਸਰ ਦੇ ਆਇਆਂ ਸੋਹਣ ਲਾਲ ਪਾਠਕ ਖੜਾ ਨਹੀਂ ਸੀ ਹੁੰਦਾ ਅਤੇ ਉਨ੍ਹਾਂ ਦੀ ਕੋਈ ਵੀ ਗਲ ਨਹੀਂ ਸੀ ਮੰਨਦਾ। ਉਹ ਨੂੰ ਕਈ ਵਾਰ ਮੁਆਫੀ ਮੰਗ ਲੈਣ ਲਈ ਕਿਹਾ ਗਿਆ, ਪਰ ਉਹ ਨਾ ਮੰਨਿਆ। ਉਹਦਾ ਕਹਿਣਾ ਸੀ ਕਿ ਸਗੋਂ ਅੰਗਰੇਜ਼ ਸਰਕਾਰ ਨੂੰ ਉਹਦੇ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ, ਕਿਉਂਕਿ ਅਤਿਆਚਾਰ ਸਰਕਾਰ ਵਲੋਂ ਹੋ ਰਹੇ ਹਨ, ਉਹਨੇ ਤਾਂ ਕੋਈ ਗਲਤ ਕੰਮ ਨਹੀਂ ਕੀਤਾ ਹੈ।

ਫਾਂਸੀ ਵਾਲੇ ਦਿਨ ਜਜ ਨੇ ਪਾਠਕ ਨੂੰ ਮੁਆਫੀ ਮੰਗ ਲੈਣ ਤੇ ਜ਼ੋਰ ਪਾਇਆ ਤਾਂ ਪਾਠਕ ਕਹਿਣ ਲਗਾ, 'ਮੈਂ ਮੁਆਫੀ ਮੰਗਣ ਲਈ ਤਿਆਰ ਹਾਂ ਜੇਕਰ ਤੁਸੀਂ ਮੈਨੂੰ ਬਿਲਕੁਲ ਆਜ਼ਾਦ ਛਡ ਦਿਓ ਅਤੇ ਮੈਨੂੰ ਆਪਣੀ ਮਰਜ਼ੀ ਅਨੁਸਾਰ ਹਰ ਥਾਂ ਜਾਣ ਦੀ ਆਗਿਆ ਹੋਵੇ। ਜੱਜ ਨੇ ਇਸ ਤੇ ਮਜਬੂਰੀ ਪ੍ਰਗਟ ਕਰਦੇ ਹੋਏ ਪਾਠਕ ਨੂੰ ਵਧੀਆ ਨੌਕਰੀ ਦੇਣ ਦਾ ਲਾਲਚ ਵੀ ਦਿਤਾ ਪਰ ਪਾਠਕ ਨੇ ਨਾਂਹ ਕਰ ਦਿਤੀ ਅਤੇ ਕਿਹਾ, 'ਜਲਦੀ ਕਰੋ ਤੁਸੀਂ ਆਪਣੇ ਕਰਤਵ ਦੀ ਪਾਲਣਾ ਕਰੋ ਅਤੇ ਮੈਨੂੰ ਆਪਣੇ ਕਰਤਵ ਦੀ ਪਾਲਣਾ ਕਰ ਦਿਉ।'

ਆਖਿਰ 10 ਫਰਵਰੀ 1916 ਨੂੰ ਮਾਂਡਲੇ ਸਾਜ਼ਿਸ਼ ਕੇਸ ਅਧੀਨ ਕ੍ਰਾਂਤੀਕਾਰੀ ਸੋਹਣ ਲਾਲ ਪਾਠਕ ਨੂੰ ਫਾਂਸੀ ਦੇ ਰਸੇ ਨਾਲ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ। ਇਸ ਅਮਰ ਸ਼ਹੀਦ ਦਾ ਇਕ ਬੁਤ ਇਸ ਦੇ ਜਨਮ ਅਸਥਾਨ ਪਟੀ ਵਿਖੇ ਇਸ ਦੇ ਨਾਂ ਤੇ ਬਣੇ ਪਾਰਕ ਵਿਚ ਸੁਸ਼ੋਭਿਤ ਹੈ।


**BUSINESS ACCOUNTING CORPORATION & PERSONAL INCOME TAX**

**ACCOUNTING SERVICES**

**SUSHMA SACHDEV**

**8689,120th St.,DELTA, B.C.**

- BOOK-KEEPING
- BUSINESS ACCOUNT
- PERSONAL & BUSINESS INCOME TAX
- PAYROLL & TURST etc.

**PHONE: 590-3166**

**WILL WHEATON**

**PONTIC BUICK GMC LTD.**

**325-12th St. NEW WEST.**

**FOR**

New and used cars, station wagons, new & used truck, van and 4x4 jimmy....for all your driving needs....your well known professional salesman



Ph. Bus.526-2781
Res.524-4137
Pager 687-7711 #7610

**KULDIP SINGH JHAND**

# PABLA
## CLOTH HOUSE
& GIFTWEAR

**6496 MAIN ST VANCOUVER**
**321-5011 321 - 5311**



GRAND
# SALE
**Unbelievable Price Reduction**
*Many items on special clearance sale*

## ਆਓ ਤੇ ਮਿਲਾਓ ਹਰ ਰੰਗ ਦੇ ਸੂਟਾਂ ਲਈ ਮੈਚਿੰਗ ਦੁਪੱਟੇ ਸਾਡੇ ਕੋਲੋਂ ਹੀ ਮਿਲ ਸਕਦੇ ਹਨ
## ਪਹੁੰਚੋ ਤੇ ਖਰੀਦੋ

# Sarees
Give-away Prices

Just Bring a small Purse and fill
# BIG BAG

ਹਰ ਐਤਵਾਰ ਪਾਬਲਾ ਸੰਗੀਤ ਮਾਲਾ ਰੇਡੀਓ ਪ੍ਰੋਗਰਾਮ ਸੁਣਨਾ ਨਾ ਭੁਲੋ

**LISTEN TO PABLA CLOTH HOUSE RADIO PROGRAM EVERY SUNDAY FROM 3:30 TO 5:45 P.M. ON CJJC 800 AM. MORE INFORMATION PHONE 321-5011.**



Super Selection in Punjabi suits with Matching Duppattas
**TOP QUALITIES**
Never before sold in stores

People say **PABLA** is the
**' Best,Biggest and Cheapest'**
Visit us you'll also say so

**Don't forget to participate in our lucky draw tickets of video recorder**

# ਪੰਜਾਬ ਨੂੰ ਫਿਰਕੂ ਫੁਟ ਤੋਂ ਬਚਾਇਆ ਜਾਵੇ ਅਕਾਲੀ ਚੰਗੀਆਂ ਰਵਾਇਤਾਂ ਨੂੰ ਨਾ ਛੱਡਣ

**(ਸਾਥੀ ਹਰਕਿਸ਼ਨ ਸਿੰਘ ਸੁਰਜੀਤ ਐਮ. ਪੀ., ਮੈਂਬਰ ਪੋਲਿਟ ਬਿਊਰੋ ਸੀ. ਪੀ. ਐਮ ਦੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂਅ ਚਿੱਠੀ)**

ਪਿਆਰੇ ਸੰਤ ਜੀ,

ਪੰਜਾਬ ਦੇ ਭਵਿੱਖ ਬਾਰੇ ਸੋਚਣ ਵਾਲੇ ਹਰ ਮਨੁੱਖ ਨੂੰ ਜ਼ਹਿਰੀਲੇ ਫਿਰਕੂ ਵਾਤਾਵਰਣ ਬਾਰੇ ਚਿੰਤਾ ਲੱਗੀ ਹੋਈ ਹੈ। ਇਹ ਵਾਤਾਵਰਣ ਨਾ ਕੇਵਲ ਜ਼ਮਹੂਰੀ ਲਹਿਰ ਵਿਚ ਫੁੱਟ ਹੀ ਨਹੀਂ ਪਾਉਂਦਾ ਸਗੋਂ ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਵੀ ਖਤਰਾ ਪੈਦਾ ਕਰਦਾ ਹੈ। ਇਸ ਅਵਸਥਾ ਨੂੰ ਪੈਦਾ ਕਰਨ ਵਿਚ ਮੌਜੂਦਾ ਕਾਂਗਰਸ (ਆਈ) ਵਲੋਂ ਆਪਣੇ ਸੌੜੇ ਦ੍ਰਿਸ਼ਟੀ ਕੋਨ ਕਾਰਨ ਅਦਾ ਕੀਤੇ ਗਏ ਰੋਲ ਦਾ ਅਸੀਂ ਘਟਾ ਕੇ ਅੰਦਾਜ਼ ਨਹੀਂ ਲਾਉਂਦੇ ਪਰ ਸਵਾਲ ਇਹ ਹੈ ਕਿ ਅੱਜ ਦੀ ਦੂਜੀਆਂ ਰਾਜਸੀ ਸ਼ਕਤੀਆਂ ਨੇ ਹੀ ਹਾਲਤ ਨੂੰ ਸੰਭਾਲਣ ਲਈ ਅਤੇ ਇਕ ਪਾਸੇ ਸਰਕਾਰ ਦੀਆਂ ਚਾਲਾਂ ਨੂੰ ਹਰਾਉਣ ਲਈ ਅਤੇ ਦੂਜੇ ਪਾਸੇ ਬਦੇਸ਼ੀ ਸ਼ਕਤੀਆਂ ਦੇ ਇਸ਼ਾਰੇ ਉਤੇ ਕੰਮ ਕਰ ਰਹੇ ਅਤਿਵਾਦੀਆਂ ਦੇ ਹੱਲੇ ਤੋਂ ਪੰਜਾਬ ਨੂੰ ਬਚਾਉਣ ਲਈ ਆਪਣਾ ਫਰਜ਼ ਪੂਰਾ ਕੀਤਾ ਹੈ। ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਪਹਰਨ ਕਰਕੇ ਪਾਕਿਸਤਾਨ ਲੈ ਜਾਇਆ ਗਿਆ। ਖਾਲਿਸਤਾਨ ਲਈ ਲਹਿਰ ਨੂੰ ਅਮਰੀਕਾ ਤੇ ਕੈਨੇਡਾ ਵਲੋਂ ਹੱਲਾ ਸ਼ੇਰੀ ਦਿਤੀ ਜਾ ਰਹੀ ਹੈ। ਦਲ ਖਾਲਸਾ ਨੂੰ ਆਪਣੀਆਂ ਵਖਵਾਦੀ ਸਰਗਰਮੀਆਂ ਲਈ ਸਾਮਰਾਜੀ ਸੋਮਿਆਂ ਤੋਂ ਮਾਇਆ ਮਿਲ ਰਹੀ ਹੈ। ਇਹ ਇਕੱਲੀਆਂ ਕਾਰੀਆਂ ਘਟਨਾਵਾਂ ਨਹੀਂ ਹਨ। ਇਹਨਾਂ ਨੂੰ ਅਸਾਮ ਤੇ ਉਤਰ ਪੂਰਬੀ ਖਿਤੇ ਦੇ ਦੂਜੇ ਰਾਜਾਂ ਵਿਚ ਵਿਚ ਚਲਦੀਆਂ ਵਖਵਾਦੀ ਲਹਿਰਾਂ, ਵਿਰਾਟ ਹਿੰਦੂ ਸੰਮੇਲਨ ਅਤੇ ਸਾਊਦੀ ਰੁਪਏ ਦੀ ਸਹਾਇਤਾ ਨਾਲ ਚਲਦੀ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ ਦੇ ਪਿਛੋਕੜ ਵਿਚ ਸਮਝਿਆ ਜਾਣਾ ਚਾਹੀਦਾ ਹੈ। ਬਦੇਸ਼ੀ ਸਾਮਰਾਜੀ ਸਾਡੇ ਦੇਸ਼ ਨੂੰ ਅਸਥਿਰ ਕਰ ਦੇਣਾ ਚਾਹੁੰਦੇ ਹਨ ਤਾਂ ਜੋ ਉਹ ਇਸ ਵਿਚ ਆਪਣੀ ਮੁਦ ਖਲਤ ਲਈ ਰਾਹ ਸਾਫ ਕਰ ਸਕਣ। ਪੰਜਾਬ ਇਕ ਸਰਹੱਦੀ ਰਾਜ ਹੁੰਦਿਆਂ ਇਸ ਅਵਸਥਾ ਨਾਲ ਉਸ ਸਮੇਂ ਦੋ ਚਾਰ ਹੈ ਜਦੋਂ ਅਮਰੀਕੀ ਸਾਮਰਾਜ ਪਾਕਿਸਤਾਨ ਨੂੰ ਵੱਡੇ ਪੈਮਾਨੇ ਉਤੇ ਹਥਿਆਰਬੰਦ ਕਰ ਰਿਹਾ ਹੈ ਜਿਸ ਨਾਲ ਸਾਡੇ ਦੇਸ਼ ਦੀ ਸਲਾਮਤੀ ਲਈ ਖਤਰਾ ਪੈਦਾ ਕਰ ਦਿਤਾ ਹੈ।

ਇਹ ਅਵਸਥਾ ਬੜੀ ਖਤਰਨਾਕ ਹੈ ਅਤੇ ਡੂੰਘੀ ਵਿਚਾਰ ਲੋੜੀਂਦੀ ਹੈ ਇਸਨੂੰ ਸਰਕਾਰ ਉਤੇ ਨਹੀਂ ਛੱਡਿਆ ਜਾ ਸਕਦਾ ਜਿਸਨੇ ਇਸਨੂੰ ਨਜਿੱਠਣ ਵਿਚ ਆਪਣੀ ਅਯੋਗਤਾ ਸਾਬਤ ਕਰ ਦਿਤੀ ਹੈ। ਇਸ ਵੰਗਾਰ ਦਾ ਟਾਕਰਾ ਕਰਨਾ ਸਾਡਾ ਸਭਨਾਂ ਦਾ ਫਰਜ਼ ਹੈ। ਜਿਹੜੇ ਆਜ਼ਾਦੀ ਤੇ ਸਵਤੰਤਰਤਾ ਦੀ ਕਾਮਨਾ ਕਰਦੇ ਹਨ।

ਅਕਾਲੀ ਪਾਰਟੀ ਰਾਜ ਦੀ ਵੱਡੀ ਵਿਰੋਧੀ ਪਾਰਟੀ ਹੈ। ਇਹ ਨਾ ਕੇਵਲ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿਚ ਅਸਫਲ ਹੋ ਰਹੀ ਹੈ ਸਗੋਂ ਸਾਮਰਾਜ ਵਿਰੋਧ ਅਤੇ ਫਿਰਕੂ ਅਮਨ ਦੀਆਂ ਆਪਣੀਆਂ ਸਾਰੀਆਂ ਚੰਗੇਰੀਆਂ ਰਵਾਇਤਾਂ ਨੂੰ ਭੁਲਾ ਕੇ ਇਕ ਅਜਿਹੀ ਨੀਤੀ ਉਤੇ ਚਲ ਰਹੀ ਹੈ ਜਿਸ ਨਾਲ ਫੁਟ ਪਾਊ ਤੇ ਵੱਖਵਾਦੀ ਸ਼ਕਤੀਆਂ ਨੂੰ ਹੱਲਾਸ਼ੇਰੀ ਮਿਲਦੀ ਹੈ ਇਸ ਨਾਲ ਹਾਲਾਤ ਹੋਰ ਗੁੰਝਲਦਾਰ ਹੁੰਦੇ ਹਨ।

ਮੈਂ ਇਸ ਅਵਸਥਾ ਬਾਰੇ ਅਕਾਲੀ ਆਗੂਆਂ ਨਾਲ ਵਿਚਾਰ ਵਿਟਾਂਦਰਾ ਕਰਦਾ ਰਿਹਾ ਹਾਂ ਪਰ ਉਹਨਾ ਨੂੰ ਕਾਇਲ ਨਹੀਂ ਕਰ ਸਕਿਆ। ਦੋ ਮਹੀਨਿਆਂ ਤੋਂ ਮੈਂ ਇਕ ਖੁਲ੍ਹੀ ਚਿੱਠੀ ਤੁਹਾਡੇ ਨਾਂਅ ਲਿਖਣ ਲਈ ਸੋਚ ਰਿਹਾ ਸਾਂ ਤਾਂ ਜੋ ਉਹਨਾਂ ਸਾਧਾਰਨ ਅਕਾਲੀਆਂ ਤਕ ਆਪਣੀ ਗੱਲ ਪੁਚਾ ਸਕਾਂ ਜਿਹਨਾਂ ਨੇ ਗੁਰਦੁਆਰਾ ਸਧਾਰ ਤੇ ਕੌਮੀ ਸਵਤੰਤਰਤਾ ਲਈ ਬਹੁਤ ਵੱਡੀਆ ਕੁਰਬਾਨੀਆਂ ਕੀਤੀਆਂ ਹਨ।

ਮੰਦੇ ਭਾਗਾਂ ਨੂੰ ਅੱਜ ਦੀ ਲੀਡਰਸ਼ਿਪ ਵਿਚ ਕਈ ਅਜਿਹੇ ਹਨ ਜਿਹਨਾਂ ਨੂੰ ਤੀਜੇ ਤੇ ਚੌਥੇ ਦਹਾਕੇ ਦੀ ਅਕਾਲੀ ਲਹਿਰ ਵਿਚ ਹਿਸਾ ਪਾਉਣ ਦਾ ਮੌਕਾ ਨਹੀਂ ਮਿਲਿਆ। ਨਾ ਹੀ ਕਿਸੇ ਨੇ ਸਹੀ ਇਤਿਹਾਸ ਲਿਖਣ ਦਾ ਯਤਨ ਕੀਤਾ। ਜਿਸ ਤੋਂ ਅਕਾਲੀ ਲਹਿਰ ਜਿਹੜੀ ਕੌਮੀ ਸਵਤੰਤਰਤਾ ਦੀ ਲਹਿਰ ਦਾ ਅਟੁੱਟ ਅੰਗ ਸੀ ਦੀਆਂ ਚੰਗੇਰੀਆਂ ਤੋਂ ਨਵੀਂ ਪੀੜ੍ਹੀ ਨੂੰ ਪਰੇਰਣਾ



ਸੰਪਾਦਕੀ ਨੋਟ:—ਇਹ ਚਿੱਠੀ ਬੇਸ਼ੱਕ ਭਾਰਤ ਵਿਚ ਛਪ ਚੁੱਕੀ ਹੈ ਪਰ ਇਸ ਅੰਦਰਲੇ ਤੱਥਾਂ ਬਾਰੇ ਕੈਨੇਡੀਅਨ ਭਾਰਤੀਆਂ ਨੂੰ ਜਾਣੂ ਕਰਾਉਣਾ ਜ਼ਰੂਰੀ ਹੋਣ ਕਾਰਨ ਅਸੀਂ ਇਹ ਖੁਲ੍ਹੀ ਚਿੱਠੀ ਛਾਪ ਰਹੇ ਹਾਂ —ਸੰਪਾਦਕ

ਮਿਲਦੀ। ਮਹੰਤਾਂ ਤੋਂ ਗੁਰਦੁਆਰਿਆਂ ਨੂੰ ਮੁਕਤ ਕਰਾਉਣ ਦੀ ਲਹਿਰ ਦੇਸ਼ ਦੀ ਮੁਕਤੀ ਦੀ ਲਹਿਰ ਵਿਚ ਇਕਮਿਕ ਹੋ ਗਈ ਸੀ। ਇਹ ਗਲ ਇਤਫਾਕੀਆਂ ਨਹੀਂ ਹੈ ਕਿ ਕਾਂਗਰਸ ਖੱਬੀ ਲਹਿਰ ਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਅਕਾਲੀ ਪਾਰਟੀ ਵਿਚੋਂ ਗਏ ਸਨ ਤੇ ਅਕਾਲੀ ਪਾਰਟੀ ਦੀ ਉਨ੍ਹਾਂ ਨੂੰ ਹਮਾਇਤ ਹਾਸਲ ਸੀ।

ਬਰਤਾਨਵੀ ਰਾਜ ਦੇ ਸਮੇਂ ਵਿਚ ਵੀ ਸਿੱਖਾਂ ਵਿਚ ਦੋ ਰੁਝਾਨ ਸਨ। ਜਗੀਰਦਾਰ ਤੇ ਰਜਵਾੜੇ ਬਦੇਸ਼ੀ ਹਾਕਮਾਂ ਦੇ ਵੱਲ ਸਨ ਤੇ ਉਨ੍ਹਾਂ ਦੀ ਪ੍ਰਤੀਨਿਧਤਾ ਚੀਫ ਖਾਲਸਾ ਦੀਵਾਨ ਕਰਦਾ ਸੀ। ਸਾਮਰਾਜ ਵਿਰੋਧੀਆਂ ਦੀ ਪ੍ਰਤੀਨਿਧਤਾ ਅਕਾਲੀ ਪਾਰਟੀ ਕਰਦੀ ਸੀ। ਇਸੇ ਸੰਘਰਸ਼ ਕਾਰਨ ਹੀ ਰਿਆਸਤੀ ਲੋਕਾਂ ਦੀ ਲਹਿਰ ਅਕਾਲੀ ਲਹਿਰ ਅਤੇ ਕੌਮੀ ਲਹਿਰ ਇਕੋ ਧਾਰਾ ਵਿਚ ਇਕੱਠੀਆਂ ਹੋ ਗਈਆ ਸਨ। ਮੈਂ ਚਾਹਾਂਗਾ ਕਿ ਤੁਸੀਂ ਅਕਾਲੀ ਅਖਬਾਰ ਤੇ ਦੂਸਰੇ ਪਰਚਿਆਂ ਦੀਆਂ ਪੁਰਾਣੀਆਂ ਫਾਈਲਾਂ ਨੂੰ ਲਓ ਇਹਨਾ ਵਿਚੋਂ ਤੁਹਾਨੂੰ ਉਨਾਂ ਸ਼ਾਨਦਾਰ ਕਾਂਡਾਂ ਦਾ ਪਤਾ ਲੱਗੇਗਾ ਜਿਹੜੇ ਅਕਾਲੀਆਂ ਨੇ ਆਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਵਿਚ ਲਿਖੇ ਹਨ।

ਬਰਤਾਨੀਆਂ ਵਿਰੁਧ ਏਕਤਾ ਲਈ ਅਕਾਲੀਆਂ ਵਲੋਂ ਪਹਿਲ ਕਦਮੀ ਦੀਆਂ ਮੈਂ ਏਥੇ ਦੋ ਉਦਾਹਰਣਾ ਦੇਣਾ ਚਾਹੁੰਦਾ ਹਾਂ।

1925 ਵਿਚ ਬਾਬਾ ਭਗਵਾਨ ਸਿੰਘ ਦੁਸਾਂਝ ਕਲਾਂ ਸ਼ਹੀਦੀ ਜਥੇ ਦੇ 24 ਹੋਰ ਮੈਂਬਰਾਂ ਨਾਲ ਕੈਨੇਡਾ ਤੋਂ ਅਕਾਲੀ ਲਹਿਰ ਵਿਚ ਹਿਸਾ ਲੈਣ ਲਈ ਆਇਆ ਸੀ। ਅਕਾਲੀ ਲਹਿਰ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਦੇ ਨਿਸ਼ਾਨੇ ਨੂੰ ਪਰਾਪਤ ਕਰ ਚੁੱਕੀ ਸੀ। ਪਰ ਬਰਤਾਨਵੀ ਸਾਮਰਾਜੀਏ ਫਿਰਕੂ ਖਿਚਾਅ ਪੈਦਾ ਕਰਨ ਦਾ ਜਤਨ ਕਰ ਰਹੇ ਸਨ ਤੇ ਉਹਨਾ ਫਿਰਕੂ ਫਸਾਦ ਵੀ ਕਰਾਏ। ਬਾਬ ਭਗਵਾਨ ਸਿੰਘ ਨੇ ਆਪਣੀ ਸ਼ਹੀਦੀ ਜਥੇ ਨਾਲ ਦਿੱਲੀ ਤੋਂ ਪੇਸ਼ਾਵਰ ਤਕ ਤੇ ਪੇਸ਼ਾਵਰ ਤੋਂ ਕਲਕੱਤੇ ਤਕ ਸਾਰੇ ਦੇਸ਼ ਦਾ ਦੌਰਾ ਕੀਤਾ ਤੇ ਬਰਤਾਨਵੀ ਖੇਡ ਨੂੰ ਨੰਗਾ ਕੀਤਾ।

1930 ਵਿਚ ਜਦੋਂ ਅੰਗਰੇਜ਼ਾਂ ਨੇ ਕਿੱਸਾ ਖਾਨੀ ਬਜ਼ਾਰ ਵਿਚ ਪਠਾਣਾਂ ਨੂੰ ਦਬਾਉਣ ਲਈ ਉਹਨਾਂ ਉਤੇ ਗੋਲੀ ਚਲਾਈ ਮਾਸਟਰ ਤਾਰਾ ਸਿੰਘ 100 ਅਕਾਲੀਆਂ ਦਾ ਜਥਾ ਲੈ ਕੇ ਪਠਾਣਾਂ ਦੀ ਹਮਾਇਤ ਤੇ ਪਸ਼ੌਰ ਗਏ।

ਜਿਥੋਂ ਤਕ ਕਮਿਊਨਿਸਟ ਲਹਿਰ ਵਲ ਉਹਨਾਂ ਦੇ ਰਵਈਏ ਦਾ ਸਵਾਲ ਹੈ, ਉਹਨਾਂ ਨੂੰ ਰੂਸੀ ਇਨਕਲਾਬ ਨੇ ਬਹੁਤ ਉਤਸ਼ਾਹਤ ਕੀਤਾ ਸੀ। ਜਦੋਂ ਭਾਈ ਸੰਤੋਖ ਸਿੰਘ ਮਾਸਕੋ ਤੋਂ ਆਏ ਤਦ ਉਹਨਾਂ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਟਿਕਾਣਾ ਕੀਤਾ। ਉਥੋਂ ਹੀ ਕਿਰਤੀ ਦੇ ਕਈ ਇਸ਼ੂ ਕੱਢੇ ਗਏ। ਅਸੀਂ ਇਸ ਤਥ ਵਿਚ ਮਾਣ ਮਹਿਸੂਸ ਕਰਦੇ ਹਾਂ ਕਿ ਭਾਰਤ ਵਿਚ ਪਹਿਲੀ ਵਾਰ ਦਾਤਰੀ ਤੇ ਹਥੌੜੇ ਵਾਲਾ ਲਾਲ ਝੰਡਾ ਪਹਿਲੀ ਮਈ, 1926 ਨੂੰ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਵੀ ਝੁਲਾਇਆ ਗਿਆ ਸੀ।

ਜਦੋਂ 1927 ਵਿਚ ਹੁਸ਼ਿਆਰਪੁਰ ਵਿਚ ਹੋਏ ਸਿੱਖ ਲੀਗ ਦੇ ਸਮਾਗਮ ਸਮੇਂ ਪੰਜਾਬ ਵਿਚ ਕਿਰਤੀ ਕਿਸਾਨ ਪਾਰਟੀ ਬਣਾਈ ਗਈ ਸੀ ਤਾਂ ਇਸ ਸਮਾਗਮ ਦਾ ਮੁਖ ਮਤਾ ਮਾਸਟਰ ਤਾਰਾ ਸਿੰਘ ਨੇ ਹੀ ਪੇਸ਼ ਕੀਤਾ ਸੀ।

1930-32 ਲਹਿਰ ਦੀ ਅਸਫਲਤਾ ਅਤੇ ਨਹਿਰੂ ਰੀਪੋਰਟ ਦੇ ਛਪਣ ਅਤੇ ਗੋਲਮੇਜ਼ ਕਾਨਫਰੰਸ ਤੋਂ ਪਿਛੋਂ ਜਿਥੇ ਅੰਗਰੇਜ਼ਾਂ ਨੇ ਫਿਰਕੂ ਪ੍ਰਤੀਨਿਧਤਾ ਦਾ ਸਕੰਲਪ ਪੇਸ਼ ਕੀਤਾ ਕੁਝ ਅਕਾਲੀ ਆਗੂਆਂ ਵਿਚ ਫਿਰਕੂ ਰੁਚੀਆਂ ਵਿਕਸਤ ਹੋਈਆਂ। ਇਸੇ ਫਿਰਕੂ ਪਹੁੰਚ ਕਾਰਨ 1935 ਵਿਚ ਮਹਾਰਾਜਾ ਪਟਿਆਲਾ ਨਾਲ ਸਮਝੌਤਾ ਕਰ ਲਿਆ ਗਿਆ ਸੀ ਜਦੋਂ ਕਿ ਉਸਦੇ ਹੱਥ ਸੇਵਾ ਸਿੰਘ ਠੀਕਰੀਵਾਲਾ ਦੇ ਖੂਨ ਨਾਲ ਭਿਜੇ ਹੋਏ ਸਨ। ਮੈਂ ਉਹ ਦ੍ਰਿਸ਼ ਆਪਣੇ ਅੱਖੀਂ ਵੇਖਿਆ ਹੈ ਜਦੋਂ ਅਕਾਲ ਤਖਤ ਵਿਖੇ ਅਕਾਲੀ ਦਲ ਦੀ ਜਨਰਲ ਬਾਡੀ ਦੀ ਮੀਟਿੰਗ ਇਸ ਸਮਝੌਤੇ ਨੂੰ ਸਰਬ ਸੰਮਤੀ ਨਾਲ ਨਿਖੇਧੀ ਕਰਨ ਲਈ ਕੀਤੀ ਗਈ ਸੀ। ਮਾਸਟਰ ਤਾਰਾ ਸਿੰਘ ਨੇ ਸਭਨਾਂ ਅਹੁਦਿਆਂ ਤੋਂ ਅਸਤੀਫਾ ਦੇ ਦਿਤਾ ਸੀ ਤੇ ਉਸਨੂੰ ਸਵੈ-ਇਛਿਤ ਤੌਰ ਤੇ ਅਗਿਆਤਵਾਸ ਤੇ ਜਾਣਾ ਪਿਆ ਸੀ। ਉਸ ਸਮੇਂ ਇਕ ਨਵੀਂ ਲੀਡਰਸ਼ਿਪ ਉਭਰ ਆਈ ਸੀ ਜਿਸ ਵਿਚ ਚੰਨਣ ਸਿੰਘ ਉਰਾੜਾ ਪ੍ਰਧਾਨ ਬਣਿਆ ਤੇ ਬਲਵੰਤ ਸਿੰਘ ਦੁਖੀਆ ਜਨਰਲ ਸਕੱਤਰ।

ਮੈਂ ਆਪਣਾ ਫਰਜ਼ ਪੂਰਾ ਨਹੀਂ ਕਰ ਰਿਹਾ ਹੋਵਾਂਗਾ ਜੇ ਮੈਂ ਬਬਰ ਅਕਾਲੀਆਂ ਦੇ ਬਹਾਦਰਾਨਾ ਸੰਘਰਸ਼ ਦੀ ਗੱਲ ਨਾ ਕਰਾਂ ਜਾਂ ਕਿਸ਼ਨ ਸਿੰਘ ਗੜਗਜ ਦਾ ਨਾਂਅ ਅਜੇ ਵੀ ਇਕ ਗਾਥਾ ਵਜੋਂ ਜਾਣਿਆ ਜਾਂਦਾ ਹੈ। ਕੌਮੀ ਅਜ਼ਾਦੀ ਲਈ ਉਹਨਾਂ ਬੇਓੜਕ ਕੁਰਬਾਨੀਆਂ ਕੀਤੀਆਂ। ਉਹਨਾਂ ਵਿਚੋਂ ਕੁਝ ਨੂੰ ਫਾਂਸੀ ਹੋਈ ਕੁਝ ਬੇਰਹਿਮੀ ਨਾਲ ਗੋਲੀਆ ਨਾਲ ਉਡਾਏ ਗਏ ਤੇ ਬਾਕੀਆਂ ਨੂੰ ਉਮਰ ਕੈਦਾਂ ਭੁਗਤਨੀਆਂ ਪਈਆਂ ਜਿਨਾਂ ਸਰਕਾਰੀ ਏਜੰਟਾਂ ਨੂੰ ਉਹਨਾ ਮਾਰਿਆ ਉਹ ਸਿਖ ਸਨ। ਉਹਨਾਂ ਨੇ ਕਦੇ ਵੀ ਹਿੰਦੂਆਂ ਤੇ ਸਿੱਖਾਂ ਵਿਚ ਵਿਤਕਰਾ ਨਹੀਂ ਸੀ ਕੀਤਾ। ਜਿਸ ਦੀ ਬਜਾਏ ਉਹ ਉਹਨਾਂ ਵਿਚ ਫਰਕ ਕਰਦੇ ਸਨ ਜਿਹੜੇ ਅੰਗਰੇਜ਼ਾਂ ਦੀ ਹਮਾਇਤ ਕਰਦੇ ਸਨ ਤੇ ਜਿਹੜੇ ਉਹਨਾਂ ਦਾ ਵਿਰੋਧ ਕਰਦੇ ਸਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਜੇਲ੍ਹਾਂ ਵਿਚੋਂ ਰਿਹਾ ਹੋਣ ਤੋਂ ਪਿਛੋਂ ਬਹੁਤੇ ਬਬਰ ਅਕਾਲੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ।

ਇਹ ਹੈ ਸ਼ਰੋਮਣੀ ਅਕਾਲੀ ਦਲ ਦੀਆਂ ਸ਼ਾਨਦਾਰ ਰਵਾਇਤਾਂ ਦਾ ਵਿਰਸਾ ਜੇ ਤੁਸੀਂ ਅਕਾਲੀ ਦਲ ਦੇ ਇਤਿਹਾਸ ਨੂੰ ਵੇਖੋ ਤਾਂ ਪਤਾ ਲੱਗੇਗਾ ਕਿ ਜਦੋਂ ਇਸਨੇ ਪਿਛਾਂ ਖਿਚੂਆਂ ਨਾਲ ਸਮਝੌਤਾ ਕੀਤਾ ਤੇ ਫਿਰਕੂ ਰਾਜਨੀਤਤ ਚਲਾਈ ਉਦੋਂ ਇਸਦੀ ਸਾਖ ਘਟੀ ਅਤੇ ਜਦ ਵੀ ਇਸ ਨੇ ਸਾਮਰਾਜ ਤੇ ਅੰਦਰੂਨੀ ਪਿਛਾਂ ਖਿਚੂਆਂ ਵਿਰੁਧ ਮਜ਼ਬੂਤ ਪੁਜ਼ੀਸ਼ਨ ਲਈ ਅਤੇ ਧਰਮ ਨਿਰਲੇਪਤਾ, ਜਮਹੂਰੀਅਤ ਅਤੇ ਪਰਗਤੀ ਦਾ ਪੱਖ ਪੂਰਿਆ। ਇਸ ਦੇ ਵਿਕਾਰ ਨੇ ਨਵੀਆਂ ਉਚਾਈਆਂ ਛੂਹੀਆਂ।

ਜੇ ਤੁਸੀਂ ਅਜ਼ਾਦੀ ਪਿਛੋਂ ਦੇ ਭਾਰਤ ਦੀਆਂ ਘਟਨਾਵਾਂ ਨੂੰ ਵੀ ਵੇਖੋ ਤਾਂ ਵੀ ਤੁਸੀਂ ਇਸੇ ਹੀ ਨਤੀਜੇ ਉਤੇ ਪੁਜੋਗੇ ਅਜ਼ਾਦੀ ਤੋਂ ਬਾਅਦ ਦੇ ਭਾਰਤ ਵਿਚ ਮਾਸਟਰ ਤਾਰਾ ਸਿੰਘ ਨੇ ਸਿਖ ਹੋਮਲੈਂਡ ਤੇ ਸਿੱਖਾਂ ਲਈ ਪੰਜਾਬੀ ਸੂਬੇ ਦਾ ਨਾਅਰਾ ਲਾਇਆ। ਉਸਨੂੰ ਇਸ ਵਿਚ ਸਫਲਤਾ ਨਾ ਮਿਲੀ ਤੇ ਪੰਜਾਬੀ ਲੋਕ, ਹਿੰਦੂਆਂ ਤੇ ਸਿੱਖਾਂ ਵਿਚ ਫਿਰਕੂ ਅਧਾਰ ਤੇ ਵੰਡੇ ਗਏ। ਕੇਵਲ ਉਦੋਂ ਹੀ ਇਸ ਲਹਿਰ ਨੇ ਤਾਕਤ ਫੜੀ ਤੇ ਕੇਂਦਰੀ ਸਰਕਾਰ ਨੂੰ ਇਹ ਮੰਗ ਮੰਨਣੀ ਪਈ ਜਦੋਂ ਸੰਤ ਫਤਿਹ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਉਹਨਾਂ ਦੇ ਧਰਮਾਂ ਦੇ ਭਿੰਨ-ਭੇਦ ਨੂੰ ਲਾਂਭੇ ਰਖਕੇ ਸਭਨਾਂ ਪੰਜਾਬੀਆਂ ਦੀ ਮੰਗ ਵਜੋਂ ਪੇਸ਼ ਕਰਨਾ ਮੰਨਿਆ। ਇਸ ਵਿਚ ਅਸਾਂ ਵੀ ਆਪਣਾ ਨਿਮਾਣਾ ਹਿਸਾ ਪਾਇਆ। ਤੁਸੀਂ ਅਕਾਲੀ ਦਲ ਦਾ ਰੀਕਾਰਡ ਵੇਖ ਸਕਦੇ ਹੋ ਜਿਨਾਂ ਵਿਚ ਤੁਹਾਨੂੰ ਸੰਤ ਫਤਿਹ ਸਿੰਘ ਜੀ ਅਤੇ ਸਾਡੇ ਵਿਚਕਾਰ ਹੋਇਆ ਚਿੱਠੀ ਪੱਤਰ ਮਿਲੇਗਾ।

1967 ਦਾ ਅਕਾਲੀ ਮੰਤਰੀ ਮੰਡਲ ਨਾ ਕੇਵਲ ਪੰਜਾਬ ਦੇ ਸਗੋਂ ਬਾਕੀ ਦੇਸ਼ਾਂ ਦੇ ਲੋਕਾਂ ਉਤੇ ਵੀ ਆਪਣਾ ਪ੍ਰਭਾਵ ਪਾ ਸਕਿਆ ਸੀ ਕਿਉਂਕਿ ਇਸ ਨੇ ਰਾਜ ਦੇ ਲੋਕਾਂ ਦੀ ਖੁਸ਼ਹਾਲੀ ਦਾ ਇਕ ਪਰੋਗਰਾਮ ਬਣਾਇਆ ਸੀ ਤੇ ਇਹ ਦੇਸ਼ ਦੀਆਂ ਜਮਹੂਰੀ ਸ਼ਕਤੀਆਂ ਦੇ ਨਾਲ ਖਲੋਤਾ ਸੀ ਪਰ ਕਾਂਗਰਸ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ। ਇਸ ਨੇ ਅਕਾਲੀ ਪਾਰਟੀ ਦੇ ਅੰਦਰ ਫੁੱਟ ਪਾ ਦਿਤੀ ਜਿਸ ਕਾਰਲ ਇਹ ਮੰਤਰੀ ਮੰਡਲ ਟੁੱਟ ਗਿਆ।

ਰਾਜ ਦੇ ਲੋਕਾਂ ਨੇ ਇਕ ਵਾਰ ਫਿਰ 1969 ਦੀਆਂ ਚੋਣਾ ਵਿਚ ਅਕਾਲੀ ਪਾਰਟੀ ਨੂੰ ਭਾਰੀ ਬਹੁ ਗਿਣਤੀ ਨਾਲ ਜਿਤਾਇਆ ਪਰ ਇਕ ਵਾਰ ਫੇਰ ਅਕਾਲੀ ਦਲ ਦੇ ਅੰਦਰੂਨੀ ਝਗੜਿਆਂ ਨੇ ਸੰਕਟ ਪੈਦਾ ਕਰ ਦਿਤਾ ਜਦੋਂ ਇਕ ਹਿਸਾ ਕਾਂਗਰਸ ਦੀਆਂ ਚਾਲਾਂ ਦਾ ਸ਼ਿਕਾਰ ਹੋ ਗਿਆ। ਪਰ ਸਾਡੀ ਹਮਾਇਤ ਨਾਲ ਬਾਦਲ ਮੰਤਰੀ ਮੰਡਲ ਬਣ ਸਕਿਆ। ਪਰ ਇਸ ਸਮੇਂ ਤਕ ਇਹ ਆਪਣੀ ਸੇਧ ਗੁਆ ਬੈਠਾ ਸੀ। ਆਕਲੀ ਹਕੂਮਤ ਦੌਰਾਨ ਮੁਕਾਬਲਿਆਂ ਦੇ ਨਾਂਅ ਉਤੇ ਪੁਲੀਸ ਹਥੋਂ 35 ਰਾਜਸੀ ਵਰਕਰ ਕਤਲ ਹੋਏ।


**Sunlife**
OF CANADA
**Get Your Life in Shape**



Mohinder Singh Gill
B.Comm., M.B.A., C.G.A.

**Dou You Have a Key-Person in Your Business ?**

Life Under Writer
Member Million Dollar Round Table
700 Royal Center (Box 11112)
1055 W. Georgia St., Vancouver, B.C.
V6E 3P3

**What would happen if you lost that person ? Insure your recouvery**
Call: Off.682-8441 Res.433-1684



**NATIONAL REAL ESTATE SERVICE**

NRS

■ BUYING
■ SELLING

Free Evaluation For Your Property Call Any Time Without Any Obligation.

**MALKIT DHAMI**
M.A. (Eco.)
Phone. Off. 321-6881
Res. 879-9078

BLOCK BROS.
REALTY LIMITED
5842 Cambie Street, Vancouver, B.C.

ਪਰ ਸਰਦਾਰ ਬਾਦਲ ਵਲੋਂ ਸਾਡੇ ਨਾਲ ਕੀਤੇ ਵਾਅਦਿਆਂ ਦੇ ਬਾਵਜੂਦ ਕੁਝ ਸਪਸ਼ਟ ਕੇਸਾਂ ਦੀ ਅਦਾਲਤੀ ਪੜਤਾਲ ਵੀ ਨਾ ਕਰਵਾਈ ਜਾ ਸਕੀ। ਮਾਰੇ ਗਏ ਵਿਅਕਤੀਆਂ ਵਿਚੋਂ ਬਹੁਤੇ ਸਿੱਖ ਪਰਵਾਰਾਂ ਦੇ ਸਨ ਪਰ ਕਿਸੇ ਨੇ ਇਸ ਵਿਰੁਧ ਅਵਾਜ਼ ਨਾ ਉਠਾਈ। ਸਗੋਂ 1971 ਦੀਆਂ ਚੋਣਾਂ ਲਈ ਕਾਂਗਰਸ ਨਾਲ ਸਮਝੌਤਾ ਕਰਨ ਦੇ ਜਤਨ ਕੀਤੇ ਗਏ। ਅਸਲ ਵਿਚ ਸਮਝੌਤਾ ਹੋ ਵੀ ਗਿਆ ਪਰ ਜਗਦੇਵ ਸਿੰਘ ਤਲਵੰਡੀ ਵਲੋਂ ਮਜ਼ਬੂਤ ਸਟੈਂਡ ਲੈਣ ਕਾਰਨ ਇਹ ਜਤਨ ਅਸਫਲ ਰਿਹਾ।

1972 ਵਿਚ ਪੰਜਾਬ ਵਿਚ ਕਾਂਗਰਸ ਦੇ ਮੰਤਰੀ ਮੰਡਲ ਬਣਨ ਤੇ ਬਾਅਦ ਅਤਿਵਾਦੀ ਅਨਸਰਾਂ ਨੇ ਸਿਰ ਚੁੱਕਣਾ ਸ਼ੁਰੂ ਕੀਤਾ ਅਤੇ ਸਿੱਖਾਂ ਵਿਰੁਧ ਵਿਤਕਰੇ ਦਾ ਨਾਅਰਾ ਚੁੱਕ ਲਿਆ ਗਿਆ। 1973 ਦਾ ਅਨੰਦਪੁਰ ਮਤਾ ਅਕਾਲੀ ਦਲ ਦੇ ਅੰਦਰ ਅਤਿਵਾਦੀ ਰਾਜਨੀਤੀ ਦੀ ਜਿੱਤ ਸੀ। ਬਆਦ ਵਿਚ ਦਲ ਦੇ ਆਗੂਆਂ ਨੇ ਇਸ ਨੂੰ ਵਧੇਰੇ ਖੁਦ ਮੁਖਤਾਰੀ ਦੀ ਮੰਗ ਵਜੋਂ ਪੇਸ਼ ਕਰਨ ਦਾ ਜਤਨ ਕੀਤਾ।

ਅਨੰਦਪੁਰ ਦਾ ਮਤਾ ਕੇਵਲ ਖੁਦ ਮੁਖਤਾਰੀ ਦੀ ਮੰਗ ਕਰਦਾ ਪਰਸਤਾਵ ਨਹੀਂ ਹੈ, ਇਹ ਸਿਖ ਕੱਟੜ ਪੰਥੀਪੁਣੇ ਉਤੇ ਅਧਾਰਤ ਹੈ ਅਤੇ ਵਖਵਾਦ ਦੇ ਬੀਜ ਇਸ ਵਿਚ ਮੌਜੂਦ ਹਨ। ਇਹ ਉਹਨਾ ਲੋਕਾਂ ਦੀ ਜਿੱਤ ਸੀ ਜਿਹੜੇ ਸਿੱਖਾਂ ਅਤੇ ਰਾਜ ਦੇ ਦੂਸਰੇ ਫਿਰਕਿਆਂ ਵਿਚਕਾਰ ਪਾੜਾ ਪਾਉਣਾ ਚਾਹੁੰਦੇ ਸਨ। ਇਸ ਦਾ ਲਾਭ ਕੇਵਲ ਕੇਂਦਰ ਦੀ ਹਾਕਮ ਪਾਰਟੀ ਨੂੰ ਹੀ ਹੋ ਸਕਦਾ ਸੀ ਜਿਹੜੀ ਆਪਣੇ ਰਾਜ ਸਥਾਈ ਤੌਰ ਤੇ ਕਾਇਮ ਰੱਖਣ ਲਈ ਫਿਰਕੂ ਵੰਡ ਵਰਤਦੀ ਆਈ ਹੈ।

ਇਸ ਮਤੇ ਦੀ ਵਿਆਖਿਆ ਕਈ ਤਰਾਂ ਨਾਲ ਕੀਤੀ ਗਈ ਹੈ। ਜਿਹੜੇ ਆਪਣੇ ਆਪ ਨੂੰ ਅਤਿਵਾਦੀਆਂ ਨਾਲੋਂ ਵੱਖ ਰਖਣਾ ਚਹੁੰਦੇ ਹਨ ਦਲੀਲ ਦੇਂਦੇ ਹਨ ਕਿ ਇਹ ਰਾਜਾਂ ਲਈ ਵਧੇਰੇ ਅਧਿਕਾਰ ਮੰਗਦਾ ਹੈ ਅਤੇ ਵਧੇਰੇ ਖੁਦ-ਮੁਖਤਿਆਰੀ ਦੀ ਜਮਹੂਰੀ ਮੰਗ ਦਾ ਹੀ ਪਰਗਟਾਵਾ ਕਰਦਾ ਹੈ। ਦੂਸਰੇ ਦਾਅਵਾ ਕਰਦੇ ਹਨ ਕਿ ਇਹ ਮਤਾ ਸਿੱਖ ਕੌਮ ਦੇ ਸੰਕਲਪ ਉਤੇ ਅਧਾਰਤ ਹੈ।

ਅਨੰਦਪੁਰ ਮਤਾ ਇਸ ਐਲਾਨ ਨਾਲ ਸ਼ੁਰੂ ਹੁੰਦਾ ਹੈ:

'ਅਕਾਲੀ ਦਲ ਹੀ ਇਕ ਅਜੇਹੀ ਜਥੇਬੰਦੀ ਹੈ ਜਿਹੜੀ ਸਿਖ ਪੰਥ ਦੇ ਸਮੂਹਕ ਇਰਾਦੇ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਜਿਸਨੂੰ ਇਹ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਹੈ। ਸਿਖ ਪੰਥ ਇਕ ਅਜਿਹਾ ਸਮਾਜ ਹੈ ਜਿਹੜਾ ਕੁਝ ਧਾਰਨਾਵਾਂ ਉਤੇ ਆਧਾਰਤ ਹੈ। ਇਹ ਧਾਰਨਾਵਾਂ ਆਪਸੀ ਮਨੁੱਖੀ ਅੰਤਰ ਸਬੰਧਾਂ, ਮਨੁੱਖਾਂ ਦੀ ਅਵਸਥਾ ਤੇ ਮਨੁਖ ਦੇ ਅਸਲੀਅਤ ਨਾਲ ਸਬੰਧਾਂ ਬਾਰੇ ਹਨ।'

ਰਾਜਸੀ ਮੰਤਵਾਂ ਦੇ ਸਿਰਲੇਖ ਹੇਠ ਮਤਾ ਕਹਿੰਦਾ ਹੈ:

'ਪੰਥ ਦਾ ਰਾਜਸੀ ਨਿਸ਼ਾਨਾ ਨਿਸਚੇ ਹੀ ਦਸਵੇਂ ਗੁਰੂ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਤੇ ਖਾਲਸਾ ਪੰਥ ਦੇ ਭਵਿਖ ਨਕਸ਼ੇ ਵਿਚ ਅੰਕਤ ਹੈ ਜਿਸ ਦਾ ਮੰਤਵ ਖਾਲਸਾ ਜੀ ਦਾ ਬੋਲਬਾਲਾ ਹੈ।'

'ਖਾਲਸੇ ਦੇ ਇਸ 'ਜਨਮ-ਅਧਿਕਾਰ' ਨੂੰ ਅਮਲੀ ਸ਼ਕਤੀ ਦੇਣ ਲਈ ਯੋਗ ਵਾਤਾਵਰਣ ਅਤੇ ਇਕ ਰਾਜਸੀ ਵਿਧਾਨ ਦੀ ਪ੍ਰਾਪਤੀ ਜ਼ਰੂਰੀ ਕਦਮ ਹਨ।'

ਇਸ ਤੋਂ ਇਹ ਸਪਸ਼ਟ ਹੈ ਕਿ ਇਸ ਮਤੇ ਅਨੁਸਾਰ ਅਕਾਲੀ ਦਲ ਹੀ ਇਕੱਲਾ ਸਿਖਾਂ ਦਾ ਪ੍ਰਤੀਨਿਧ ਹੈ ਤੇ ਇਹਦਾ ਮੰਤਵ ਅਜਿਹਾ ਸਮਾਜ ਸਥਾਪਤ ਕਰਨਾ ਹੈ ਜਿਹੜਾ ਖਾਲਸੇ ਦਾ ਬੋਲਬਾਲਾ ਕਾਇਮ ਕਰੇ, ਸਮਾਜ ਜਿਹੜਾ ਸਿਖ ਧਾਰਨਾਵਾਂ ਉਤੇ ਅਧਾਰਤ ਹੋਵੇ, ਭਾਵ ਇਕ ਅਜਿਹਾ ਰਾਜ ਜਿਹੜਾ ਸਿਖ ਰਵਾਇਤਾਂ ਤੇ ਸਿੱਖ ਰਸਮਾਂ ਉਤੇ ਅਧਾਰਤ ਹੋਵੇ। ਇਹੋ ਕਾਰਨ ਹੈ ਕਿ ਅਕਾਲੀ ਦਲੀਲ ਦਿੰਦੇ ਹਨ ਕਿ ਜਿਥੋਂ ਤਕ ਸਿੱਖਾਂ ਦਾ ਸਬੰਧ ਹੈ ਧਰਮ ਤੇ ਰਾਜਨੀਤੀ ਨਿਖੇੜੇ ਨਹੀਂ ਜਾ ਸਕਦੇ। ਇਸ ਲਈ ਇਹ ਦਲੀਲ ਦੇਣੀ ਵਿਅਰਥ ਹੈ ਕਿ ਅਨੰਦਪੁਰ ਮਤਾ ਰਾਜਾਂ ਨੂੰ ਵਧੇਰੇ ਖੁਦ-ਅਖਤਿਆਰੀ ਦੀ ਗੱਲ ਕਰਦਾ ਹੈ।

ਅਸਲੀਅਤ ਇਹ ਹੈ ਕਿ ਤੁਹਾਡੀ ਪਾਰਟੀ ਦੀ ਲੀਡਰਸ਼ਿਪ ਵਿਚਲੇ ਉਹ ਲੋਕ ਜਿਹੜੇ ਖਾਲਿਸਤਾਨ ਦੇ ਅਤਿਵਾਦੀ ਨਾਹਰੇ ਤੋਂ ਚਿੰਤਾਤੁਰ ਹੋਏ ਸਨ ਉਸ ਸਮੇਂ ਇਹ ਹਿੰਮਤ ਨਾ ਕਰ ਸਕੇ ਕਿ ਅਨੰਦਪੁਰ ਮਤੇ ਦਾ ਵਿਰੋਧ ਕਰਨ। ਉਹਨਾਂ ਇਹ ਨਾ ਸਮਝਿਆ ਕਿ ਇਸ ਮਤੇ ਦੀ ਸਰਬ ਸੰਮਤੀ ਨਾਲ ਪਰਵਾਨਗੀ ਕਿਧਰ ਲੈ ਜਾਏਗੀ ਤੇ ਇਸਦੇ ਸਿੱਟੇ ਕਿੰਨੇ ਗੰਭੀਰ ਹੋਣਗੇ। ਇਸ ਮਤੇ ਨੂੰ ਬਾਅਦ ਵਿਚ ਅਕਾਲੀ ਦਲ ਦੀ ਜਨਰਲ ਬਾਡੀ ਵਿਚ ਕਿਸੇ ਗੰਭੀਰ ਬਹਿਸ ਤੋਂ ਬਗੈਰ ਪਰਵਾਨਗੀ ਦੇ ਦਿਤੀ ਗਈ। ਇਹ ਗੱਲ ਚੰਗੀ ਹੋਈ ਕਿ ਇਸ ਪਰਸਤਾਵ ਉਤੇ ਕੋਈ ਅਮਲੀ ਕਾਰਵਾਈ ਨਾ ਕੀਤੀ ਗਈ।

1974 ਤੋਂ 1975 ਵਿਚ ਦੇਸ਼ ਵਿਚ ਕਾਂਗਰਸ ਹਕੂਮਤ ਵਿਰੁਧ ਉਭਾਰ ਉਠਿਆ। ਅਕਾਲੀ ਪਾਰਟੀ ਇਸ ਵੱਲ ਕੀ ਰੁਖ ਅਖਤਿਆਰ ਕਰੇ ਇਸ ਸਵਾਲ ਉਤੇ ਮਤਭੇਦ ਹੋ ਗਏ। ਇਹਨਾਂ ਹਾਲਤਾਂ ਵਿਚ ਦੇਸ਼ ਉਤੇ ਐਮਰਜੰਸੀ ਠੋਸ ਦਿਤੀ ਗਈ ਤੇ ਅਕਾਲੀ ਦਲ ਐਮਰਜੰਸੀ ਦੇ ਵਿਰੋਧ ਵਿਚ ਇਕਮੁਠ ਸਟੈਂਡ ਲੈ ਸਕਿਆ। ਇਸ ਨੇ ਇਕ ਮੋਰਚਾ ਲਾਇਆ ਜਿਹੜਾ ਐਮਰਜੰਸੀ ਦੀ ਵਾਪਸੀ ਤਕ ਚਲਦਾ ਰਿਹਾ। ਅਕਾਲੀ ਦਲ ਨੇ ਇਸ ਮੋਰਚੇ ਰਾਹੀਂ ਏਕਾ ਅਧਿਕਾਰਵਾਦ ਵਿਰੁਧ ਸੰਘਰਸ਼ ਵਿਚ ਇਕ ਸ਼ਾਨਦਾਰ ਕਾਂਡ ਰਚਿਆ ਤੇ ਮੈਂ ਬਗੈਰ ਕਿਸੇ ਝਿਜਕ ਦੇ ਇਹ ਕਹਿ ਸਕਦਾ ਹਾਂ ਕਿ ਤੁਸਾਂ ਆਪ ਇਸ ਵਿਚ ਮਹਤੱਵਪੂਰਨ ਰੋਲ ਅਦਾ ਕੀਤਾ।

ਜੇ ਪੰਜਾਬੀ ਸੂਬੇ ਲਈ ਸੰਘਰਸ਼ ਦੀ ਜਿਤ ਸੰਤ ਫਤਿਹ ਸਿੰਘ ਦੀ ਸਿਆਣੀ ਅਗਵਾਈ ਕਾਰਨ ਹੋਈ ਤਾਂ ਏਕਾਅਧਿਕਾਰਵਾਦ ਵਿਰੁਧ ਸੰਘਰਸ਼ ਦੀ ਜਿਤ ਦਾ ਸਿਹਰਾ ਨਿਰਸੰਦੇਹ ਤੁਹਾਡੇ ਸਿਰ ਹੈ। ਇਸ ਨਾਲ ਅਕਾਲੀ ਦਲ ਦਾ ਰਸੂਖ ਸਾਰੇ ਦੇਸ਼ ਵਿਚ ਵਧਿਆ। ਇਸ ਤੋਂ ਪਿਛੋਂ ਆਮ ਚੋਣਾਂ ਹੋਈਆਂ ਤੇ ਅਕਾਲੀ ਪਾਰਟੀ ਦੀ ਅਗਵਾਈ ਵਿਚ ਅਕਾਲੀ ਜਨਤਾ ਸਰਕਾਰ ਕਾਇਮ ਹੋਈ।

ਸੱਤਾ ਦੀ ਰਾਜਨੀਤੀ ਦੀਆਂ ਮਸਲਿਹਤਾਂ ਨੇ ਅਨੰਦਪੁਰ ਪ੍ਰਸਤਾਵ ਨੂੰ ਖਟਾਈ ਵਿਚ ਪਾਈ ਰੱਖਿਆ। ਅਕਾਲੀ ਦਲ ਨੇ ਇਹ ਕਿਉਂ ਸੋਚਿਆ ਕਿ ਇਸ ਮਤੇ ਉਤੇ ਅਮਲ ਕਰਵਾਉਣ ਲਈ ਕਿਸੇ ਤਰਾਂ ਦਾ ਸੰਘਰਸ਼ 1973 ਤੋਂ 1980 ਤਕ ਛੇੜਨਾ ਯੋਗ ਸੀ? 28-29 ਅਕਤੂਬਰ 1978 ਵਿਚ ਲੁਧਿਆਣੇ ਵਿਖੇ ਹੋਈ ਸਰਬ ਹਿੰਦ ਅਕਾਲੀ ਕਾਨਫਰੰਸ ਵਿਚ ਪਰਵਾਨ ਕੀਤੇ ਗਏ ਮੁਖੀ ਮਤੇ ਵਿਚ ਆਨੰਦਪੁਰ ਮਤੇ ਦਾ ਚਲੰਤ ਜਿਹਾ ਜ਼ਿਕਰ ਕੀਤਾ ਗਿਆ ਪਰ ਇਸ ਵਿਚ ਜ਼ੋਰ ਫੈਡਰਲ ਢਾਂਚੇ ਤੇ ਰਾਜਾਂ ਦੀ ਖੁਦ-ਮੁਖਤਾਰੀ ਉਤੇ ਸੀ। ਇਹ ਮਤਾ ਸਵਰਗਵਾਸੀ ਜੈ ਪ੍ਰਕਾਸ਼ ਨਰਾਇਣ ਵਲੋਂ ਪੇਸ਼ ਕੀਤੇ ਗਏ ਸੱਤਾ ਦੇ ਵਿਕੇਂਦਰੀਕਰਣ ਦੇ ਸੰਕਲਪ ਦੀ ਪ੍ਰਵਾਨਗੀ ਵਜੋਂ ਜ਼ਿਕਰ ਕਰਦਾ ਹੈ। ਇਸ ਮਤੇ ਨੂੰ ਵਧੇਰੇ ਧਿਆਨ ਨਾਲ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਹ ਅਨੰਦਪੁਰ ਮਤੇ ਵਿਚ ਪੇਸ਼ ਕੀਤੇ ਗਏ ਕੁਝ ਸੰਕਲਪਾਂ ਤੋਂ ਚੰਗੇ ਪਾਸੇ ਵੱਲ ਪਿਛੇ ਹਟਣਾ ਹੈ।

ਇਸ ਸਬੰਧ ਵਿਚ ਮੈਂ ਚਾਹਾਂਗਾ ਕਿ ਤੁਸੀਂ ਉਹਨਾਂ ਨੁਕਤਿਆਂ ਵਲ ਧਿਆਨ ਦੇਵੋ ਜਿਹੜੇ ਸਰਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਮਤਾ ਪੇਸ਼ ਕਰਦਿਆਂ ਆਪਣੀ ਤਕਰੀਰ ਵਿਚ ਕਹੇ ਸਨ। ਉਹਨਾਂ ਆਪਣੀ ਤਕਰੀਰ ਇਹਨਾਂ ਸ਼ਬਦਾਂ ਨਾਲ ਅਰੰਭ ਕੀਤੀ—

ਭਾਰਤੀ ਰਾਜਸੀ ਢਾਂਚੇ ਦਾ ਫੈਡਰਲ ਢਾਂਚੇ ਵਿਚ ਤਬਦੀਲ ਹੋਣਾ ਜਿਸ ਵਿਚ ਕੇਂਦਰ-ਰਾਜ ਸਬੰਧਾਂ ਨੂੰ ਨਵੇਂ ਸਿਰਿਉਂ ਸਿਰਜਿਆ ਜਾਵੇ ਤੇ ਇਸੇ ਅਨੁਸਾਰ ਸੱਤਾ ਦਾ ਵਿਕੇਂਦਰੀਕਰਣ ਕੀਤਾ ਜਾਵੇ ਇਸ ਲਈ ਜ਼ਰੂਰੀ ਹੈ ਤਾਂ ਜੋ—

(ੳ) 'ਉਹਨਾਂ ਕੌਮਾਂ ਤੇ ਕੌਮੀਅਤਾਂ ਦੀ ਹੋਂਦ ਤੇ ਸਵੈ-ਪਛਾਣ ਕਾਇਮ ਰੱਖੀ ਜਾਵੇ ਤੇ ਬਚਾਈ ਜਾਵੇ ਜਿਹੜੀਆਂ ਮਿਲ ਕੇ ਭਾਰਤੀ ਜਨਤਾ ਬਣਦੀਆਂ ਹਨ।

(ਅ) ਘੱਟ ਗਿਣਤੀਆਂ ਦੇ ਹੱਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇ।

(ੲ) ਜਮਹੂਰੀਅਤ, ਜਮਹੂਰੀ ਪ੍ਰਬੰਧ ਤੇ ਇਸੇ ਅਨੁਸਾਰ ਕੰਮ ਕਾਜ ਦੇ ਤਕਾਜ਼ੇ ਤੇ ਮੰਗਾਂ ਪੂਰੀਆਂ ਕੀਤੀਆ ਜਾਣ।

(ਸ) ਇਕ ਪਾਸੜ ਅਤਿ ਕੇਂਦਰੀਕਰਣ ਅਤੇ ਇਜ਼ਾਰੇਦਾਰੀ ਵਿਉਂਤਬੰਦੀ ਕਾਰਨ ਆਰਥਿਕ ਬੜੌਤੀ ਤੇ ਵਿਕਾਸ ਦੇ ਰਸਤੇ ਵਿਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾਵੇ।

'ਦੂਜੇ ਸ਼ਬਦਾਂ ਵਿਚ ਲੋੜ ਇਸ ਗੱਲ ਦੀ ਹੈ ਰਾਜਸੀ ਸੱਤਾ ਦੇ ਜਥੇਬੰਦਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਲਿਆਂਦੀ ਜਾਵੇ, ਭਾਵ ਸਮੁੱਚੇ ਪ੍ਰਬੰਧ ਵਿਚ ਹੀ ਇਕ ਤਿਖੀ ਤਬਦੀਲੀ ਲਿਆਦੀ ਜਾਵੇ।'

ਆਪਣੇ ਮਤੇ ਦੀ ਪਰੋੜਤਾ ਵਿਚ ਉਹਨਾਂ ਦੇਸ਼ਾਂ ਦੀ ਏਕਤਾ ਨੂੰ ਇਸ ਵਿਚ ਸ਼ਾਮਲ ਇਕਾਈਆਂ ਦੀ ਖੁਦ-ਮਖਤਿਆਰੀ ਦੇ ਅਧਾਰ ਉਤੇ ਮਜ਼ਬੂਤ ਕਰਨ ਸਬੰਧੀ ਸੋਵੀਅਤ ਯੂਨੀਅਨ ਦੇ ਤਜਰਬੇ ਦਾ ਹਵਾਲਾ ਦਿਤਾ। ਫੇਰ ਉਹਨਾਂ ਦਲੀਲ ਦਿਤੀ ਕਿ ਕੇਂਦਰ ਕਿਉਂ ਰਾਜਾਂ ਦੀ ਖੁਦ-ਮਖਤਿਆਰੀ ਦੀ ਮੰਗ ਨੂੰ ਮੰਨਣ ਵਿਚ ਨਾਂਹ ਨੁਕਰ ਕਰਦਾ ਹੈ। ਉਹਨਾਂ ਕਿਹਾ—'ਇਹ ਗੱਲ ਯੋਗ ਹੋਵੇਗੀ ਕਿ ਇਕ ਜੁਟ-ਕੇਂਦਰ ਦੇ ਦਾਅਵੇ ਦੇ ਜਮਾਤੀ ਲਛਣ ਨੂੰ ਸਮਝਿਆ ਜਾਵੇ। ਜਿਵੇਂ ਕਿ ਵਿਕਾਸਸ਼ੀਲ ਦੇਸ਼ਾਂ ਦਾ ਇਤਿਹਾਸਕ ਤਜਰਬਾ ਦਸਦਾ ਹੈ, ਇਜ਼ਾਰੇਦਾਰੀ ਪੂੰਜੀਵਾਦ ਰਾਜਸੀ ਪੂੰਜੀਵਾਦ ਦਾ ਵਿਰੋਧ ਕਰਨ ਦੀ ਥਾਂ ਹਕੀਕਤ ਵਿਚ ਇਸ ਤੋਂ ਆਪਣਾ ਸਹਾਰਾ ਤੇ ਤਾਕਤ ਹਾਸਲ ਕਰਦਾ ਹੈ। ਕਿਉਂ ਜੋ ਰਾਜਸੀ ਪੂੰਜੀਵਾਦ ਨੂੰ ਉਤਲੀ ਪੱਧਰ ਤੇ ਸੱਤਾ ਦਾ ਕੇਂਦਰੀਕਰਣ ਕਰਨਾ ਚਾਹੀਦਾ ਹੈ, ਇਸ ਲਈ ਹਾਲਾਤ ਦੇ ਮੰਤਕ ਕਾਰਨ ਇਜ਼ਾਰੇਦਾਰੀ ਪੂੰਜੀਵਾਦ ਆਪਣੇ ਵਿਸ਼ੇਸ਼ ਹਿੱਤਾਂ ਲਈ ਇਕ ਮਜਬੂਤ ਇਕ-ਜੁਟ ਕੇਂਦਰ ਕਾਇਮ ਕਰਨ ਦਾ ਜਤਨ ਕਰਦਾ ਹੈ। ਆਰਥਕਤਾ ਦਾ ਪਬਲਿਕ ਸੈਕਟਰ ਰਾਜਸੀ ਪੂੰਜਵਾਦ ਵੱਲ ਵਧਦਾ ਹੈ ਜਾਂ ਸਮਾਜਵਾਦ ਵੱਲ ਲੈ ਜਾਂਦਾ ਹੈ। ਇਹ ਗੱਲ ਬਹੁਤ ਹੱਦ ਤਕ ਇਸ ਉਤੇ ਨਿਰਭਰ ਕਰੇਗੀ ਕਿ ਰਾਜਸੀ ਸੱਤਾ ਕਿਵੇਂ ਜਥੇਬੰਦ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਰਾਜਸੀ ਢਾਂਚੇ ਦਾ ਫੈਡਰਲ ਢਾਂਚੇ ਵਲ ਮੋੜਾ ਅਤੇ ਸੱਤਾ ਦਾ ਵਿਕੇਂਦਰੀਕਰਣ ਜ਼ਰੂਰੀ ਹੈ ਤਾਂ ਜੋ ਪਬਲਿਕ ਸੈਕਟਰ ਜਮਹੂਰੀ ਗੈਰ-ਸਰਮਾਏਦਾਰ ਲੀਹਾਂ ਤੇ ਵਿਕਾਸ ਕਰ ਸਕੇ।'

ਉਹਨਾਂ ਦੇ ਇਸ ਸਾਰੇ ਨਿਰਣੇ ਨਾਲ ਕਿਸੇ ਨੂੰ ਭਾਵੇਂ ਸਹਿਮਤੀ ਨਾ ਹੋਵੇ ਪਰ ਉਹ ਯੂਨੀਟਰੀ ਤੇ ਫੈਡਰਲ ਸੰਕਲਪਾਂ ਦੀ ਵਿਆਖਿਆ ਲਈ ਤੇ ਸਮਾਜਵਾਦ ਦੇ ਰਾਹ ਦੀ ਵਕਾਲਤ ਕਰਨ ਲਈ ਜਮਾਤਾਂ ਨਾ ਕਿ ਧਾਰਮਿਕ ਵਿਸ਼ਵਾਸ਼ਾਂ ਦੀ ਸ਼ਬਦਾਵਲੀ ਵਿਚ ਗੱਲ ਕਰਨ ਲਈ ਮਜ਼ਬੂਰ ਹਨ।

ਉਹ ਆਨੰਦਪੁਰ ਮਤੇ ਦਾ ਭਾਵੇਂ ਚਲੰਤ ਜਿਹਾ ਜ਼ਿਕਰ ਕਰਦੇ ਹਨ ਪਰ ਉਹ ਆਪਣੀਆਂ ਮੰਗਾਂ ਨੂੰ ਦਸੰਬਰ 1977 ਵਿਚ ਪਛਮੀ ਬੰਗਾਲ ਦੇ ਮੰਤਰੀ ਮੰਡਲ ਵਲੋਂ ਕੇਂਦਰ-ਰਾਜ ਸਬੰਧਾਂ ਬਾਰੇ ਪ੍ਰਵਾਨ ਕੀਤੇ ਗਏ ਦਸਤਾਵੇਜ਼ ਉਤੇ ਅਧਾਰਤ ਕਰਦੇ ਹਨ। ਉਹਨਾਂ ਇਹ ਗੱਲ ਆਪਣੀ ਤਕਰੀਰ ਵਿਚ ਵੀ ਮੰਨੀ ਸੀ।

ਇਹ ਮਤਾ ਵੀ ਖਟਾਈ ਵਿਚ ਪਿਆ ਰਿਹਾ।

ਕੇਂਦਰ ਵਿਚ ਜਨਤਾ ਪਾਰਟੀ ਅੰਦਰ ਸੰਕਟ ਆਉਣ ਨਾਲ ਅਕਾਲੀ ਪਾਰਟੀ ਵਿਚ ਵੀ ਸੰਕਟ ਪੈਦਾ ਹੋ ਗਿਆ। ਇਕ ਹਿਸਾ ਜਨ-ਸੰਘ ਨਾਲ ਆਪਣੇ ਸਬੰਧਾਂ ਨੂੰ ਤੋੜਨਾ ਨਹੀਂ ਸੀ ਚਾਹੁੰਦਾ ਜਦੋਂ ਕਿ ਦੂਸਰਾ ਹਿਸਾ ਚਰਨ ਸਿੰਘ ਦੀ ਹਮਾਇਤ ਕਰਨਾ ਚਾਹੁੰਦਾ ਸੀ। ਲੀਡਰਸ਼ਿਪ ਦਾ ਦਿਵਾਲਾ ਉਦੋਂ ਦਿਸਿਆ ਜਦੋਂ ਇਕ ਹਿਸਾ ਨਾ ਤਾਂ ਅਕਾਲੀ ਦਲ ਅੰਦਰਲੀ ਬਹੁ ਸੰਮਤੀ ਅਗੇ ਝੁਕਣਾ ਚਾਹੁੰਦਾ ਸੀ। ਨਾ ਹੀ ਸਾਫ ਸਪਸ਼ੱਟ ਪੁਜੀਸ਼ਨ ਲੈ ਰਿਹਾ ਸੀ। ਇਕ ਨਾਜ਼ਕ ਸਮੇਂ ਤੇ ਉਹ ਲਗਪਗ ਗਤੀਹੀਣ ਹੋ ਗਈ ਸੀ।

ਏਸੇ ਸਮੇਂ, ਲੋਕ ਸਭਾ ਦੀਆਂ ਆਮ ਚੋਣਾਂ ਦਾ ਐਲਾਨ ਕੀਤਾ ਗਿਆ ਅਤੇ ਪਾਰਟੀ ਅੰਦਰਲੀ ਫੁੱਟ ਬਾਹਰ ਆ ਗਈ, ਇਕ ਹਿਸਾ ਖੱਬੇ ਪੱਖ ਨਾਲ ਗਠਜੋੜ ਕਰਨ ਦੀ ਵਕਾਲਤ ਕਰਦਾ ਸੀ ਅਤੇ ਦੂਸਰਾ ਹਿਸਾ ਜਨ-ਸੰਘ ਦੇ ਗਲਬੇ ਵਾਲੀ ਜਨਤਾ ਨਾਲ ਗਠਜੋੜ ਦੀ।

ਮਾਮਲਾ ਇਨਾਂ ਘਿਣਾਉਣਾ ਰੂਪ ਧਾਰਨ ਕਰ ਗਿਆ ਕਿ ਅਕਾਲੀ ਦਲ ਦੇ ਉਸ ਸਮੇਂ ਦੇ ਜਨਰਲ ਸਕੱਤਰ ਨੇ ਖੁਦ ਆਪਣੀ ਪਾਰਟੀ ਦੇ ਮੁਖ ਮੰਤਰੀ ਦੇ ਵਿਰੁਧ ਹੀ ਗਵਰਨਰ ਨੂੰ ਯਾਦ ਪੱਤਰ ਦਿਤਾ ਜਿਸ ਵਿਚ ਪਾਰਟੀ ਜਥੇਬੰਦੀ ਤੇ ਕਬਜਾ ਕਰਨ ਲਈ ਸਰਕਾਰੀ ਮਸ਼ਨੀਰੀ ਦੀ ਦੁਰਵਰਤੋਂ ਕਰਨ ਵਿਰੁਧ ਸ਼ਕਾਇਤ ਕੀਤੀ ਗਈ ਅਤੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਮੁਦਾਖਲਤ ਵਾਸਤੇ ਅਕਾਲੀ ਤਖਤ ਦੇ ਜਥੇਦਾਰ ਨੂੰ ਪਹੁੰਚ ਕੀਤੀ। ਸ਼ਾਇਦ ਇਹ ਪਹਿਲਾ ਮੌਕਾ ਸੀ ਕਿ ਪਾਰਟੀ ਦੇ ਅੰਦਰੂਨੀ ਮਾਮਲਿਆ 'ਚ ਇਕ ਦੂਸਰੇ ਦੇ ਵਿਰੁਧ ਫਤਵਾ ਲੈਣ ਲਈ ਅਕਾਲੀ ਤਖਤ ਦੀ ਅਥਾਰਟੀ ਨੂੰ ਵਰਤਿਆ ਗਿਆ। ਐਪਰ ਇਸ ਨਾਲ ਵੀ ਸਮਸਿਆ ਦਾ ਹੱਲ ਨਾ ਹੋਇਆ। ਅਖੀਰ ਵਿਚ ਗਲਬਾਤ ਰਾਹੀਂ ਹੱਲ ਲੱਭਿਆ ਗਿਆ। ਤਿੰਨ ਦਸੰਬਰ 1979 ਨੂੰ ਹੇਠ ਲਿਖਿਆ ਸਮਝੌਤਾ ਫਾਰਮੂਲਾ ਤਿਆਰ ਕੀਤਾ ਗਿਆ।

'ਸੱਤ ਮੈਂਬਰੀ ਸੰਤ ਲੌਂਗੋਵਾਲ ਕਮੇਟੀ ਨੇ ਫਤੇਗੜ੍ਹ ਸਾਹਿਬ ਰਾਜ ਵਿਖੇ ਰਾਜ ਵਿਚ ਭਿੰਨ ਭਿੰਨ ਰਾਜਨੀਤਕ ਪਾਰਟੀਆਂ ਨਾਲ ਚੋਣ-ਗਠਜੋੜ। ਛਡ ਛਡਾਅ ਦੇ ਸੁਆਲ ਬਾਰੇ ਫੈਸਲਾ ਕਰਨ ਲਈ ਮੀਟਿੰਗ ਕੀਤੀ। ਇਹ ਫੈਸਲਾ ਕੀਤਾ ਗਿਆ ਕਿ:

"ਸ਼ਰੋਮਣੀ ਅਕਾਲੀ ਦਲ ਪੰਜਾਬ ਰਾਜ ਵਿਚ ਪਾਰਲੀਮੈਂਟ ਦੀਆਂ ਚੋਣਾਂ ਲਈ ਖੱਬੇ ਜਮਹੂਰੀ ਮੋਰਚੇ ਨਾਲ, ਜਿਸ ਵਿਚ ਲੋਕ ਦਲ, ਕਮਿਊਨਿਸਟ ਪਾਰਟੀਆਂ ਸ਼ਾਮਲ ਹਨ, ਚੋਣ ਗਠਜੋੜ ਕਰੇਗਾ ਅਤੇ ਜਨਤਾ ਪਾਰਟੀ ਨਾਲ ਚੋਣ ਗਠਜੋੜ ਕਰੇਗਾ। ਪੰਜਾਬ ਰਾਜ ਤੋਂ ਬਾਹਰ ਸ਼ਰੋਮਣੀ ਅਕਾਲੀ ਦਲ, ਅਕਾਲੀ ਦਲ ਦੀ ਸਥਾਨਕ ਇਕਾਈ ਨਾਲ ਸਲਾਹ ਮਸ਼ਵਰਾ ਕਰਦਿਆਂ ਹੋਇਆਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਚੋਣ ਛਡ ਛਡਾਅ/ਗਠਜੋੜ ਕਰੇਗਾ।

ਇਹ ਫੈਸਲਾ ਏਕਾ ਅਧਿਕਾਰਵਾਦ ਤੇ ਡਿਕਟੇਟਰੀ ਸ਼ਕਤੀਆਂ ਦੀ ਪਰਤੀਕ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਹਰਾਉਣ ਲਈ ਰਾਜ ਅਤੇ ਦੇਸ਼ ਦੇ ਲੋਕਾਂ ਨੂੰ ਵੱਧ ਤੋਂ ਲਾਮਬੰਦ ਕਰਨ ਲਈ ਕੀਤਾ ਗਿਆ ਹੈ।

ਇਸ ਨਾਲ ਕਾਂਗਰਸ ਹਕੂਮਤ ਵਿਰੁਧ ਜ਼ੋਰਦਾਰ ਮੁਜ਼ਾਹਮਤ ਕਰਨ ਲਈ ਲੋਕਾਂ ਵਿਚ ਕੁਝ ਭਰੋਸਾ ਪੈਦਾ ਹੋਇਆ। ਮੇਰੀ ਪਾਰਟੀ ਅਕਾਲੀਆਂ ਦੇ ਲੜ ਰਹੇ ਧੜਿਆ ਵਿਚਕਾਰ ਇਸ ਸਮਝੌਤੇ ਨੂੰ ਕਰਾਉਣ ਤੇ ਕੁਝ ਮਾਣ ਕਰ ਸਕਦੀ ਹੈ। ਜੇ ਉਹ ਇਕ ਮਹੀਨ ਪਹਿਲਾਂ ਇਸ ਫੈਸਲੇ ਤੇ ਪੁਜ ਜਾਂਦੇ ਅਤੇ ਜੇ ਉਹਨਾਂ ਨੇ ਕੁਝ ਉਮੀਦਵਾਰਾਂ ਨੂੰ ਹਰਾਉਣ ਲਈ ਕੰਮ ਨਾ ਕੀਤਾ ਹੁੰਦਾ ਤਾਂ ਉਹ ਪੰਜਾਬ ਵਿਚ ਮੰਤਰੀ ਮੰਡਲ ਬਣਾ ਸਕਦੇ ਸਨ। ਫਿਰ ਵੀ ਕਾਂਗਰਸ (ਆਈ) ਪੰਜਾਬ ਵਿਚ ਮੁਸ਼ਕਲ ਨਾਲ ਬਚੀ ਹੈ ਅਤੇ ਕੇਵਲ ਮਾਮੂਲੀ ਬਹੁ ਮਤ ਹੀ ਪ੍ਰਾਪਤ ਕਰ ਸਕੀ।


ਆਪਣੀ ਜਾਣਕਾਰੀ ਵਿਚ ਵਾਧੇ ਲਈ 'ਕੈਨੇਡਾ ਦਰਪਣ' ਪੜ੍ਹੋ

ਸਾਡੀਆਂ ਆਪਣੀਆਂ ਬਣਾਈਆਂ ਚੀਜ਼ਾਂ ਖਰੀਦੋ
ਬੱਚਤ ਹੀ ਬੱਚਤ ਹੈ!
ਫ਼ੈਕਟਰੀ ਦੀਆਂ ਕੀਮਤਾਂ ਤੇ
ਮਰਦਾਂ ਦੀਆਂ ਜ਼ੀਨਾਂ ਤੇ ਕੌਰਡਜ਼
$12.99 ਤੋਂ ਸ਼ੁਰੂ ਹੁੰਦੀਆਂ ਹਨ

| | ਮਰਦ | ਲੜਕੇ | ਬੱਚੇ |
|---|---|---|---|
| ਬੇਸਬਾਲ ਸ਼ਰਟਾਂ | 4.99 | 3.99 | 3.99 |
| ਫੁੱਟਬਾਲ ਸ਼ਰਟਾਂ | 5.99 | 5.49 | — |
| ਰਗਬੀ ਸ਼ਰਟਾਂ | 11.99 | 9.99 | — |
| ਸਵੀਟ ਸ਼ਰਟਾਂ | 8.99 | 7.99 | 5.99 |
| ਟੀ ਸ਼ਰਟਾਂ | 3.99 | 2.99 | 2.99 |
| ਸਵੀਟ ਪੈਂਟਾਂ | 9.99 | 8.99 | 6.99 |

ਇਲਾਈਟ ਟੇਲਰਜ਼ ਹੁਣ ਆਪ ਸਪੋਰਟਸ ਲਈ ਕੱਪੜੇ ਬਣਾਉਂਦੇ ਹਨ ਤੇ ਮੇਨ ਸਟਰੀਟ ਤੇ ਉਨ੍ਹਾਂ ਫ਼ੈਕਟਰੀ ਆਊਟਲੈਟ ਲਈ ਥਾਂ ਰਾਖਵੀਂ ਕੀਤੀ ਹੈ। ਇਨ੍ਹਾਂ ਤੋਂ ਸਿੱਧੇ ਖਰੀਦੋ ਤੇ ਬੱਚਤ ਕਰੋ।

ELITE TAILORS
4212, MAIN ST.(26th Ave.)
VANCOUVER,B.C. Phone: 872-2276



BAINS TRAVEL
ਅਸੀਂ ਤੁਹਾਡੀ 30 ਸਾਲਾਂ ਤੋਂ ਸੇਵਾ ਕਰ ਰਹੇ ਹਾਂ
IATA IATA
ALMOST ALL AIRLINES
6364 FRASER ST. VANOCUVER, B.C.
TEL. 324-2277 & 324-1919

ਕਿਉਂਕਿ ਅਕਾਲੀ ਪਾਰਟੀ ਫਿਰ ਸਤਾ ਵਿਚ ਨਾ ਆ ਸਕੀ, ਇਹ ਇਕ ਤੋਂ ਵਧ ਦੂਜੇ ਸੰਕਟ ਦਾ ਸ਼ਿਕਾਰ ਹੋ ਗਈ, ਕਈ ਲੀਡਰਾਂ ਨੇ ਆਪਣੇ ਰੋਲ ਬਦਲ ਲਏ ਇਸ ਕਰਕੇ ਨਹੀਂ ਕਿ ਉਹਨਾਂ ਦਾ ਕਿਸੇ ਬੁਨਿਆਦੀ ਅਸੂਲ ਤੇ ਮਤ ਭੇਦ ਸੀ ਬਲਕਿ ਇਹ ਆਪਣੀਆਂ ਨਿੱਜੀ ਲਾਲਸਾਵਾਂ ਨੂੰ ਸੰਤੁਸ਼ਟ ਕਰਨ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਬਦਲ ਗਏ। ਇਸ ਦਾ ਅੰਤ ਅਕਾਲੀ ਪਾਰਟੀ ਦੇ ਦੋਫਾੜ ਹੋਣ ਵਿਚ ਨਿਕਲਿਆ ਸ੍ਰੀ ਜਗਦੇਵ ਸਿੰਘ ਤਲਵੰਡੀ ਆਪਣੇ ਧੜੇ ਨੂੰ ਲੈ ਕੇ ਵੱਖ ਹੋ ਗਿਆ।

ਉਸ ਵੇਲੇ ਤੁਸੀਂ ਅਕਾਲੀ ਦਲ ਦੀ ਲੀਡਰਸ਼ਿਪ ਸੰਭਾਲੀ। ਇਹ ਆਸ ਕੀਤੀ ਜਾਂਦੀ ਸੀ ਕਿ ਤੁਸੀਂ ਇਸ ਪਰੰਪਰਾਵਾਂ ਵਾਲੀ ਜਥੇਬੰਦੀ ਨੂੰ ਸਹੀ ਸੇਧ ਵਿਚ ਅੱਗੇ ਖੜ ਸਕੋਗੇ ਅਤੇ ਇਸ ਨੂੰ ਧਰਮ ਨਿਰਲੇਪਤਾ, ਜਮਹੂਰੀਅਤ ਅਤੇ ਪਰਗਤੀ ਦੇ ਰਾਹ ਤੇ ਤੁਰ ਸਕੋਗੇ, ਐਪਰ ਬਦਕਿਸਮਤੀ ਨੂੰ ਸਿੱਖਾਂ ਵਿਚਲੇ ਅਤਿਵਾਦੀ ਤੱਤਾਂ ਨੇ ਆਪਣਾ ਸਿਰ ਚੁੱਕਣਾ ਸ਼ੁਰੂ ਕਰ ਦਿਤਾ ਅਤੇ ਉਹਨਾਂ ਵਿਰੁਧ ਲੜਾਈ ਦੇਣ ਵਾਲਾ ਅਤੇ ਉਹਨਾਂ ਨੂੰ ਬੇਨਕਾਬ ਕਰਨ ਵਾਲਾ ਕੋਈ ਨਾ ਰਿਹਾ। ਅਸਲ ਵਿਚ ਸ੍ਰੀ ਜਗਦੇਵ ਸਿੰਘ ਤਲਵੰਡੀ ਨਾਲ ਮੁਕਾਬਲੇ ਵਿਚ ਤੁਹਾਡੀ ਪਾਰਟੀ ਦੇ ਲੀਡਰਾਂ ਨੇ ਅਤਿਵਾਦੀ ਤੱਤਾਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿਤਾ। ਜਦਕਿ ਤਲਵੰਡੀ ਨੇ ਆਨੰਦਪੁਰ ਮਤੇ ਨੂੰ ਲਾਗੂ ਕਰਾਉਣ ਲਈ ਮੋਰਚਾ ਆਰੰਭ ਦਿਤਾ, ਤੁਸੀਂ ਕਨਵੇਨਸ਼ਨ ਸਦ ਲਈ ਅਤੇ ਧਰਮ ਯੁਧ ਦਾ ਨਾਹਰਾ ਬੁਲੰਦ ਕਰ ਦਿਤਾ ਅਤੇ 45 ਮੰਗਾਂ ਦਾ ਮੰਗ ਪੱਤਰ ਤਿਆਰ ਕਰ ਲਿਆ।

ਇਸ ਮੌਕੇ ਦਾ ਲਾਭ ਉਠਾ ਕੇ ਅਤਿਵਾਦੀ ਤੱਤਾਂ ਨੇ ਖਾਲਿਸਤਾਨ ਦਾ ਨਾਹਰਾ ਬੁਲੰਦ ਕਰ ਦਿਤਾ ਜਿਹੜਾ ਕਿ ਇਕ ਵੱਖਵਾਦੀ ਨਾਹਰਾ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਸੱਟ ਮਾਰਨ ਵੱਲ ਸੇਧਤ ਹੈ।

ਉਹਨਾਂ ਨੇ ਇਹ ਨਾਹਰਾ ਸਿਖ ਰਾਸ਼ਟਰ ਦੇ ਸਿਧਾਂਤ ਤੇ ਅਧਾਰਤ ਕੀਤਾ। ਉਹਨਾਂ ਨੂੰ ਹਮਾਇਤ ਕਿਥੋਂ ਮਿਲੀ? ਅਮਰੀਕਾ ਅਤੇ ਕੈਨੇਡਾ ਤੋਂ ਜਿਹੜੇ ਕਿ ਇਸ ਦੇਸ਼ ਵਿਚ ਅਸਿਥਰਤਾ ਪੈਦਾ ਕਰਨ ਉਤੇ ਤੁਲੇ ਹੋਏ ਹਨ। ਉਹਨਾਂ ਨੂੰ ਤੁਹਾਡੀ ਪਾਰਟੀ ਵਲੋਂ ਵੀ ਸੁਰਖਿਆ ਪਰਦਾਨ ਕੀਤੀ ਗਈ ਸੀ। ਖਾਲਿਸਤਾਨ ਦੇ ਦਾਅਵੇਦਾਰਾਂ, ਦਲ ਖਾਲਸਾ ਦੇ ਜਥੇਬੰਦਕਾਂ ਨੇ ਇੰਡੀਅਨ ਏਅਰ ਲਾਈਨਜ਼ ਦੇ ਜਾਹਜ਼ ਨੂੰ ਪਾਕਿਸਤਾਨ ਅਗਵਾ ਕਰਕੇ ਲਿਜਾਣ ਦਾ ਰਾਸ਼ਟਰ ਵਿਰੋਧੀ ਕਾਰਾ ਕੀਤਾ। ਇਸ ਚਾਲ ਨੇ ਇਸ ਗੱਲ ਦਾ ਮੁਕੰਮਲ ਨਿਤਾਰਾ ਕਰ ਦਿਤਾ ਕਿ ਉਹਨਾਂ ਦੇ ਮਿਤਰ ਕੌਣ ਹਨ। ਐਪਰ ਅਕਾਲੀ ਪਾਰਟੀ ਦੇ ਲੀਡਰਾਂ ਵਲੋਂ ਇਸ ਦੀ ਨਿਖੇਧੀ ਦਾ ਇਕ ਸ਼ਬਦ ਤਕ ਨਹੀਂ ਸਰਿਆ। ਪਿਛੇ ਜਿਹੇ ਜਾਕੇ ਤੁਸੀਂ ਖਾਲਿਸਤਾਨ ਦੇ ਨਾਹਰੇ ਨਾਲੋਂ ਆਪਣੇ ਆਪ ਨੂੰ ਨਿਖੇੜਿਆ ਜ਼ਰੂਰ ਐਪਰ ਤੁਸੀਂ ਇਸ ਸਿਧਾਂਤ ਦੀ ਰਟ ਜਾਰੀ ਰੱਖੀ ਕਿ ਸਿੱਖ ਇਕ ਰਾਸ਼ਟਰ ਹਨ ਅਤੇ ਸਿੱਖਾਂ ਦਾ ਧਰਮ ਤੇ ਰਾਜਨੀਤ ਵੱਖ ਨਹੀਂ ਕੀਤੀ ਜਾ ਸਕਦੀ। ਇਸ ਨੇ ਅਤਿਵਾਦੀਆਂ ਨੂੰ ਸਮਗਰੀ ਮੁਹੱਈਆ ਕੀਤੀ। ਅਨੰਦਪੁਰ ਮਤੇ ਦਾ ਇਹ ਤਤਸਾਰ ਸੀ ਅਤੇ ਤੁਸੀਂ ਫਿਰ ਇਸ ਤੇ ਜ਼ੋਰ ਦੇ ਰਹੇ ਹੋ।

ਪਹਿਲਾਂ ਮੈਂ ਇਹਨਾਂ ਨਾਹਰਿਆਂ ਨੂੰ ਲੈਂਦਾ ਹਾਂ ਜਿਹੜੇ ਕਿ ਇਸ ਸਮੁੱਚੇ ਕਰਾਹੇ ਦਾ ਆਧਾਰ ਹਨ।

ਕੀ ਸਿੱਖ ਇਕ ਰਾਸ਼ਟਰ (ਕੌਮ) ਹਨ? ਇਸ ਸੁਆਲ ਦਾ ਜਬਾਵ ਦੇਣ ਲਈ ਆਓ ਰਾਸ਼ਟਰ ਦੇ ਬਾਰੇ ਵਿਗਿਆਨਕ ਸਮਝਦਾਰੀ ਦੇਖੀਏ। ਰਾਸ਼ਟਰ ਕੀ ਹੈ? ਰਾਸ਼ਟਰ ਇਤਿਹਾਸਕ ਤੌਰ ਤੇ ਹੋਂਦ 'ਚ ਆਇਆ ਲੋਕਾਂ ਦਾ ਸਮਾਜਕ ਸਮੂਹ (ਕਮਿਊਨਿਸਟ) ਹੈ। ਇਸ ਦੀ ਸਭ ਤੋਂ ਪਹਿਲੀ ਪਛਾਣ ਜੀਵਨ ਦੀਆਂ ਪਦਾਰਥਕ ਹਾਲਤਾਂ ਭਾਵ ਇਲਾਕਾ ਅਤੇ ਆਰਥਿਕ ਜੀਵਨ ਦੀ ਸਾਂਝ ਹੈ, ਭਾਸ਼ਾ, ਮਾਨਸਕ ਬਣਤਰ ਦੀ ਸਾਂਝ ਅਤੇ ਨਾਲ ਹੀ ਰਾਸ਼ਟਰੀ ਖੇਡੇ ਦੇ ਕੁਝ ਨਿਸ਼ਚਤ ਲੱਛਣਾਂ ਦੀ ਸਾਂਝ ਜਿਹੜੇ ਇਸ ਦੇ ਸਭਿਆਚਾਰ ਦੀ ਰਾਸ਼ਟਰੀ ਵਿਲੱਖਣਤਾ ਵਿਚ ਪਰਗਟ ਹੁੰਦੇ ਹਨ। ਇਹ ਸਮਾਜ ਦੇ ਵਿਕਾਸ ਦੇ ਇਕ ਨਿਸਚਿਤ ਪੜਾਅ ਤੇ ਪੂੰਜੀਵਾਦੀ ਬਣਤਰ ਦੇ ਹੋਂਦ 'ਚ ਆਉਣ ਨਾਲ ਹੋਂਦ 'ਚ ਆਉਂਦਾ ਹੈ। ਕੀ ਇਹ ਸਿੱਖਾਂ ਤੇ ਲਾਗੂ ਹੁੰਦਾ ਹੈ? ਇਹ ਸਿੱਖਾਂ ਤੇ ਲਾਗੂ ਨਹੀਂ ਹੁੰਦਾ। ਸਿੱਖ ਧਰਮ ਮੁਸ਼ਕਲ ਨਾਲ ਚਾਰ ਸਦੀਆਂ ਪੁਰਾਣਾ ਹੈ ਅਤੇ ਉਸ ਸਮੇਂ ਦੇ ਕੇਂਦਰੀ ਪੰਜਾਬ ਦੇ ਬਹੁਤ ਸਾਰੇ ਭਾਗਾਂ ਵਿਚ ਸੌ ਸਾਲਾਂ ਤੋਂ ਵੀ ਕੁਝ ਘੱਟ ਸਾਲ ਪਹਿਲਾਂ ਮੌਜੂਦਾ ਸਿੱਖ ਪਰਵਾਰਾਂ ਵਿਚੋਂ ਬਹੁਤਿਆਂ ਵਿਚ ਹਿੰਦੂ ਰੀਤੀ ਰਵਾਜ਼ ਪਰਚਲਤ ਸਨ। ਹਰ ਪਰਵਾਰ ਕਿਸੇ ਨਾ ਕਿਸੇ ਪਰੋਹਤ ਦਾ ਜਜਮਾਨ ਸੀ। ਐਪਰ ਇਸ ਸਮੇਂ ਦੌਰਾਨ ਇਕ ਨਵੀਂ ਬਣਤਰ ਹੋਂਦ 'ਚ ਆ ਗਈ ਸੀ ਅਤੇ ਪਿਸ਼ਾਵਰ ਤੋਂ ਘਗਰ ਤਕ ਫੈਲੇ ਹੋਏ ਇਲਾਕੇ ਵਿਚ, ਇਕ ਪੰਜਾਬੀ ਕੌਮੀਅਤ ਹੋਂਦ 'ਚ ਆ ਗਈ ਸੀ ਜਿਸਦੀ ਭਾਸ਼ਾ ਸਾਂਝੀ ਸੀ ਅਤੇ ਸਾਂਝਾ ਸਭਿਆਚਾਰ ਸੀ। ਰਾਸ਼ਟਰ ਦਾ ਬਣਨਾ ਸਾਂਝੀ ਮੰਡੀ ਪੈਦਾ ਕਰਨ ਵਾਸਤੇ ਖੇਤਰੀ, ਸਥਾਨਕ ਹਦਬੰਦੀਆਂ ਤੋੜਨ ਰਾਹੀਂ ਕਿਸਾਨੀ ਦੇ ਜਨਸਮੂਹ ਨੂੰ ਜੀਗਰੂ ਗੁਲਾਮੀ ਤੋਂ ਮੁਕਤ ਕਰਾਉਣ ਦਾ ਸਿਟਾ ਹੈ।

ਮੁਸਲਮ ਲੀਗ ਨੇ ਧਰਮ ਦੇ ਅਧਾਰ ਤੇ ਮੁਸਲਮਾਨ ਰਾਸ਼ਟਰ ਦਾ ਨਾਹਰਾ ਬੁਲੰਦ ਕੀਤਾ ਸੀ। ਇਸ ਦੇ ਸਦਕਾ ਪਾਕਿਸਤਾਨ ਹੋਂਦ ਵਿਚ ਆਇਆ ਸੀ। ਐਪਰ ਕੀ ਇਸ ਨਾਹਰੇ ਨੂੰ ਕਾਇਮ ਰੱਖਿਆ ਜਾ ਸਕਿਆ? ਮੁਸਮਾਨ ਪਾਕਿਸਤਾਨ ਦੋ ਹਿਸਿਆਂ ਵਿਚ ਵੰਡਿਆ ਗਿਆ ਕਿਉਂਕਿ ਬੰਗਾਲੀ ਕੌਮੀਅਤ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ ਅਤੇ ਪਾਕਿਸਤਾਨ ਦੇ ਹਾਕਮਾਂ ਵਿਰੁਧ ਮੁਕਤੀ ਸੰਘਰਸ਼ ਲੜਿਆ। ਹੁਣ ਮੌਜੂਦਾ ਪਾਕਿਸਤਾਨ ਵੀ, ਜਿਸ ਨੂੰ ਕਿ ਮੁਸਲਮਾਨ ਰਾਜ ਐਲਾਨਿਆ ਗਿਆ ਹੈ, ਫੌਜੀ ਰਾਜ ਅਧੀਨ ਹੈ। ਬਲੋਚੀਆਂ, ਸਿੰਧੀਆਂ ਅਤੇ ਪਠਾਨਾਂ ਦੀਆਂ ਸ਼ਕਤੀਸ਼ਾਲੀ ਰਾਸ਼ਟਰੀਲਹਿਰਾਂ ਵਿਕਸਤ ਹੋ ਰਹੀਆਂ ਹਨ ਅਤੇ ਆਪਣੇ ਲਈ ਵਧੇਰੇ ਖੁਦ ਮੁਖਤਾਰੀ ਦੀ ਮੰਗ ਕਰ ਰਹੀਆਂ ਹਨ। ਪੂੰਜੀਵਾਦ ਦੇ ਹੋਂਦ 'ਚ ਆਉਣ ਤੇ ਜੀਗਰੂ ਤੰਦਾਂ ਟੁਟਣ ਕਈ ਸਾਰੇ ਰਾਸ਼ਟਰੀ ਰਾਜ (ਨੇਸ਼ਨਸਟੇਟ) ਹੋਂਦ ਵਿਚ ਆ ਗਏ ਸਨ। ਇਹਨਾਂ ਰਾਜਾਂ ਵਿਚ ਕਈ ਅਕੀਦੇ ਮੌਜੂਦ ਹਨ। ਇਥੋਂ ਤਤਕ ਕਿ ਭਿੰਨ ਭਿੰਨ ਅਰਬ ਦੇਸ਼ਾਂ ਵਿਚ ਵੀ ਚੋਖੀ ਵਸੋਂ ਇਸਾਈ ਮਤ ਦੀ ਹੈ, ਤਦ ਵੀ ਉਹ ਰਾਸ਼ਟਰੀ ਰਾਜਾਂ ਵਜੋਂ ਹੋਂਦ 'ਚ ਹਨ।

ਭਾਰਤ ਨਿਰਸੰਦੇਹ ਬਹੁਰਾਸ਼ਟਰੀ ਦੇਸ਼ ਹੈ ਅਤੇ ਭਾਰਤੀ ਰਾਜ ਵਿਵਸਥਾ ਇਥੇ ਰਹਿ ਰਹੀਆਂ ਭਿੰਨ ਭਿੰਨ ਕੌਮੀਅਤਾਂ ਤੇ ਅਧਾਰਤ ਬਣੀ ਹੋਈ ਹੈ ਜਿਹਨਾਂ ਦੀ ਆਪਣੀ ਆਪਣੀ ਵਿਲੱਖਣ ਸਭਿਆਚਾਰ ਅਤੇ ਆਰਥਕ ਜੀਵਨ ਅਤੇ ਭਾਸ਼ਾ ਹੈ। ਉਹ ਆਪਣੇ ਆਪਨੂੰ ਆਪਣੇ ਧਾਰਮਿਕ ਅਕੀਦਿਆਂ ਦੇ ਬਾਵਜੂਦ ਬੰਗਾਲੀ, ਤੇਲਗੂ, ਮਲਿਆਲੀ, ਤਾਮਿਲ, ਉੜੀਆ, ਆਸਾਮੀ, ਕਨੜੀ ਅਦਿ ਸੱਦਦੇ ਹਨ। ਤੁਸੀਂ ਆਪਣੀ ਸਿੱਖਾਂ ਦੇ ਰਾਸ਼ਟਰ ਹੋਣ ਦੀ ਦਲੀਲ ਨੂੰ ਲੈ ਕੇ, ਜੇ, ਇਸਨੂੰ ਤੁਹਾਡੇ ਆਪਣੇ ਦਰਿਸ਼ਟੀ ਕੋਨ ਤੋਂ ਵੀ ਲੈ ਲਿਆ ਜਾਵੇ, ਆਪਣੇ ਆਪ ਨੂੰ ਇਕ ਤੰਗ ਘੋਲ ਤਕ ਸੀਮਤ ਕਰ ਰਹੇ ਹੋ। ਤੁਸੀਂ ਦੂਸਰੀ ਕੌਮੀਅਤ ਦੇ ਕਿਸੇ ਵਿਅਕਤੀ ਨੂੰ ਉਦੋਂ ਤਕ ਸਿੱਖ ਧਰਮ ਵਿਚ ਸ਼ਾਮਲ ਨਹੀਂ ਕਰੋਗੇ ਜਦੋਂ ਤਕ ਕਿ ਉਹ ਆਪਣੀ ਕੌਮੀਅਤ ਨੂੰ ਅਲਵਿਦਾ ਨਹੀਂ ਕਹੇਗਾ

ਕੋਈ ਜਣਾ ਆਪਣਾ ਅਕੀਦਾ ਤਬਦੀਲੀ ਕਰ ਸਕਦਾ ਹੈ., ਕੋਈ ਜਣਾ ਨਾਸਤਿਕ ਬਬਣ ਸਕਦਾ ਹੈ ਐਪਰ ਇਸ ਤਰਾਂ ਕਰਨ ਨਾਲ ਉਹ ਇਤਿਹਾਸਕ ਬਣਤਰ ਤਬਦੀਲੀ ਨਹੀਂ ਹੁੰਦੀ ਜਿਸ ਨੂੰ ਕੌਮੀਅਤ ਕਿਹਾ ਜਾਂਦਾ ਹੈ। ਕੀ ਪੰਜਾਬੀ ਮੁਸਲਮਾਨ, ਇਸਾਈ ਅਤੇ ਸਿੱਖ ਬਣਨ ਨਾਲ ਗੈਰ ਪੰਜਾਬੀ ਬਣ ਜਾਂਦੇ ਹਨ? ਸਿੱਖ ਰਾਸ਼ਟਰ ਹੋਣ ਦਾ ਸਿਧਾਂਤ ਜਨਸੰਘ ਅਤੇ ਜਮਾਇਤ ਦੇ ਇਸਲਾਮ ਦੀ ਉਸੇ ਪਿਛਾਖੜੀ ਫਿਲਾਸਫੀ ਤੇ ਅਧਾਰਤ ਹੈ ਜਿਹੜੀ ਦਾਅਵੇ ਕਰਦੀ ਹੈ ਕਿ ਭਾਰਤ 'ਚ ਧਰਮਾਂ ਦੇ ਅਧਾਰ 'ਤੇ ਭਿੰਨ ਰਾਸ਼ਟਰ ਸ਼ਾਮਲ ਹਨ। ਇਹ ਨਾਅਰਾ ਬੁਲੰਦ ਕਰਕੇ ਉਹ ਵਿਸ਼ੇਸ਼ ਹਿਤਾਂ ਦੀ ਸੇਵਾ ਲਈ ਸਾਂਝੀ ਜਮਹੂਰੀ ਲਹਿਰ ਨੂੰ ਸੱਟ ਮਾਰਨਾ ਚਹੁੰਦੇ ਹਨ। ਅਕਾਲੀ ਲਹਿਰ ਨੇ ਇਸ ਸਿਧਾਂਤ ਨੂੰ ਕਦੇ ਵੀ ਪਰਵਾਨ ਨਹੀਂ ਸੀ ਕੀਤਾ।

ਸੁਆਲ ਪੈਦਾ ਹੁੰਦਾ ਹੈ ਕਿ ਸਿੱਖ ਰਾਸ਼ਟਰ ਦਾ ਸ਼ਬਦ ਵਰਤੋਂ 'ਚ ਕਿਵੇਂ ਆਉਣਾ ਸ਼ੁਰੂ ਹੋ ਗਿਆ। ਇਹ ਰਾਸ਼ਟਰ ਦੇ ਵਿਗਿਆਲਕ ਭਾਵ 'ਚ ਕਦੇ ਨਹੀਂ ਸੀ ਵਰਤਿਆ ਗਿਆ ਐਪਰ ਇਹ ਸਿੱਖਾਂ ਦੇ ਧਾਰਮਿਕ ਫਿਰਕੇ ਵਜੋਂ ਘੱਟ ਗਿਣਤੀ ਦੇ ਤੌਰ ਤੇ ਭਾਵ ਦੇਣ ਲਈ ਵਰਤਿਆ ਗਿਆ। ਇਸ ਭਾਵ ਵਿਚ ਇਹ ਅਜੇ ਵੀ ਵਰਤਿਆ ਜਾ ਸਕਦਾ ਹੈ ਐਪਰ ਸਿੱਖਾਂ ਲਈ ਆਪਾ ਨਿਰਣੇ ਜਾਂ ਖੁਦਮੁਖਤਾਰੀ ਦੀ ਮੰਗ ਲਈ ਨਹੀਂ।

ਬੁਲੰਦ ਕੀਤਾ ਗਿਆ ਦੂਜਾ ਮਹੱਤਵ ਪੂਰਨ ਨਾਹਰਾ ਇਹ ਹੈ ਕਿ ਸਿੱਖਾਂ ਲਈ ਧਰਮ ਤੇ ਰਾਜਨੀਤੀ ਵਖਰੇ ਨਹੀਂ ਹਨ। ਇਸ ਮੁਦੇ'ਤੇ ਜਾਪਦਾ ਹੈ ਅਕਾਲੀ ਲੀਡਰਸ਼ਿਪ ਵਧੇਰੇ ਭੰਬਲਭੂਸੇ 'ਚ ਪਈ ਹੋਈ ਹੈ। ਅਕਾਲੀ ਭਾਰਤੀ ਸਮਾਜ ਦੇ ਮੌਜੂਦਾ ਪੜਾਅ ਦਾ ਮੁਗਲ ਦੌਰ ਨਾਲ ਮੁਕਾਬਲਾ ਕਰਦੇ ਹਨ। ਉਹ, ਉਹ ਦੌਰ ਸੀ ਜਦੋਂ ਅਜੇ ਪੂੰਜੀਵਾਦ ਵਿਕਸਤ ਨਹੀਂ ਸੀ ਹੋਇਆ ਅਤੇ ਇਹ ਜੀਗਰੂ ਸਮਾਜ ਸੀ। ਐਪਰ ਖੇਤੀਬਾੜੀ ਅਤੇ ਦਸਤਕਾਰੀ ਦੇ ਵਿਕਸਤ ਹੋਣ ਨਾਲ ਵਪਾਰ ਵਿਕਸਤ ਹੋ ਰਿਹਾ ਸੀ ਅਤੇ ਵਪਾਰੀ ਤਬਕਾ ਹੋਂਦ ਵਿਚ ਆਗਿਆ। ਗੁਰੂਆਂ ਨੇ ਜੀਗਰੂ ਜ਼ੁਲਮ ਵਿਰੁਧ ਅਤੇ ਧਾਰਮਿਕ ਅਧਾਰ 'ਤੇ ਕੀਤੇ ਜਾ ਰਹੇ ਅਤਿਆਚਾਰਾਂ ਵਿਰੁਧ ਲੜਾਈ ਦਿਤੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਭਿੰਨ ਭੇਦ ਨਹੀਂ ਸਨ ਕਰਦੇ। ਦੂਜੇ ਪਾਸੇ ਉਹ ਆਪਣੇ ਦੁਆਲੇ ਭਿੰਨ ਭਿੰਨ ਫਿਰਕਿਆਂ ਨਾਲ ਸਬੰਧਤ ਲੋਕਾਂ ਨੂੰ ਖਾਸ ਕਰਕੇ ਦੱਬੇ ਕੁਚਲੇ ਲੋਕਾਂ ਨੂੰ ਲਾਮਬੰਦ ਕਰ ਸਕੇ। ਇਥੋਂ ਤਕ ਕਿ ਪਿੱਛੋਂ ਦੇ ਸਮੇਂ ਵਿਚ ਵੀ ਮਹਾਰਾਜਾ ਰਣਜੀਤ ਸਿੰਘ ਨੇ ਵੀ ਧਰਮ ਨੂੰ ਰਾਜ ਨਾਲ ਖਲਤ ਮਲਤ ਨਹੀਂ ਸੀ ਕੀਤਾ। ਰਾਜ ਦਾ ਕੰਮ ਕਾਜ ਅਕਾਲ ਤਖਤ ਤੋਂ ਨਹੀਂ ਸੀ ਚਲਾਇਆ ਗਿਆ ਐਪਰ ਇਹ ਇਕ ਸਲਾਹਕਾਰ ਕੌਂਸਲ ਨਾਲ ਚਲਾਇਆ ਜਾਂਦਾ ਸੀ ਜਿਸ ਵਿਚ ਹਿੰਦੂ ਸਿੱਖ ਅਤੇ ਮੁਸਲਮਾਨ ਸ਼ਾਮਲ ਸਨ। ਜੇ ਧਰਮ ਤੇ ਰਾਜਨੀਤੀ ਇਕੋ ਹੁੰਦੇ ਤਾਂ ਉਸਨੇ ਸਿੱਖ ਧਰਮ ਨੂੰ ਰਾਜ ਦਾ ਧਰਮ ਐਲਾਨਿਆ ਹੁੰਦਾ ਐਪਰ ਅਸਲੀਅਤ ਇਹ ਹੈ ਕਿ ਜਦੋਂ ਉਸਦੀ ਜਨਮ ਸ਼ਤਾਬਦੀ ਮਨਾਈ ਗਈ ਸੀ ਉਸਦੀ ਧਰਮ ਨਿਰਲੇਪ ਵਜੋਂ ਪਰਸੰਸਾ ਕੀਤੀ ਗਈ ਸੀ। ਕੀ ਤੁਸੀਂ ਅਜੇਹੀ ਕੋਈ ਮਸਾਲ ਦੇ ਸਕਦੇ ਹੋ ਕਿ ਅਕਾਲੀ ਲਹਿਰ ਦੌਰਾਨ ਅਕਾਲੀਆਂ ਨੇ ਵੱਖਰੇ ਰਾਜਨੀਤਕ ਅਧਿਕਾਰਾਂ ਦੀ ਮੰਗ ਕੀਤੀ ਹੋਵੇ। ਇਹ ਬਰਤਾਨਵੀ ਹਾਕਮ ਹੀ ਸਨ ਜਿਹਨਾਂ ਨੇ ਫਿਰਕੂ ਲੀਹਾਂ 'ਤੇ ਵੰਡ ਨੂੰ ਜਾਰੀ ਰੱਖਣ ਲਈ, 1935 ਦੇ ਭਾਰਤ ਸਰਕਾਰ ਐਕਟ ਰਾਹੀਂ ਲਾਗੂ ਕੀਤੇ ਸਧਾਰਾਂ ਵਿਚ ਫਿਰਕੂ ਪ੍ਰਤੀਨਿਧਤਾ ਦੀ ਪ੍ਰਣਾਲੀ ਲਾਗੂ ਕਰ ਦਿਤੀ ਸੀ। ਅੱਜ ਦੇ ਸਮਾਜ ਵਿਚ ਅਸੀਂ ਧਰਮ ਤੇ ਰਾਜਨੀਤੀ ਨੂੰ ਰਲਗਡ ਨਹੀਂ ਕਰ ਸਕਦੇ। ਜਦ ਕਿ ਧਰਮ ਮਨੁੱਖ ਅਤੇ ਰੱਬ ਵਿਚਕਾਰ ਰਸਾਈ ਦਾ ਸਾਧਨ ਹੈ, ਅਜੋਕੇ ਸਮਾਜ ਵਿਚ ਰਾਜਨੀਤੀ ਜਮਾਤਾਂ ਦੀ ਰਾਜਨੀਤੀ ਹੀ ਜਿਵੇਂ ਕਿ ਸ੍ਰੀ ਟੌਹੜਾ ਨੂੰ ਲੁਧਿਆਣੇ ਵਿਖੇ ਹੋਈ ਅਕਾਲੀ ਕਾਨਫਰੰਸ ਵਿਚ ਰਾਜਾਂ ਦੀ ਖੁਦ ਮੁਖਤਾਰੀ ਬਾਰੇ ਮਤਾ ਪੇਸ਼ ਕਰਦਿਆਂ ਖੁਦ ਆਪਣੇ ਭਾਸ਼ਨ 'ਚ ਮੰਨਣਾ ਪਿਆ ਸੀ।

ਅਸੀਂ ਅੱਜ ਜਮਾਤੀ ਸਮਾਜ ਵਿਚ ਰਹਿ ਰਹੇ ਹਾਂ ਅਤੇ ਰਾਜਨੀਤੀ ਜਮਾਤੀ ਹਿੱਤਾਂ ਰਾਹੀਂ ਨਿਰਧਾਰਤ ਹੁੰਦੀ ਹੈ ਅਤੇ ਪੂੰਜੀਵਾਦੀ ਢਾਂਚੇ ਦੇ ਸੰਕਟ ਦੇ ਡੂੰਘੇ ਹੋਣ ਨਾਲ, ਜਮਾਤੀ ਵਿਰੋਧਤਾਈਆਂ ਬਹੁਤ ਤਿੱਖੀਆਂ ਹੋ ਰਹੀਆਂ ਹਨ। ਕੀ ਤੁਸੀਂ ਇਸ ਟੱਕਰ ਦਾ ਹੱਲ ਧਰਮ ਦੇ ਝੰਡੇ ਹੇਠ ਕਰ ਸਕਦੇ ਹੋ? ਪੂੰਜਪਤੀ, ਲੈਂਡਲਾਰਡ, ਵੱਡੇ ਵਪਾਰੀ, ਸਾਬਕ ਰਾਜੇ ਮੌਜੂਦ ਹਨ ਜਿਹੜੇ ਸਿੱਖ ਅਕੀਦੇ ਦੇ ਧਾਰਨੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਆਪਣੇ ਧਨ ਅਤੇ ਵਸੀਲਿਆਂ ਦੀ ਆਪਣੀ ਸ਼ਕਤੀ ਨਾਲ ਸਿੱਖ ਰਾਜਨੀਤੀ ਨੂੰ ਵੀ ਪ੍ਰਭਾਵਤ ਕਰਨ ਦਾ ਜਤਨ ਕਰਦੇ ਹਨ। ਐਪਰ ਲੱਖਾਂ ਮਜ਼ਦੂਰ, ਖੇਤ ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਛੋਟੇ ਦੁਕਾਨਦਾਰ ਵੀ ਹਨ ਜਿਹੜੇ ਕਿ ਸਿੱਖ ਧਰਮ ਦੇ ਧਾਰਨੀ ਹਨ। ਪਰੰਤੂ ਇਹਨਾਂ ਦੇ ਜਮਾਤੀ ਹਿੱਤ ਪੂੰਜਪਤੀਆਂ ਅਤੇ ਲੈਂਡਲਾਰਡਾਂ ਦੇ ਜਮਾਤੀ ਹਿਤਾਂ ਨਾਲ ਟਕਰਾਉਂਦੇ ਹਨ। ਅਤੇ ਇਹ ਟੱਕਰ ਆਏ ਦਿਨ ਵਧ ਰਹੀ ਹੈ। ਅਸੀਂ ਦੇਖਦੇ ਹਾਂ ਕਿ ਜਦੋਂ ਵੀ ਕੋਈ ਸੁਆਲ, ਜਿਹੜਾ ਪੂੰਜੀਪਤੀਆਂ ਅਤੇ ਲੈਂਡਲਾਰਡਾਂ ਦੇ ਹਿਤਾਂ ਨੂੰ ਪ੍ਰਭਾਵਤ ਕਰਦਾ ਹੋਵੇ, ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਦੇ ਅਗੇ ਆਉਂਦਾ ਹੈ, ਤਾਂ ਇਹ ਫੌਰਨ ਜਨ ਸਧਾਰਨ ਸਿੱਖਾਂ ਦੇ ਹਿੱਤਾਂ ਦੇ ਵਿਰੁਧ ਦੂਸਰੇ ਅਕੀਦਿਆਂ ਨੂੰ ਮੰਨਣ ਵਾਲੇ ਆਪਣੇ ਜਮਾਤੀ ਭਰਾਵਾਂ ਨਾਲ ਇਕਜੁਟ ਹੋ ਜਾਂਦੇ ਹਨ, ਇਹ ਵੀ ਠੀਕ ਹੈ ਕਿ ਜਨਸਧਾਰਨ ਸਿੱਖਾਂ ਵੀ ਆਪਣੇ ਹਿੱਤਾਂ ਦੀ ਰਾਖੀ ਲਈ ਆਪਣੇ ਜਮਾਤੀ ਭਰਾਵਾਂ ਨਾਲ ਇਕਜੁਟ ਹੁੰਦੇ ਹਨ। ਇਸ ਟੱਕਰ ਵਿਚ ਅਕਾਲੀ ਦਲ ਕਿਸ ਦਾ ਪੱਖ ਲਵੇਗਾ? ਕੀ ਇਹ ਲੋਟੂਆਂ ਨਾਲ ਖਲੋਵੇਗਾ ਜਾਂ ਲੁਟੇ ਜਾਂਦਿਆਂ ਨਾਲ?

ਇਹ ਕੋਈ ਅਚਨਚੇਤ ਨਹੀਂ ਕਿ ਜਦੋਂ 1970 ਵਿਚ ਰਾਜਿਆਂ ਦੇ ਭੱਤੇ ਖਤਮ ਕਰਨ ਦਾ ਸਵਾਲ ਪਾਰਲੀਮੈਂਟ ਸਾਹਮਣੇ ਆਇਆ, ਦੋ ਅਕਾਲੀ ਮੈਂਬਰਾਂ ਨੇ ਇਸ ਦੇ ਵਿਰੁਧ ਵੋਟ ਪਾਏ ਹੋ ਸਕਦਾ ਹੈ ਇਹ ਉਹਨਾਂ ਸਿੱਖ ਮਹਾਂਰਾਜਿਆਂ ਦੇ ਭਤਿਆਂ ਨੂੰ ਬਚਾਉਣ ਲਈ ਕੀਤਾ ਹੋਵੇ ਜਿਹਨਾਂ ਨੇ ਰਿਆਸਤਾਂ ਦੀ ਪਰਜਾ ਮੰਡਲ ਲਹਿਰ ਦੌਰਾਨ ਸਧਾਰਨ ਸਿੱਖਾਂ ਨੂੰ ਕੁਚਲਨ ਲਈ ਹਰ ਯਤਨ ਕੀਤਾ ਸੀ।

ਇਹ ਵੀ ਕੋਈ ਅਚਨਚੇਤ ਨਹੀਂ ਕਿ ਜਦੋਂ ਪੰਜਾਬ ਅਤੇ ਸਿੰਧ ਬੈਂਕ ਦਾ ਕੌਮੀਕਰਨ ਕੀਤਾ ਗਿਆ, ਤਾਂ ਸਿੱਖ ਬੈਂਕ ਦੇ ਨਾਂਅ ਹੇਠ ਅਕਾਲੀ ਦਲ ਨੇ ਇਸ ਕਦਮ ਦੇ ਵਿਰੁਧ ਮੁਹਿਮ ਚਲਾਈ। ਇਸ ਵਾਸਤੇ ਸਾਰੀ ਸਮੱਗਰੀ ਅਤੇ ਵਸੀਲੇ ਬੈਂਕ ਦੇ ਉਸ ਸਮੇਂ ਦੇ ਚੇਅਰਮੇਨ ਨੇ ਮੁਹੱਈਆ ਕੀਤੇ, ਜਿਹੜਾ ਕਿ ਪਿਛੋਂ ਸਧਾਰਨ ਲੋਕਾਂ ਵਲੋਂ ਜਮਾਂ ਕਰਵਾਏ ਗਏ ਬੈਂਕ ਦੇ ਕਰੋੜਾ ਰੁਪਏ ਹੜੱਪਣ ਦਾ ਦੋਸ਼ੀ ਪਾਇਆ ਗਿਆ। ਇਹ ਵੀ ਜਾਣੀ ਜਾਂਦੀ ਗੱਲ ਹੈ ਕਿ ਉਹ ਐਮਰਜੰਸੀ ਦੌਰਾਨ ਸੰਜੇ ਗਾਂਧੀ ਦਾ ਲਠਮਾਰ ਸੀ। ਇਸ ਲਈ ਇਹ ਨਾਹਰਾ ਤੁਹਾਨੂੰ ਸਿੱਖ ਲੈਂਡਲਾਰਡਾਂ ਅਤੇ ਪੂੰਜੀਪਤੀਆਂ ਦੀ ਹਮਾਇਤ ਕਰਨ ਵੱਲ ਲੈ ਜਾਂਦਾ ਹੈ।

ਅਗੇ ਇਸੇ ਨਾਹਰੇ ਕਰਕੇ ਹੀ ਤੁਸੀਂ ਰਾਸ਼ਟਰਪਤੀ ਚੋਣ ਵਿਚ ਇੰਦਰਾ ਗਾਂਧੀ ਦੇ ਉਮੀਦਵਾਰ ਦੀ ਹਮਾਹਿਤ ਕਰਨ ਤਕ ਚਲੇ ਗਏ ਹੋ। ਤੁਸਾ ਉਸ ਵਿਰੁਧ ਹਰ ਪ੍ਰਕਾਰ ਦੇ ਦੋਸ਼ ਲਾਏ ਸਨ। ਇਕ ਸਮੇਂ ਅਕਾਲੀ ਉਸਨੂੰ ਸਿੱਖਾਂ ਦਾ ਦੁਸ਼ਮਣ ਕਹਿਣ ਤਕ ਚਲੇ ਗਏ ਸਨ। ਜਮਹੂਰੀ ਢਾਂਚੇ ਵਿਚ ਇਸ ਗੱਲ ਦਾ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ ਜੇ ਕੋਈ ਕਿਸੇ ਖਾਸ ਉਮੀਦਵਾਰ ਦੀ ਕੁਝ ਸਿਧਾਂਤਾ ਦੇ ਅਧਾਰ ਉਪਰ ਹਮਾਇਤ ਕਰੇ ਐਪਰ ਤੁਸੀਂ ਉਸਦੀ ਹਮਾਇਤ ਸਿਰਫ ਇਸ ਕਰਕੇ ਕੀਤੀ ਹੈ ਕਿ ਉਹ ਸਿੱਖ ਹੈ। ਜੇ ਇਸੇ ਅਸੂਲ ਨੂੰ ਮੰਨਿਆ ਜਾਵੇ ਤਾ ਦੂਸਰੇ ਫਿਰਕਿਆਂ ਨਾਲ ਸਬੰਧਤ ਲੋਕ ਤੁਹਾਨੂੰ ਕਿਉਂ ਵੋਟ ਪਾਉਣ ਅਤੇ ਤੁਹਾਨੂੰ ਸਰਕਾਰ ਬਣਾਉਣ ਵਿਚ ਹਮਾਇਤ ਦੇਣ। ਤਾਂ ਫਿਰ ਮੁਖ ਮੰਤਰੀ ਦਾ ਵੀ ਜਿਹੜਾ ਕਿ ਸਿੱਖ ਹੈ, ਵਿਰੋਧ ਕਰਨ ਦਾ ਤੁਹਾਡਾ ਕੀ ਅਧਾਰ ਹੈ? ਤੁਹਾਡਾ ਸਟੈਂਡ ਧਰਮ ਨਿਰਲੇਪਤਾ ਦੀ ਜੜ੍ਹ 'ਤੇ ਸੱਟ ਮਾਰਦਾ ਹੈ। ਜੇ ਤੁਸੀਂ ਕਾਂਗਰਸ (ਆਈ) ਪ੍ਰਸਾਸਨ ਦੇ ਵਿਰੁਧ ਹੋ ਤਾਂ ਤੁਹਾਨੂੰ ਦੂਸਰੀਆਂ ਜਮਹੂਰੀ ਸ਼ਕਤੀਆਂ ਨਾਲ ਦ੍ਰਿੜ ਸਟੈਂਡ ਲੈਣਾ ਪਵੇਗਾ ਨਹੀਂ ਫਿਰ ਤੁਹਾਡਾ ਇਹ ਨਾਹਰਾ ਕਿ ਅਸੀਂ ਵਿਰੋਧੀ ਧਿਰ ਹਾਂ ਕੋਈ ਅਰਥ ਨਹੀਂ ਰੱਖਦਾ। ਮੌਜੂਦਾ ਸਟੈਂਡ ਨਾਲ ਤੁਸੀਂ ਸਿੱਖਾਂ ਦੀ ਰਾਖੀ ਦੇ ਨਾਂਅ ਹੇਠ ਸਮੂਹ ਲੁੱਟ ਘਸੁੱਟ ਕਰਨ ਵਾਲੇ ਸਿੱਖਾਂ ਦੀ ਹਮਾਇਤ ਕਰ ਸਕਦੇ ਹੋ। ਤੁਸੀਂ ਇਹ ਸਿਧ ਕਰ ਦਿਤਾ ਹੈ ਕਿ ਤੁਹਾਡੇ ਕੋਈ ਰਾਜਨੀਤਕ ਮਤਭੇਦ ਨਹੀਂ ਹਨ ਅਤੇ ਤੁਹਾਡੇ ਵਿਤਕਰੇ ਦਾ ਸੱਦਾ ਕੋਈ ਕੋਈ ਅਰਥ ਨਹੀਂ ਰੱਖਦਾ। ਇਹ, ਇਹੀ ਤਰਕ ਹੈ ਜਿਹੜਾ ਕੁਝ ਅਕਾਲੀ ਆਗੂਆਂ ਨੂੰ ਸਤਾ 'ਚ ਭਾਈਵਾਲੀ ਲਈ ਕਾਂਗਰਸ ਨਾਲ ਗਲਬਾਤ ਕਰਨ ਤਕ ਲੈ ਗਿਆ ਹੈ ਅਤੇ ਅਕਾਲੀ ਪਾਰਟੀ ਨੂੰ ਦਰ ਪੇਸ਼ ਮੌਜੂਦ ਸੰਕਟ ਦਾ ਬੁਨਿਆਦੀ ਕਾਰਨ ਵੀ ਇਹੀ ਹੈ ਅਤੇ ਇਹ ਸੰਕਟ ਉਦੋਂ ਤਕ ਦੂਰ ਨਹੀਂ ਹੋ ਸਕਦਾ ਜਦੋਂ ਤਕ ਇਹ ਇਸ ਸਿਧਾਂਤ ਨੂੰ ਚੰਬੜੀ ਰਹੇਗੀ ਸਿਧਾਂਤ ਜਿਹੜਾ ਕਿ ਲੋਟੂਆਂ ਦੇ ਹਿਤਾਂ ਦੀ ਸੇਵਾ ਕਰਦਾ ਹੈ। ਕਿਉਂ ਜੋ ਤੁਸੀਂ ਸ਼ੁਰੂ ਤੋਂ ਹੀ, ਮਜ਼ਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਲਹਿਰਾਂ ਦੀ ਹਮਾਇਤ ਕਰਦੇ ਰਹੇ ਹੋ, ਮੈਂ ਚਾਹਾਂਗਾ ਕਿ ਤੁਸੀਂ ਇਹਨਾਂ ਸਵਾਲਾਂ ਉਤੇ ਗੌਰ ਕਰੋਗੇ। ਮੈਂ ਆਪਣੀ ਦਲੀਲ ਦੀ ਹੋਰ ਪੁਸ਼ਟੀ ਵਾਸਤੇ ਹੋਰ ਦੋ ਮਿਸਾਲਾਂ ਦਿੰਦਾ ਹਾਂ। 1950 ਅਤੇ 1956 ਵਿਚ ਕਾਂਗਰਸ ਨਾਲ ਸੱਤਾ ਵਿਚ ਭਾਈਵਾਲੀ ਵਾਸਤੇ, ਅਕਾਲੀ ਪਾਰਟੀ ਰਾਜਨੀਤੀ ਅਤੇ ਧਰਮ ਨੂੰ ਵਖ ਕਰਨ ਲਈ ਰਜਾਮੰਦ ਹੋ ਗਈ ਸੀ। ਇਸਨੇ ਆਪਣੀਆਂ ਸਰਗਰਮੀਆਂ ਧਾਰਮਿਕ ਖੇਤਰ ਵਿਚ ਇਸਨੇ ਕਾਂਗਰਸ ਦਾ ਅਨੁਸ਼ਾਸਨ ਪਰਵਾਨ ਕਰ ਲਿਆ ਸੀ। ਉਹ ਵੀ, ਲੋਟੂਆਂ ਦੇ ਹਿੱਤਾਂ ਦੀ ਸੇਵਾ ਕਰਨ ਹਿਤ ਕੀਤਾ ਗਿਆ ਸੀ ਨਾ ਕਿ ਜਨ ਸਧਾਰਨ ਦੇ ਹਿੱਤਾਂ ਦੀ ਰਾਖੀ ਲਈ ਤੁਸੀਂ ਮਲਕ ਭਾਗੋਆਂ ਅਤੇ ਭਾਈ ਲਾਲੋਆਂ ਨਾਲ ਦੋਹਾਂ ਨਾਲ ਨਹੀਂ ਚੱਲ ਸਕਦੇ। ਤੁਹਾਨੂੰ ਹਿਦਨਾ ਵਿਚੋਂ ਇਕ ਦੇ ਹਿਤਾਂ ਨੂੰ ਚੁਣਨਾ ਹੋਵੇਗਾ।

ਤੁਹਾਨੂੰ ਪਤਾ ਹੈ ਕਿ ਤੁਹਾਡੇ ਕਈ ਸਾਰੇ ਲੀਡਰ ਜਿਹਨਾਂ ਨੇ ਸੱਤਾ ਦਾ ਅਨੰਦ ਮਾਣ ਲਿਆ ਹੈ ਬਹੁਤਾ ਚਿਰ ਸੱਤਾ ਤੋਂ ਬਿਨਾਂ ਨਹੀਂ ਰਹਿ ਸਕਦੇ। ਐਪਰ ਉਹ ਭੁਲਦੇ ਹਨ ਕਿ ਉਹ ਖੱਬੀ ਧਿਰ ਨਾਲ ਏਕਤਾ ਕਰੇ ਬਿਨਾਂ ਸੱਤਾ ਵਿਚ ਆ ਸਕਦੇ ਹਨ। ਇਹ ਉਹਨਾਂ ਕੁਝ ਲੀਡਰਾਂ ਦੇ ਜਮਾਤੀ ਹਿੱਤਾਂ ਨੂੰ ਸੱਟ ਮਾਰਦਾ ਹੈ ਜਿਹੜੇ ਕਾਂਗਰਸ ਨਾਲ ਸਾਂਝ ਪਾਉਣ ਨੂੰ ਤਰਜੀਹ ਦਿੰਦੇ ਹਨ ਬਜਾਏ ਅਜਿਹੀ ਸਥਿਤੀ ਪੈਦਾ ਹੋਣ ਦੇ ਜਹਿੜੀ ਕਿ ਖੱਬੀ ਲਹਿਰ ਦੇ ਵਿਕਾਸ ਵਿਚ ਮਦਦ ਕਰੇ। ਉਹਨਾਂ ਦੀ ਪੁਜੀਸ਼ਨ ਚੰਗੀ ਤਰਾਂ ਸਮਝ ਆਉਂਦੀ ਹੈ। ਐਪਰ ਉਹਨਾਂ ਦੀ ਪੋਜੀਸ਼ਨ ਕੀ ਹੈ ਜਿਹੜੇ ਜੀਗਰੂ ਤੱਤਾਂ ਵਿਰੁਧ ਲੜਨ ਦੀ ਗਲ ਕਰਦੇ ਹਨ ਸਮਾਜਵਾਦ ਦੀ ਗੱਲ ਕਰਦੇ ਹਨ ਐਪਰ ਆਪਣੀਆਂ ਅਤਿਵਾਦੀ ਨੀਤੀਆਂ ਰਾਹੀਂ ਜਮਹੂਰੀ ਲਹਿਰ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਹਨ।

ਜਦੋਂ ਤੁਸੀਂ 'ਧਰਮ ਯੁੱਧ' ਦਾ ਐਲਾਨ ਕੀਤਾ ਸੀ, ਤੁਸੀਂ 45 ਮੰਗਾਂ ਰੱਖੀਆਂ। ਉਹਨਾਂ ਵਿਚੋਂ ਕੁਝ ਪੁਰਾਣੀਆਂ ਸ਼ਕਾਇਤਾਂ ਹਨ, ਕੁਝ ਸਿੱਖ ਧਾਰਮਿਕ ਘਟ ਗਿਣਤੀ ਨਾਲ ਵਿਤਕਰੇ ਨਾਲ ਸਬੰਧਤ ਹਨ ਅਤੇ ਦੂਸਰੀਆਂ ਪੰਜਾਬ ਦੇ ਸਮੁੱਚੇ ਲੋਕਾਂ ਨਾਲ ਸਬੰਧਤ ਹਨ, ਐਪਰ ਤੁਸੀਂ ਇਹਨਾਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਜਿਵੇਂ ਕਿ ਇਹ ਸਾਰੀਆਂ ਸਿੱਖਾਂ ਨਾਲ ਹੀ ਸਬੰਧਤ ਹੋਣ।

ਅਜੇਹੀਆਂ ਮੰਗਾਂ ਵੀ ਹਨ ਜਿਹੜੀਆਂ ਸਿੱਖ ਘੱਟ ਗਿਣਤੀ ਨਾਲ ਸਬੰਧਤ ਹਨ, ਜਿਵੇਂ ਕਿ ਕਾਂਗਰਸ ਸਰਕਾਰ ਵਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਅੰਦਾਜ਼ੀ। ਮਿਸਾਲ ਲਈ ਜਿਸ ਤਰਾਂ ਦਿੱਲੀ ਗੁਰਦੁਆਰਾ ਚੋਣਾਂ। ਕੁਲ ਹਿੰਦ ਗੁਰਦੁਆਰਾ ਐਕਟ ਨੂੰ ਬਣਾਉਣ ਤੋਂ ਇਨਕਾਰ, ਪਾਕਿਸਤਾਨ ਨੂੰ ਯਾਤਰੂ ਭੇਜਣ ਆਦਿ। ਅਸੀਂ ਇਹਨਾ ਮੰਗਾਂ ਦੀ ਹਮੇਸ਼ਾ ਹਮਾਇਤ ਕੀਤੀ ਅਤੇ ਇਸੇ ਲਈ ਸਰਕਾਰ ਦਾ ਉਸੇ ਤਰਾਂ ਜ਼ੋਰਦਾਰ ਵਿਰੋਧ ਕੀਤਾ ਜਿਸ ਤਰਾਂ ਤੁਸੀਂ ਕੀਤਾ ਹੈ। ਐਪਰ ਰਾਵੀ ਬਿਆਸ ਪਾਣੀਆਂ ਦੀ ਵੰਡ ਦੇ ਝਗੜੇ ਦਾ ਸਵਾਲ ਸਿੱਖਾਂ ਨਾਲ ਵਿਤਕਰੇ ਦਾ ਸੁਆਲ ਕਿਵੇਂ ਹੋਇਆ। ਕੀ ਅਬੋਹਰ ਅਤੇ ਫਾਜ਼ਿਲਕਾ ਦੇ ਹਿੰਦੂ ਕਿਸਾਨਾ ਦਾ ਇਸ ਵਿਚ ਕੋਈ ਹਿਤ ਨਹੀਂ ਜਿਵੇਂ ਕਿ ਸਿੱਖਾਂ ਦਾ ਹੈ।

ਕੀ ਤੁਸੀਂ ਇਸ ਸਵਾਲ ਉਤੇ ਹਰਿਆਣਾ ਅਤੇ ਰਾਜਸਥਾਨ ਦੇ ਸਿੱਖਾਂ ਨੂੰ ਲਾਮਬੰਦ ਕਰ ਸਕਦੇ ਹੋ? ਉਹ ਤੁਹਾਡੇ ਪਾਣੀਆਂ ਦੇ ਝਗੜੇ ਉਤੇ ਨਾਅਰੇ ਦੇ ਵਿਰੁਧ ਹਨ। ਇਸ ਸੁਆਲ ਨੂੰ ਤੁਸੀਂ ਸਿੱਖਾਂ ਨਾਲ ਵਿਤਕਰੇ ਦਾ ਸੁਆਲ ਕਿਵੇਂ ਬਣਾ ਸਕਦੇ ਹੋ ਜਦੋਂ ਸਿੱਖ ਵੀ ਵੱਖ ਵੱਖ ਰਾਜ ਦੇ ਲੋਕਾਂ ਦੇ ਨਾਲ ਹੀ ਵੰਡੇ ਖੜੇ ਹਨ।

ਇਸੇ ਤਰਾਂ ਚੰਡੀਗੜ੍ਹ ਦਾ ਸੁਆਲ ਸਿੱਖਾਂ ਨਾਲ ਵਿਤਕਰੇ ਦਾ ਸੁਆਲ ਕਿਵੇਂ ਬਣ ਗਿਆ ਜਾਂ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਸੁਆਲ ਵਿਤਕਰੇ ਦਾ ਇਕ ਸੁਆਲ ਕਿਵੇਂ ਬਣ ਗਿਆ? ਕੀ ਇਹ ਸੁਆਲ ਬਾਰੇ ਪੰਜਾਬੀਆਂ ਹਿੰਦੂਆਂ, ਸਿੱਖਾਂ, ਈਸਾਈਆਂ, ਧਾਰਮਿਕ ਅਕੀਦੇ ਵਾਲਿਆਂ ਅਤੇ ਨਾਸਤਿਕਾਂ ਨਾਲ ਸਬੰਧਤ ਨਹੀਂ ਹਨ।? ਮਸਲਿਆਂ ਨੂੰ ਅਕਾਲੀ ਵਿਰੁਧ ਵਿਤਕਰੇ ਦਸਕੇ ਤੁਸੀਂ ਪੰਜਾਬੀਆਂ ਦੇ ਕਾਜ ਨੂੰ ਨੁਕਸਾਨ ਪਹੁੰਚਾ ਰਹੇ ਹੋ ਕਿਉਂਕਿ ਤੁਸੀਂ ਦੇਸ਼ ਵਿਚਲੀਆਂ ਜਮਹੂਰੀ ਸ਼ਕਤੀਆਂ ਦੀ ਹਮਾਇਤ ਗੁਆ ਬੈਠਦੇ ਹੋ, ਜਿਹਨਾਂ ਦੀ ਹਮਾਇਤ ਬਿਨਾਂ ਤੁਸੀਂ ਨਾ ਤਾਂ ਪੰਜਾਬੀਆਂ ਦੀਆਂ ਮੰਗਾਂ ਪੂਰੀਆਂ ਕਰਵਾ ਸਕਦੇ ਹੋ। ਨਾ ਹੀ ਵਿਤਕਰੇ ਵਿਰੁਧ ਲੜ ਸਕਦੇ ਹੋ। ਪੰਜਾਬੀ ਸੂਬੇ, ਚੰਡੀਗੜ੍ਹ ਲਈ ਸੰਘਰਸ਼ ਦਾ ਸਾਰਾ


## 'ਕੈਨੇਡਾ ਦਰਪਣ' ਦੇ
## ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name.................................................
Address...............................................
City...................................................
Province..............................................
Postal code...........................................
PHONE.

One Year..............................15 dollars
Two Year..............................25 dollars
Three year............................35 dollars
Life membership...................200 dollars
ASIA.....................................40 dollars(a year)
U.S.A...................................20 dollars(a year)
Europe..................................35 dollars(a year)
Africa...................................35 dollars(a year)

ਇਤਿਹਾਸ ਇਸ ਨੂੰ ਸਾਬਤ ਕਰਦਾ ਹੈ। ਤੁਹਾਨੂੰ ਇਕ ਧਾਰਮਿਕ ਘੱਟ ਗਿਣਤੀ ਹੋਣ ਕਰਕੇ ਸਿੱਖਾਂ ਦੀਆਂ ਮੰਗਾਂ ਅਤੇ ਸਾਰੇ ਪੰਜਾਬੀਆਂ ਦੇ ਸਾਂਝੇ ਹਿੱਤਾਂ ਨਾਲ ਸਬੰਧਤ ਮੰਗਾਂ ਵਿਚ ਫਰਕ ਕਰਨਾ ਹੋਵੇਗਾ। ਤੁਹਾਨੂੰ ਪੰਜਾਬੀਆਂ ਦੀਆਂ ਮੰਗਾਂ ਲਈ ਦੂਸਰੀਆਂ ਜਮਹੂਰੀ ਸ਼ਕਤੀਆਂ ਦੇ ਨਾਲ ਮਿਲਕੇ ਇਕ ਰਾਜਸੀ ਪਾਰਟੀ ਦੇ ਤੌਰ ਤੇ ਲੜਨਾ ਹੋਵੇਗਾ।

ਕੋਈ ਇਹ ਸਿੱਟਾ ਨਹੀਂ ਕੱਢ ਸਕਦਾ ਕਿ ਮੌਜੂਦਾ ਸਥਿਤੀ ਲਈ ਕੇਵਲ ਅਕਾਲੀ ਪਾਰਟੀ ਹੀ ਦੋਸ਼ੀ ਹੈ। ਹਿੰਦੂ ਫਿਰਕਾ ਪਰਸਤਾਂ ਦੇ ਜਨ ਸੰਘ ਦੇ ਸਿਧਾਂਤ ਨੂੰ ਲੈ ਕੇ ਪੰਜਾਬੀਆਂ ਉਤੇ ਮਾਰੂ ਸੱਟ ਮਾਰੀ ਹੈ। ਉਹਨਾਂ ਨੇ ਪੰਜਾਬੀ ਕੌਮੀਅਤ ਵਿਚ ਫੁੱਟ ਪਾਉਣ ਲਈ ਸਭ ਕੁਝ ਕੀਤਾ ਹੈ। ਵੰਡ ਤੋਂ ਪਹਿਲਾਂ ਵੀ ਪੰਜਾਬ ਕਾਂਗਰਸ ਦੀ ਅਗਵਾਈ ਵਪਾਰਕ ਫਿਰਕੇ ਦੇ ਹੱਥਾਂ ਵਿਚ ਸੀ ਜਿਹੜੇ ਸੂਦਖੋਰ ਵੀ ਸਨ।

ਸੂਦਖੋਰ ਹੋਣ ਕਰਕੇ ਉਹਨਾਂ ਨੇ ਕਿਸਾਨ ਦੀ ਨਫਰਤ ਖਟੀ ਸੀ, ਕਿਸਾਨਾਂ ਨੂੰ ਲਹਿਰ ਵਿਚ ਤਾਂ ਕੀ ਲਿਆਉਣਾ ਸੀ। ਇਹੋ ਕਾਰਨ ਸੀ ਕਿ ਹਿੰਦੂ ਅਤੇ ਮੁਸਲਿਮ ਕਿਸਾਨੀ ਨੂੰ ਕੌਮੀ ਅਜ਼ਾਦੀ ਲਈ ਸੰਘਰਸ਼ ਵਿਚ ਨਾ ਲਿਆਂਦਾ ਜਾ ਸਕਿਆ। ਇਹ ਸਿਹਰਾ ਅਕਾਲੀ ਪਾਰਟੀ ਸਿਰ ਬੱਝਦਾ ਹੈ। ਜਿਸ ਦੀ ਅਗਵਾਈ ਹੇਠ ਸਿੱਖ ਕਿਸਾਨ ਲਹਿਰ ਵਿਚ ਆਏ। ਇਸ ਲਈ ਹਿੰਦੂ ਫਿਰਕਾਪਰਸਤਾਂ ਦਾ ਪੰਜਾਬ ਵਿਚ ਫਿਰਕਾਪਰਸਤੀ ਨੂੰ ਹੱਲਾਸ਼ੇਰੀ ਦੇਣ ਵਿਚ ਹਿਸਾ ਹੈ।

ਆਜ਼ਾਦੀ ਪਿਛੋਂ ਜਨਸੰਘ ਅਤੇ ਹਿੰਦੂ ਕਾਂਗਰਸੀ ਦੋਵਾਂ ਨੇ ਪੰਜਾਬੀ ਹਿੰਦੂਆਂ ਉਤੇ ਜ਼ੋਰ ਪਾਇਆ ਕਿ ਉਹ ਮਰਦਮ ਸ਼ੁਮਾਰੀ ਵਿਚ ਆਪਣੀ ਭਾਸ਼ਾ ਪੰਜਾਬੀ ਨਾ ਰੀਕਾਰਡ ਕਰਵਾਉਣ ਅਤੇ ਉਹਨਾਂ ਦੇ ਮਨਾਂ ਵਿਚ ਜ਼ਹਿਰ ਭਰਨ ਵਿਚ ਸਫਲ ਹੋ ਗਏ। ਫੇਰ 1961 ਦੀ ਮਰਦਮ ਸ਼ੁਮਾਰੀ ਵਿਚ ਇਹੋ ਕੁਝ ਦੁਹਰਾਇਆ ਗਿਆ। ਦੋਵਾਂ ਮੌਕਿਆਂ ਉਤੇ ਉਹਨਾ ਨੇ ਆਪਣੀ ਭਾਸ਼ਾ ਹਿੰਦੀ ਰੀਕਾਰਡ ਕਰਵਾਈ। ਇਹ ਪੰਜਾਬੀਆਂ ਦੀ ਏਕਤਾ ਉਤੇ ਭਾਰੀ ਸੱਟ ਸੀ।

ਇਸ ਸਬੰਧ ਵਿਚ ਕੇਂਦਰ ਵਿਖੇ ਕਾਂਗਰਸ ਸਰਕਾਰ ਵਲੋਂ ਖੇਡੇ ਗਏ ਫੁੱਟਪਾਊ ਰੋਲ ਨੂੰ ਭੁਲਿਆ ਨਹੀਂ ਜਾ ਸਕਦਾ। ਉਹਨਾਂ ਨੇ ਪੰਜਾਬੀ ਸੂਬੇ ਦੀ ਕਾਇਮੀ ਦੀ ਵਿਰੋਧਤਾ ਪੂਰੇ ਜ਼ੋਰ ਨਾਲ ਕੀਤੀ। ਜਦੋਂ ਉਹ ਇਸ ਮੰਗ ਨੂੰ ਮੰਨਣ ਲਈ ਮਜਬੂਰ ਕੀਤੇ ਗਏ ਤਾਂ ਰਾਜ ਦੀ ਕਾਇਮੀ ਲਈ ਉਹਨਾਂ 1961 ਦੀ ਵਿਗਾੜੀ ਹੋਈ ਮਰਦਮ ਸ਼ੁਮਾਰੀ ਨੂੰ ਬੁਨਿਆਦ ਬਣਾ ਲਿਆ, ਇਸ ਤਰਾਂ ਪੰਜਾਬੀਆਂ ਨੂੰ ਬਹੁਤ ਸਾਰੇ ਨਾਲ ਲਗਦੇ ਪੰਜਾਬੀ ਭਾਸ਼ਾਈ ਇਲਾਕਿਆਂ ਪੰਜਾਬ ਦੀ ਰਾਜਧਾਨੀ ਸਮੇਤ, ਜੋ ਕਿਸੇ ਤਰਾਂ ਵੀ ਪੰਜਾਬ ਤੋਂ ਬਾਹਰ ਨਹੀਂ ਸੀ ਰਖੇ ਜਾ ਸਕਦੇ, ਤੋਂ ਵਾਂਝਿਆਂ ਕੀਤਾ ਗਿਆ। ਇਹ ਇਕ ਅਣਜਾਣਪੁਣੇ ਦਾ ਫੈਸਲਾ ਨਹੀਂ ਹੀ ਬਲਕਿ ਕੇਂਦਰੀ ਸਰਕਾਰ ਵਲੋਂ ਇਕ ਸਮਝੀ ਸੋਚੀ ਚਾਲ ਸੀ ਫਿਰਕੂ ਫੁੱਟ ਦੇ ਹੋਰ ਬੀਜ ਬੀਜਣ ਦੀ। ਕਾਂਗਰਸ ਖੁਦ ਫਿਰਕੂ ਵੰਡਾਂ ਨੂੰ ਵਰਤਣ ਦੀ ਨੀਤੀ ਉਤੇ ਚਲਦੀ ਆਈ ਹੈ।

ਪਰ ਕੀ ਤੁਸੀਂ ਹੁਣ ਉਹਨਾਂ ਦੇ ਹਥ ਮਜ਼ਬੂਤ ਕਰਨਾ ਚਾਹੁੰਦੇ ਹੋ?

ਤੁਹਾਨੂੰ ਇਹ ਜਾਂਚ ਕਰਨੀ ਹੋਵੇਗੀ ਕਿ ਕੀ ਇਸਦੀ ਮੌਜੂਦਾ ਨੀਤੀ ਨਾਲ, ਅਕਾਲੀ ਦਲ ਆਪਣੇ ਆਪ ਨੂੰ ਇਕ ਅਜਿਹੀ ਸ਼ਕਤੀ ਦੇ ਤੌਰ ਤੇ ਮਜ਼ਬੂਤ ਬਣਾਉਂਦਾ ਜਿਹੜੀ ਧਰਮ ਨਿਰਲੇਪਤਾ ਜਮਹੂਰੀਅਤ ਅਤੇ ਪ੍ਰਗਤੀ ਨੂੰ ਸਮਰਪਿਤ ਹੋਵੇ ਜਾਂ ਕੀ ਇਹ ਅਤਿਵਾਦੀਆਂ ਨੂੰ ਮਜਬੂਤ ਹੋਣ ਵਿਚ ਮਦਦ ਕਰਦੀ ਹੈ ਜਿਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੁੰਦਾ ਹੈ। ਪਿਛਲੇ ਢਾਈ ਸਾਲਾਂ ਦੌਰਾਨ ਲੀਡਰਸ਼ਿਪ ਅਤਿਵਾਦੀਆਂ ਦੇ ਹੱਥਾਂ ਵਿਚ ਚਲੀ ਗਈ ਹੈ ਜਿਹਨਾਂ ਨੇ ਸਾਰਾ ਵਾਤਾਵਰਣ ਵਿਗਾੜ ਦਿਤਾ ਹੈ ਅਤੇ ਅਕਾਲੀ ਦਲ ਦੀ ਅਤਿਵਾਦੀਆਂ ਵਿਰੁਧ ਮਜਬੂਤ ਪੁਜ਼ੀਸ਼ਨ ਦੀ ਅਣਹੋਂਦ ਵਿਚ ਅਕਾਲੀ ਦਲ ਦੇਸ਼ ਵਿਚਲੀਆਂ ਜਮਹੂਰੀ ਸ਼ਕਤੀਆਂ ਤੋਂ ਨਿਖੜਿਆ ਖੜਾ ਹੈ। ਇਹ ਇਤਿਹਾਸ ਦਾ ਦੁਖਾਂਤ ਹੈ ਕਿ ਅਕਾਲੀ ਪਾਰਟੀ ਉਸਦੇ ਸਾਮਰਾਜ, ਰਾਜਿਆਂ ਅਤੇ ਜਾਗੀਰਦਾਰਾਂ ਵਿਰੁਧ ਸੰਘਰਸ਼ਾਂ ਦੀਆਂ ਰਵਾਇਤਾਂ ਨੂੰ ਲੈ ਕੇ, ਏਕਾ ਅਧਿਕਾਰਵਾਦੀ ਰਾਜ ਵਿਰੁਧ ਸੰਘਰਸ਼ ਵਿਚ ਪਹਿਲਕਦਮੀ ਆਪਣੇ ਹੱਥਾਂ ਵਿਚ ਲੈਣ ਦੀ ਬਜਾਏ ਉਸਨੇ ਪਹਿਲ ਕਦਮੀ ਸੰਤ ਭਿੰਡਰਾਂਵਾਲੇ ਅਤੇ ਦੂਸਰੇ ਅਤਿਵਾਦੀਆਂ ਦੇ ਹੱਥਾਂ ਵਿਚ ਦੇ ਦਿਤੀ ਹੈ ਜਿਹੜੇ ਰਾਜ ਵਿਚ ਵਸ ਰਹੇ ਵਖ ਵਖ ਫਿਰਕਿਆਂ ਵਿਚਾਲੇ ਪਾੜਾ ਪਾਉਣ ਉਤੇ ਤੁਲੇ ਹੋਏ ਹਨ। ਅਕਾਲੀ ਅਤੇ ਕਾਂਗਰਸੀ ਅਤੇ ਦੋਵੇਂ ਉਸਨੂੰ ਆਪਣੇ ਵੱਲ ਖਿਚਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਪਿਛੇ ਜਿਹੇ ਦੋ ਚੋਣਾਂ ਦੌਰਾਨ, ਗੁਰਦੁਆਰਾ ਚੋਣ ਅਤੇ 1980 ਦੀਆਂ ਪਾਰਲੀਮਾਨੀ ਚੋਣਾਂ ਵਿਚ ਉਹ ਅਕਾਲੀਆਂ ਨੂੰ ਹਰਾਉਣ ਲਈ ਕਾਂਗਰਸ ਦੇ ਪੱਖ ਵਿਚ ਵੇਖਿਆ ਗਿਆ ਸੀ।

ਕੀ ਤੁਸੀਂ ਪਿਛਲੇ ਸਾਲ ਦੀ ਸਥਿਤੀ ਦਾ ਇਸ ਸਾਲ ਦੀ ਸਥਿਤੀ ਨਾਲ ਮੁਕਾਬਲਾ ਕਰੋਗੇ? ਪਿਛੇ ਜਦੋਂ ਅਸੀਂ ਇਕ ਸਾਂਝਾ ਸੰਘਰਸ਼ ਲੜ ਰਹੇ ਸੀ ਜਿਹੜਾ ਅਸੰਬਲੀ ਘਿਰਾਉ ਵਿਚ ਸਿਖਰ ਤੇ ਪੁੱਜਾ ਸੀ, ਕਾਂਗਰਸ ਸਰਕਾਰ ਲਈ ਉਹ ਇਕ ਵੱਡਾ ਧੱਕਾ ਸੀ, ਸੂਬੇ ਦੇ ਲੋਕ ਉਤਸ਼ਾਹਿਤ ਹੋਏ ਸਨ। ਅਜ ਜਦੋਂ ਪਹਿਲਕਦਮੀ ਅਤਿਵਾਦੀਆਂ ਦੇ ਹੱਥਾਂ ਵਿਚ ਹੈ, ਫਿਰਕੂ ਵੰਡ, ਫੁਟ ਅਤੇ ਹਾਰੂ ਰੁਚੀ ਹੈ। ਇਹ ਕਾਂਗਰਸੀ ਹਾਕਮਾਂ ਲਈ ਢੁਕਵੀਂ ਸਥਿਤੀ ਹੈ।

26 ਜੁਲਾਈ ਨੂੰ ਤੁਸਾਂ ਫੇਰ ਫੈਸਲਾ ਕੀਤਾ ਹੈ, 4 ਅਗਸਤ 1982 ਤੋਂ ਸੰਘਰਸ਼ ਨੂੰ ਤਿਖਾ ਕਰਨ ਦਾ, ਕਈ ਕਿਸਮ ਦੀਆਂ ਮੰਗਾਂ ਨੂੰ ਲੈ ਕੇ। ਭਿੰਡਰਾਂਵਾਲਾ ਨੇ ਇਸ ਮੌਕੇ ਨੂੰ ਹਥੋਂ ਨਹੀਂ ਗਵਾਇਆ, ਆਪਣਾ ਮੋਰਚਾ ਵਾਪਸ ਲੈ ਲਿਆ ਅਤੇ ਤੁਹਾਡੇ ਵਿਚ ਸ਼ਾਮਲ ਹੋ ਗਿਆ। ਤਲਵੰਡੀ ਵੀ ਇਹੋ ਕੁਝ ਕਰ ਸਕਦਾ ਸੀ। ਇਹ ਅਣਜਾਣੇ ਫੈਸਲੇ ਨਹੀਂ ਹਨ ਬਲਕਿ ਅਤਿਵਾਦੀਆਂ ਦੀ ਲੀਡਰਸ਼ਿਪ ਨੂੰ ਮਜ਼ਬੂਤ ਬਣਾਉਣ ਲਈ ਹਨ। ਇਹ ਗੱਲ ਅਕਾਲੀਆਂ ਨੂੰ ਕੌਮੀ ਮੁਖ ਧਾਰੇ ਤੋਂ ਹੋਰ ਨਿਖੇੜ ਦੇਵੇਗੀ।

ਇਸ ਲਈ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਸਥਿਤੀ ਉਤੇ ਗਹੁ ਨਾਲ ਵਿਚਾਰ ਕੀਤੀ ਜਾਵੇ। ਲੀਡਰਸ਼ਿਪ ਦੀ ਸਿਫਤ ਇਹ ਹੁੰਦੀ ਹੈ ਕਿ ਉਹ ਲੋਕਾਂ ਦੇ ਕੁਝ ਹਿਸਿਆ ਵਿਚ ਅਤਿਵਾਦੀਆਂ ਵਲੋਂ ਉਭਾਰੇ ਗਏ ਜਜਬਾਤ ਤੋਂ ਪ੍ਰਭਾਵਿਤ ਨਾ ਹੋਵੇ ਸਗੋਂ ਸੰਕਟ ਮਈ ਘੜੀਆਂ ਵਿਚ ਸਹੀ ਅਗਵਾਈ ਦੇਵੇ।

ਜੋ ਕੁਝ ਅੱਜ ਪੰਜਾਬ ਵਿਚ ਹੋ ਰਿਹਾ ਹੈ ਉਹ ਅਕਾਲੀ ਪਾਰਟੀਆਂ ਦੀਆਂ ਚੰਗੇਰੀਆਂ ਰਵਾਇਤਾਂ ਨਾਲ ਮੇਲ ਨਹੀਂ ਖਾਂਦਾ ਸਗੋਂ ਇਹ ਰਾਜਸੀ ਲਾਈਨ ਦਾ ਹਿਸਾ ਹੈ ਜਿਸਦਾ ਸਿੱਟਾ ਸਦਾ ਹੀ ਪਾਰਟੀ ਦੇ ਨਿਘਾਰ ਵਿਚ ਨਿਕਲਿਆ ਹੈ। ਰਾਜਸੀ ਖੇਤਰ ਵਿਚ ਮੁਖ ਟੱਕਰ ਇਕ ਪਾਸੇ ਸਰਮਾਏਦਾਰ-ਜਾਗੀਰਦਾਰ ਹਾਕਮ ਜਮਾਤ ਅਤੇ ਦੂਸਰੇ ਪਾਸੇ ਭਾਰਤੀ ਲੋਕਾਂ ਵਿਚਾਲੇ ਹੈ; ਉਹਨਾ ਵਿਚਾਲੇ ਜਿਹੜੇ ਅਜਾਰਾਦਾਰੀਆਂ ਅਤੇ ਜੀਗਰੂ ਅਨਸਰਾਂ ਦੇ ਹਿਤਾਂ ਦੀ ਰਾਖੀ ਕਰਦੇ ਹਨ ਅਤੇ ਜਿਹੜੇ ਧਰਮ ਨਿਰਲੇਪਤਾ, ਜਮਹੂਰੀਅਤ ਅਤੇ ਸਮਾਜਵਾਦ ਲਈ ਖੜੇ ਹਨ। ਹਾਕਮ ਜਮਾਤਾਂ ਆਪਣਾ ਰਾਜ ਪੱਕਾ ਕਰਨ ਲਈ ਦੇਸ਼ ਵਿਚ ਵਸ ਰਹੇ ਵਖ ਵਖ ਫਿਰਕਿਆਂ ਵਿਚਾਲੇ ਮਤਭੇਦਾਂ ਦਾ ਲਾਭ ਉਠਾਉਂਦੀਆਂ ਹਨ। ਸਾਮਰਾਜੀ ਵੀ ਦੇਸ਼ ਨੂੰ ਅਸਿਥਰ ਬਣਾਉਣ ਲਈ ਅਤੇ ਸਰਕਾਰ ਉਤੇ ਉਹਨਾਂ ਦੀ ਲਾਈਨ ਤੇ ਚਲਣ ਲਈ ਦਬਾਅ ਪਾਉਣ ਵਾਸਤੇ ਵਖਵਾਦੀ ਲਹਿਰਾਂ ਦੀ ਹੌਸਲਾ ਅਫਜਾਈ ਕਰਨ ਵਿਚ ਦਿਲਚਸਪੀ ਰਖਦੇ ਹਨ। ਪ੍ਰਗਤੀ ਅਤੇ ਜਮਹੂਰੀਅਤ ਦੀਆਂ ਸ਼ਕਤੀਆਂ ਇਹਨਾਂ ਨੀਤੀਆਂ ਵਿਰੁਧ ਲੜ ਰਹੀਆਂ ਹਨ। ਘੱਟ ਗਿਣਤੀਆਂ ਦੇ ਹਿਤ ਇਹਨਾਂ ਸ਼ਕਤੀਆਂ ਦੀ ਹਮਾਇਤ ਕਰਨ ਵਿਚ ਹਨ ਅਤੇ ਕੋਈ ਅਜਿਹੀ ਗੱਲ ਨਾ ਕਰਨ ਵਿਚ ਹਨ ਜਿਸ ਨਾਲ ਅਤਿਵਾਦੀਆਂ, ਭਾਵੇਂ ਉਹ ਦਲ ਖਾਲਸਾ ਹੈ ਜਾਂ ਭਿੰਡਰਾਂਵਾਲਾ ਦੇ, ਨੂੰ ਹੌਸਲਾ ਮਿਲਦਾ ਹੋਵੇ। ਅਸੀਂ 1947 ਦੇ ਦੁਖਾਂਤ ਨਹੀਂ ਭੁੱਲ ਸਕਦੇ ਜਦੋਂ ਫਿਰਕੂ ਫਸਾਦਾਂ ਨੇ ਲੱਖਾਂ ਹੀ ਬੇਗੁਨਾਹਾਂ ਦੀਆਂ ਜਾਨਾਂ ਸਰਹੱਦ ਦੇ ਦੋਵਾਂ ਪਾਸਿਆਂ ਵੱਲ, ਲੈ ਲਈਆਂ ਸਨ। ਉਸ ਵਿਚੋਂ ਕਿਸਨੂੰ ਲਾਭ ਪੁੱਜਾ? ਉਹ ਪੰਜਾਬ ਦੇ ਲੋਕਾਂ ਦੇ ਮਥਿਆਂ ਉਤੇ ਕਾਲਾ ਧੱਬਾ ਰਹੇਗਾ।

ਇਸ ਲਈ ਸਾਨੂੰ ਅਜੇਹੀ ਤਬਾਹੀ ਤੋਂ ਪੰਜਾਬ ਨੂੰ ਬਚਾਉਣ ਲਈ, ਸਭ ਕੁਝ ਕਰਨਾ ਹੈ ਅਤੇ ਮੈਨੂੰ ਪੱਕਾ ਵਿਸ਼ਵਾਸ ਹੈ ਕਿ ਤੁਸੀਂ ਅਤਿਵਾਦੀਆਂ ਨਾਲ ਪਾਰਟੀ ਨਹੀਂ ਬਣੋਗੇ।

ਤੁਸਾਂ ਆਪੋਜ਼ੀਸ਼ਨ ਨੂੰ ਅਪੀਲਾਂ ਕੀਤੀਆਂ ਹਨ ਕਿ ਉਹ ਤੁਹਾਡੇ ਕਾਜ ਲਈ ਮਿਲਵਰਤੋਂ ਦੇਵੇ। ਅਕਾਲੀ ਪਾਰਟੀ ਦੇ ਅੰਦਰ ਦੇ ਰੁਝਾਣਾ ਵਿਚਾਲੇ ਸੰਘਰਸ਼ ਚਾਲੂ ਹੈ। ਇਕ ਜੋ ਪਾਰਟੀ ਨੂੰ ਫਿਰਕੂ ਰਾਹ ਉਤੇ ਪਾਉਣਾ ਚਾਹੁੰਦਾ ਹੈ—ਅਤਿਵਾਦੀ ਦਾ ਰਾਹ ਜਿਹੜਾ ਜਮਹੂਰੀ ਲਹਿਰ ਨੂੰ ਤੋੜਨਾ ਅਤੇ ਪੰਜਾਬੀ ਕੌਮੀਅਤ ਵੰਡਣਾ ਚਾਹੀਦਾ ਹੈ ਅਤੇ ਇਕ ਰੁਝਾਣ ਜਿਹੜਾ ਸਿਖ ਘੱਟ ਗਿਣਤੀ ਦੇ ਸਹੀ ਹੱਕਾਂ ਦੀ ਰਾਖੀ ਕਰਦੇ ਹੋਏ, ਜਮਹੂਰੀ ਸ਼ਕਤੀਆਂ ਨਾਲ ਸ਼ਾਮਲ ਹੋਣਾ ਚਾਹੁੰਦਾ ਹੈ, ਜਮਹੂਰੀਅਤ ਅਤੇ ਪਰਗਤੀ ਲਈ ਲੜਨ ਵਾਸਤੇ। ਅਸੀਂ ਤੁਹਾਡੇ ਨਾਲ ਜੁੜਨ ਲਈ ਤਿਆਰ ਹਾਂ ਜੇ ਤੁਸੀਂ ਪਹਿਲੇ ਰਾਹ ਜਾਂ ਰੁਝਾਣ ਨੂੰ ਰੱਦ ਕਰਦੇ ਹੋ। ਇਸ ਮਕਸਦ ਲਈ ਤੁਹਾਨੂੰ ਖਾਲਸਤਾਨ ਦੇ ਅਤਿਵਾਦੀ ਨਾਅਰੇ ਨਾਲੋਂ ਦੂਸਰੇ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਅਤੇ ਉਹਨਾ ਉਤੇ ਹਮਲੇ ਕਰਨ ਦੀਆਂ ਦਹਿਸ਼ਤ ਪਸੰਦ ਸਰਗਰਮੀਆਂ ਨਾਲੋਂ ਜਿਹੜੇ ਪਬਲਿਕ ਮੀਟਿੰਗਾਂ ਵਿਚ ਦੂਸਰੇ ਅਕੀਦਿਆਂ ਨਾਲ ਸਬੰਧਤ ਲੋਕਾਂ ਨੂੰ ਕਤਲ ਕਰਨ ਲਈ ਪਰੇਰਦੇ ਹਨ ਉਹਨਾ ਨਾਲੋਂ ਜੋ ਮਜਦੂਰ ਅਤੇ ਮਜਦੂਰ ਵਿਚਾਲੇ ਕਿਸਾਨ ਅਤੇ ਕਿਸਾਨ ਵਿਚਾਲੇ ਕਰਮਚਾਰੀਆਂ ਅਤੇ ਕਰਮਚਾਰੀਆਂ ਵਿਚਾਲੇ, ਧਰਮ ਦੇ ਨਾਮ ਉਤੇ ਇਕ ਪਾੜਾ ਪੈਦਾ ਕਰਨ ਵਾਲੇ ਭਾਸ਼ਨ ਦਿੰਦੇ ਹਨ, ਆਪਣੇ ਆਪ ਨੂੰ ਨਿਖੇੜਨਾ ਹੋਵੇਗਾ। ਫੇਰ ਤੁਸੀਂ ਆਪਣੀਆਂ ਠੋਸ ਮੰਗਾਂ, ਸਿੱਖਾਂ ਵਿਰੁਧ ਵਿਤਕਰੇ ਅਤੇ ਪੰਜਾਬ ਵਿਰੁਧ ਵਿਤਕਰੇ ਦੀਆਂ ਲੈ ਕੇ ਸਾਹਮਣੇ ਆਉ। ਅਸੀਂ ਬਿਨਾ ਝਿਜਕ ਤੁਹਾਡੀ ਹਮਾਇਤ ਕਰਾਂਗੇ ਜਿਵੇਂ ਕਿ ਅਸਾਂ ਪਹਿਲਾਂ ਤੁਹਾਡੇ ਸਹੀ ਕਾਜ ਦੀ ਹਮਾਇਤ ਕੀਤੀ ਹੈ।

ਮੈਂ ਪੂਰੀ ਦਿਆਨਤ ਦਾਰੀ ਨਾਲ ਤੁਹਾਨੂੰ ਅਪੀਲ ਕਰਦਾ ਹਾਂ ਕਿ ਮੌਕੇ ਅਨੁਸਾਰ ਉਠੋ ਅਤੇ ਪੰਜਾਬ ਵਿਚ ਫਿਰਕੂ ਨਫਰਤ ਨੂੰ ਫੈਲਣ ਦੀ ਆਗਿਆ ਨਾ ਦਿਉ। ਇਹ ਅਕਾਲੀ ਲਹਿਰ ਦੀਆਂ ਚੰਗੇਰੀਆਂ ਰਵੈਤਾਂ ਜਿਹਨਾਂ ਨੇ ਕੌਮੀ ਅਜ਼ਾਦੀ ਲਈ ਸੰਘਰਸ਼ ਵਿਚ ਬਹੁਤ ਹਿਸਾ ਪਾਇਆ ਸੀ ਦੇ ਮੁਕੰਮਲ ਤੌਰ ਤੇ ਵਿਰੁਧ ਹੈ।

ਤੁਹਾਡਾ ਸ਼ੁਭਚਿੰਤਕ,
(ਹਰਕਿਸ਼ਨ ਸਿੰਘ ਸੁਰਜੀਤ)

## ਪੱਤਰਕਾਰਾਂ ਦੀ ਇੰਦਰਾ ਤੋਂ ਮੰਗ

ਗੁਹਾਟੀ, ਆਸਾਮ ਜਰਨਲਿਸਟਸ ਯੂਨੀਅਨ ਨੇ ਰਾਜ ਸਰਕਾਰ ਤੇ ਪ੍ਰਧਾਨ ਸ੍ਰੀਮਤੀ ਇੰਦਰਾ ਗਾਂਧੀ ਤੋਂ ਮੰਗ ਕੀਤੀ ਹੈ ਕਿ ਆਸਾਮ ਸਪੈਸ਼ਲ ਪਾਵਰ (ਪ੍ਰੈਸ) ਐਕਟ 1960 ਵਾਪਿਸ ਲੈ ਲਿਆ ਜਾਵੇ। ਇਹ ਐਕਟ 7 ਜਨਵਰੀ ਨੂੰ ਰਾਜ ਦੇ ਵਡੇ ਅਖਬਾਰਾਂ ਉਤੇ ਲਾਗੂ ਕੀਤਾ ਗਿਆ ਸੀ।

## ਗੁਜਰਾਤ ਦੀ ਹਾਲਤ ਬਾਰੇ ਸੇਠੀ ਨਾਲ ਵਿਚਾਰ

ਨਵੀਂ ਦਿੱਲੀ, ਗੁਜਰਾਤ ਦੇ ਗ੍ਰਹਿ ਮੰਤਰੀ ਸ੍ਰੀ ਪ੍ਰਬੋਧ ਰਾਵਲ ਨੇ ਪਿਛਲੀ ਸ਼ਾਮ ਕੇਂਦਰੀ ਗ੍ਰਹਿ ਮੰਤ੍ਰੀ ਸ੍ਰੀ ਸੇਠੀ ਨਾਲ ਮੁਲਾਕਾਤ ਕੀਤੀ ਤੇ ਉਹਨਾਂ ਨੂੰ ਰਾਜ ਦੀ ਰਾਜਸੀ ਹਾਲਤ ਬਾਰੇ ਸੂਚਿਤ ਕੀਤਾ। ਉਹ ਕੇਂਦਰੀ ਗ੍ਰਹਿ ਰਾਜ ਮੰਤਰੀ ਵੈਂਕਟਾ ਸੁਬਈਆ ਨੂੰ ਵੀ ਮਿਲੇ। ਬੜੋਦਾ ਦੀ ਹਾਲਤ ਤੇ ਵੀ ਵਿਚਾਰ ਕੀਤਾ ਗਿਆ।

## ਜਲੰਧਰ ਵਿਚ ਕਤਲ ਦੇ 7 ਕੇਸ ਦਰਜ ਹੋਏ

ਜਲੰਧਰ, ਇਸ ਸਾਲ ਸ਼ਹਿਰ ਵਿਚ ਵਖ ਵਖ ਕਿਸਮ ਦੇ 1729 ਕੇਸ ਪੁਲਸ ਵਲੋਂ ਦਰਜ ਕੀਤੇ ਗਏ ਅਤੇ ਲਗਪਗ 2200 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਡੀ. ਐਸ. ਪੀ. ਸਿਟੀ ਸ: ਕਿਰਪਾਲ ਸਿੰਘ ਕਾਹਲੋਂ ਨੇ ਦਸਿਆ ਕਿ ਇਸ ਸਾਲ ਕਤਲ ਦੇ 7, ਚੋਰੀਆਂ ਦੇ 112 ਕੇਸ ਦਰਜ ਹੋਏ।

## ਨਾਇਜੇਰੀਆ ਦੇ ਰਾਸ਼ਟਰਪਤੀ ਖੇਤੀ ਯੂਨੀਵਰਸਟੀ ਆਣਗੇ

ਲੁਧਿਆਣਾ, ਨਾਇਜੇਰੀਆ ਗਣਰਾਜ ਦੇ ਰਾਸ਼ਟਰਪਤੀ ਅਲਗਾਜੀ ਸ਼ੇਹੂ ਅਲਯੂ ਸ਼ਿਗਾਰੀ 27 ਜਨਵਰੀ ਨੂੰ ਖੇਤੀ ਯੂਨੀਵਰਸਿਟੀ ਦੇ ਦੌਰੇ ਤੇ ਆ ਰਹੇ ਹਨ। ਉਹ ਯੂਨੀਵਰਸਿਟੀ ਦੇ ਪ੍ਰਬੰਧਕੀ ਢਾਂਚੇ ਅਤੇ ਖੋਜ ਪ੍ਰੋਗਰਾਮਾ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। ਯੂਨੀਵਰਸਿਟੀ ਵਲੋਂ ਉਹਨਾਂ ਨੂੰ ਡਾਕਟਰ ਆਫ ਸਾਇੰਸ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਜਾਵੇਗੀ।


THINKING OF SELLING
Please call for free Market Evaluation




DEOL REALTY
277-2200



GURMINDER
DEOL



TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)



JIM PATTISON
Pontiac Buick
GMC TRUCKS



JIM PATTISON
ON MAIN
SERVICE AFTER SALE

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ,
ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

GM

PARLAD GILL



BUS. 879-4233 3434 MAIN ST. VANCOUVER, B.C. RES. 435-1834

## ਇੰਡੀਆ ਮਹਿਲਾ ਐਸੋਸੀਏਸ਼ਨ ਵੈਨਕੂਵਰ ਵਲੋਂ ਸ਼ਾਨਦਾਰ ਸਮਾਗਮ

ਵੈਨਕੂਵਰ :—ਇੰਡੀਆ ਮਹਿਲਾ ਐਸੋਸੀਏਸ਼ਨ ਵੈਨਕੂਵਰ ਦਾ ਸਾਲਾਨਾ ਸਮਾਗਮ 21 ਜਨਵਰੀ, 1983 ਨੂੰ ਮੋਬਰਲੀ ਸਕੂਲ ਦੇ ਕਮਿਊਨਿਟੀ ਹਾਲ ਵਿਚ ਸ਼ਾਮ ਦੇ ਸਤ ਵਜੇ ਆਰੰਭ ਹੋਇਆ। ਇਸ ਸਮਾਗਮ ਵਿਚ ਵੈਨਕੂਵਰ ਦੀਆਂ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧ ਵੀ ਸ਼ਾਮਲ ਸਨ।

ਸ੍ਰੀਮਤੀ ਹਰਜੀਤ ਢਿੱਲੋਂ ਨੇ ਇੰਡੀਆ ਮਹਿਲਾ ਐਸੋਸੀਏਸ਼ਨ ਦੇ ਪਿਛਲੇ ਦਸ ਸਾਲ ਦੀਆ ਇਤਿਹਾਸਕ ਕਾਰਵਾਈਆਂ ਦਾ ਜ਼ਿਕਰ ਕੀਤਾ ਅਤੇ ਦਸਿਆ ਕਿ ਇੰਡੀਆ ਮਹਿਲਾ ਐਸੋਸੀਏਸ਼ਨ ਨੇ ਔਰਤਾਂ ਦੇ ਮਰਦ ਬਰਾਬਰ ਹੱਕਾਂ ਲਈ ਇਤਿਹਾਸਕ ਕੰਮ ਕੀਤਾ। ਇਸੇ ਆਸ਼ੇ ਨਾਲ ਇਨ੍ਹਾਂ ਦੂਸਰੀਆਂ ਸੰਸਥਾਵਾਂ ਨੂੰ ਲਗਾਤਾਰ ਸਹਿਯੋਗ ਦੇਣ ਦੀ ਪਰੰਪਰਾ ਅਪਣਾਈ ਰੱਖੀ ਹੈ। ਸਹਾਰਾ ਗਰੁਪ ਬੜੀ ਕਾਮਯਾਬੀ ਨਾਲ ਚੱਲ ਰਿਹਾ ਹੈ। ਨਾਲ ਹੀ ਸ੍ਰੀਮਤੀ ਢਿਲੋਂ ਨੇ ਆਪਣੀ ਰੀਪੋਰਟ ਵਿਚ ਕਿਹਾ ਕਿ 'ਸਮਾਨਤਾ' ਨਾਂ ਦੀ ਸੰਸਥਾ ਦੀ ਐਸੋਸੀਏਸ਼ਨ ਮਦਦ ਕਰਦੀ ਰਹੀ ਹੈ ਪਰ 'ਸਮਾਨਤਾ' ਆਪਣੇ ਸਥਾਪਤ ਆਸ਼ਿਆਂ ਤੋਂ ਲਾਂਭੇ ਜਾ ਰਹੀ ਹੈ। ਇਸ ਲਈ ਭਵਿਖ ਵਿਚ ਇੰਡੀਆਂ ਮਹਿਲਾ ਐਸੋਸੀਏਸ਼ਨ 'ਸਮਾਨਤਾ' ਨਾਲ ਸਹਿਯੋਗ ਨਹੀਂ ਦੇਵੇਗੀ।

ਸ੍ਰੀਮਤੀ ਹਰਜੀਤ ਢਿੱਲੋਂ ਨੇ ਮਰਦ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਇੰਡੀਆਂ ਮਹਿਲਾ ਐਸੋਸੀਏਸ਼ਨ ਦੀ ਮੁਕੰਮਲ ਹਮਾਇਤ ਕਰਨ ਤਾਂ ਕਿ ਐਸੋਸੀਏਸ਼ਨ ਨੂੰ ਹੋਰ ਮਜਬੂਤ ਬਣਾਇਆ ਜਾ ਸਕੇ।

ਸ੍ਰੀਮਤੀ ਤਿੰਦਰ ਢਿੱਲੋਂ ਨੇ ਸ੍ਰੀਮਤੀ ਹਰਜੀਤ ਢਿੱਲੋਂ ਵਲੋਂ ਦਿਤੀ ਰੀਪੋਰਟ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਸ੍ਰੀਮਤੀ ਸ਼ੁਸ਼ਮਾ ਨੇ ਸਟੇਜ ਸਕੱਤਰ ਦਾ ਕੰਮ ਨਿਭਾਇਆ।

ਐਸੋਸੀਏਸ਼ਨ ਵਲੋਂ ਡਿਨਰ ਦਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ।

## ਕੈਨੇਡਾ 'ਚ ਵੱਧ ਉਜਰਤ ਮੰਗਣ ਤੇ 23 ਇਸਤਰੀਆਂ ਨੌਕਰੀ ਤੋਂ ਖਾਰਜ

ਅਟਵਾ — ਮਿਸੀਸਾਗਾ ਦੀ ਪੀਜ਼ਾ ਫੈਕਟਰੀ ਵਿਚ ਵੱਧ ਉਜਰਤ ਮੰਗਣ ਤੇ ਭਾਰਤੀ ਨਸਲ ਦੀਆਂ 23 ਇਸਤਰੀਆਂ ਨੂੰ ਨੌਕਰੀ ਤੋਂ ਜੁਆਬ ਦੇ ਦਿਤਾ ਗਿਆ ਹੈ। ਇਟਾਲਵੀ ਭਰਾਵਾਂ ਦੀ ਫੈਕਟਰੀ 'ਚ ਕੰਮ ਕਰਦੀਆਂ ਇਸਤਰੀਆਂ ਜਿੰਨੀ ਉਜਰਤ ਕਰਨ ਲਈ ਪ੍ਰਤੀ ਘੰਟੇ ਉਜਰਤ ਵਿਚ 30 ਸੈਂਟ ਵਾਧੇ ਦੀ ਮੰਗ ਕਰ ਰਹੀਆਂ ਹਨ।

ਵਧ ਉਜਰਤ ਮੰਗਦੀਆਂ ਇਸਤਰੀਆਂ ਦੀ ਆਗੂ ਜਸਵੰਤ ਚੀਮਾ ਨੇ ਕਿਹਾ ਕਿ ਉਹਨਾ ਫੈਕਟਰੀ ਮਾਲਕਾਂ ਤੋਂ ਪੈਸੇ ਵਧਾਉਣ ਦਾ ਲਿਖਤੀ ਭਰੋਸਾ ਮੰਗਿਆ ਸੀ ਪਰ ਉਹਨਾਂ ਸਾਨੂੰ ਫੈਕਟਰੀ ਵਿਚੋਂ ਬਾਹਰ ਕੱਢ ਦਿਤਾ।

## ਕੁਕਿਟਲਮ ਵਿਚ ਘਰ ਦੇ ਛੇ ਜੀਅ ਕਤਲ

ਕੁਕਿਟਲਮ :— ਕੁਕਿਟਲਮ ਵਿਚ ਇਕ ਘਰੇਲੂ ਭਿਆਂਨਕ ਦਖਾਂਤ ਪਿਛਲੇ ਮੰਗਲਵਾਰ ਵਾਪਰਿਆ ਜਦ ਕਿ ਇਕੋ ਘਰ ਦੇ ਛੇ ਜੀਅ ਕਤਲ ਕਰ ਦਿਤੇ ਗਏ। ਇਹ ਦੁਖਾਂਤ ਸਵੇਰ ਦੇ ਸਾਢੇ ਪੰਜ ਵਜੇ ਵਾਪਰਿਆ ਜਦ ਕਥਿਤ ਦੋਸ਼ੀ ਨੇ ਆਪਣੇ ਮਾਂ, ਬਾਪ, ਭੈਣ, ਭਰਾ ਤੇ ਭਣੋਈਏ ਨੂੰ ਗੋਲੀਆਂ ਦਾ ਨਿਸ਼ਾਨਾਂ ਬਣਾਇਆ।

ਰਿਚਰਡ ਬਲੇਕਮੇਨ ਤੇ ਟੱਬਰ ਦੇ ਹੋਰ ਮੈਂਬਰਾਂ ਦਾ ਸ਼ਨਿਚਰਵਾਰ ਨਿਊਵੈਸਟ ਵਿਚ ਸਸਕਾਰ ਹੋਇਆ।

## ਟੈਰੇਸ ਵਿਚ ਬੇਰੁਜ਼ਗਾਰੀ ਘਟਾਉਣ ਲਈ ਯਤਨ

ਟੈਰੇਸ,ਬੀ. ਸੀ. —ਟੈਰੇਸ ਵਿਚ ਆਈ. ਡਬਲਯੂ. ਏ ਦੇ ਕਾਮਿਆਂ ਲਈ ਇਕ ਨਵਾਂ ਪ੍ਰੋਜੇਕਟ ਸ਼ੁਰੂ ਕਰਨ ਤੇ ਫੈਡਰਲ ਤੇ ਪ੍ਰੋਵਿਨਸ਼ਲ ਸਰਕਾਰਾਂ ਨੇ ਸਮਝੌਤਾ ਕੀਤਾ ਹੈ। ਇਸ ਪ੍ਰੋਜੇਕਟ ਤੇ ਤਿੰਨ ਲੱਖ ਡਾਲਰ ਖਰਚ ਕੀਤਾ ਜਾਣਾ ਹੈ।

ਅਗਲੇ ਅਠਾਰਾਂ ਮਹੀਨਿਆਂ ਵਿਚ ਫੈਡਰਲ ਤੇ ਸੂਬਾ ਸਰਕਾਰਾਂ 50 ਮਿਲੀਅਨ ਡਾਲਰ ਨਵੇਂ ਪ੍ਰਾਜੈਕਟਾ ਤੇ ਖਰਚ ਕਰਨਗੀਆਂ। ਜਿਸ ਨਾਲ ਬੇਰੁਜ਼ਗਾਰੀ ਘਟਾਈ ਜਾ ਸਕੇਗੀ।

## ਬੀ. ਸੀ. ਦੀਆਂ ਖਬਰਾਂ

ਬੀ. ਸੀ. ਗੌਰਮਿੰਟ ਨੇ ਕੁਕਿਟਲਮ ਲਈ ਡੇਢ ਮਿਲੀਅਨ ਡਾਲਰ ਪਾਣੀ ਅਤੇ ਸੀਊਰ ਸਿਸਟਮ ਲਈ ਦਿਤਾ ਹੈ

ਬੀ. ਸੀ. ਸਰਕਾਰ ਨੇ ਕਰਾਊਨ ਟਰੱਸਟ ਕੰਪਨੀ ਨੂੰ ਹੁਕਮ ਦਿਤਾ ਹੈ ਕਿ ਉਹ ਬੀ. ਸੀ. ਕਾਨੂੰਨ ਦੀ ਪਾਲਣਾ ਕਰੇ ਅਤੇ ਜਿਨ੍ਹਾਂ ਵਿਅਕਤੀਆਂ ਨੇ ਟਰੱਸਟ ਕੰਪਨੀ ਵਿਚ ਅਮਾਨਤ ਰੱਖੀ ਹੈ, ਉਨ੍ਹਾਂ ਨੂੰ ਅਮਾਨਤ ਕਢਾਉਣ ਤੇ ਵੀਹ ਹਜ਼ਾਰ ਡਾਲਰ ਦੀ ਸ਼ਰਤ ਲਾਗੂ ਨਾ ਕਰੇ।

ਬੀ. ਸੀ. ਦੇ ਹਾਊਸਿੰਗ ਮਨਿਸਟਰ ਮਿਸਟਰ ਟੋਨੀ ਬਰੱਮਟ ਨੇ ਕਿਹਾ ਹੈ ਕਿ ਵਿਆਜ਼ ਦੇ ਦਰਾਂ ਦੇ ਘਟਣ ਨਾਲ ਮਾਰਗੇਜ਼ ਸਬਸਿਟੀ ਹੋਮ ਪਰੋਗਰਾਮ ਖਤਮ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ, "ਅਸੀਂ ਇਹ ਪਰੋਗਰਾਮ ਤਿੰਨ ਸਾਲ ਲਈ ਜਾਰੀ ਰੱਖਾਂਗੇ।" ਉਨ੍ਹਾਂ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਹੋਮ ਪਰੋਗਰਾਮ ਖਤਮ ਕੀਤਾ ਜਾ ਰਿਹਾ ਹੈ। ਹੁਣ ਤਕ 20,000 ਘਰਾਂ ਵਾਲਿਆਂ ਨੇ ਇਸ ਪਰੋਗਰਾਮ ਤੋਂ ਲਾਭ ਉਠਾਇਆ ਹੈ। ਅਗਲੇ ਮਹੀਨੇ ਦੇ ਅੰਤ ਤਕ ਇਨ੍ਹਾਂ ਦੀ ਗਿਣਤੀ 45,000 ਹੋ ਜਾਵੇਗੀ। ਇਸ ਪਰੋਗਰਾਮ ਦਾ ਭਾਵ ਵਿਆਜ ਦੀਆਂ ਵਧੀਆਂ ਦਰਾਂ ਤੇ ਲੋਕਾਂ ਨੂੰ ਮਾਰਗੇਜ਼ ਰਾਇਤ ਦੇਣਾ ਹੈ।

## ਗੁਫਤੋ—ਸ਼ਨੀਦ
### ਆਰਾ-ਮਿਲ 'ਚ ਦੋ ਸਿਖ ਨੌਜਵਾਨ

ਸ: ਸ: ਸੰਧੂ
ਰਿਚਮੰਡ, ਬੀ. ਸੀ.

ੳ — ਲਗਦਾ ਤਾਂ ਇਹ ਭਣਵਈਆ ਏ, ਪਰ ਦਿਲ ਇਹ ਚਾਹੁੰਦਾ ਏ ਕਿ ਹੁਣ ਇਹ ਜਿਥੇ ਖਲੋਤਾ ਏ, ਉਚੇ ਥਾਂ ਮਿਲ ਵਿਚ, ਉਥੋਂ ਇਹ ਐਸ ਤਰਾਂ ਡਿੱਗੇ ਕਿ ਇਹਦੀਆਂ ਦੋਵੇਂ ਲੱਤਾਂ ਟੁੱਟ ਜਾਣ ਤਾਂ ਫਿਰ ਸੁਆਦ ਆ ਜਾਵੇ!

ਅ — ਵੇਖ ਓਏ ਤੇਰਾ ਤਾਂ ਨਜ਼ਦੀਕੀ ਰਿਸ਼ਤੇਦਾਰ ਆ। ਇਸ ਤਰਾਂ ਦੀ ਬਦ-ਦੁਆ ਨਹੀਂ ਦਈਦੀ ਕਿਸੇ ਨੂੰ।

ੳ — ਰਿਸ਼ਤੇਦਾਰ ਕਰਕੇ ਈ ਤਾਂ ਗੱਲਾਂ ਨਾਲ ਆਪਣੇ ਮਨ ਦੀ ਭੜਾਸ ਕੱਢ ਰਿਹਾ ਆਂ ਨਹੀਂ ਤਾਂ......ਕੁਛ ਹੋਰ ਨਾ ਕਰ ਵਿਖਾਲਦਾ ਅਤੇ ਅਗਾਂਹ ਨੂੰ ਇਹੋ ਜਿਹਾਂ ਲਹੂ ਪੀਣਿਆਂ ਨੂੰ ਮੱਤ ਆ ਜਾਂਦੀ।

ਅ — ਮੈਨੂੰ ਤੇਰੀ ਗੱਲ ਦੀ ਕੋਈ ਸਮਝ ਨਹੀਂ ਆ ਰਹੀ! ਆਖਰ ਉਹ ਸਾਡਾ ਫੋਰਮੈਨ ਆ, ਉਸਨੇ ਤੱਤੇ ਠੰਢੇ ਤਾਂ ਹਰ ਇਕ ਨਾਲ ਹੋਣਾ ਈ ਹੋਇਆ!

ੳ — ਤੂੰ ਅਜੇ ਕੱਲ੍ਹ ਏਥੇ ਕੰਮ ਕਰਨ ਲੱਗਾ ਏ। ਚਾਰ ਦਿਨ ਠਹਿਰ ਜਾ ਫਿਰ ਸਭ ਤੈਨੂੰ ਪਤਾ ਲਗ ਜਾਵੇਗਾ।

ਅ — ਚਾਰ ਦਿਨ ਉਡੀਕਣ ਨਾਲੋਂ ਤੇ ਹੁਣੇ ਈ ਦਸਦੇ। ਐਸ ਤਰਾਂ ਦਾ ਇਸ ਨੇ ਕੀ ਮਾੜਾ ਕੀਤਾ ਏ ਜੋ ਤੈਨੂੰ ਐਡਾ ਭੈੜਾ ਲੱਗ ਰਿਹਾ ਏ?

ੳ — ਲੈ ਫਿਰ ਸੁਣ ਲੈ ਜੇ ਤੇਰਾ ਐਨਾ ਈ ਦਿਲ ਕਰਦਾ ਏ ਸੁਣਨ ਨੂੰ ਤਾਂ, ਨਾਲੇ ਮੇਰੇ ਦਿਲ ਦਾ ਵੀ ਕੁਛ ਗੁਬਾਰ ਨਿਕਲ ਜਾਵੇਗਾ।

ਪਿਛਲੇ ਸਾਲ ਇਹ ਮਿਲ ਸੜ ਕੇ ਸੁਆਹ ਹੋ ਗਈ ਸੀ ਤਾਂ ਅਸੀਂ ਸਾਰੇ ਕੰਮ ਕਰਨ ਵਾਲੇ ਬੇ-ਰੁਜ਼ਗਾਰੀ ਦਾ ਭੱਤਾ ਲੈਣ ਲੱਗ ਪਏ ਸਾਂ, ਤਾਂ ਇਹ ਸਰਦਾਰ ਸਾਡੇ ਕੋਲ ਆਕੇ ਕਹਿਣ ਲੱਗਾ ਕਿ "ਤੁਸੀਂ ਮਿਲ ਦੀ ਉਸਾਰੀ ਵਿਚ ਕੰਮ ਕਰੀ ਚਲੋ ਤੇ ਨਾਲੇ ਭੱਤਾ ਲਈ ਚਲੋ। ਜਦੋਂ ਮਿਲ ਚਲਣ ਲੱਗ ਪਈ ਤਾਂ ਤੁਹਾਨੂੰ ਸਾਰੇ ਕੰਮ ਕੀਤੇ ਹੋਏ ਦੇ ਪੈਸੇ ਦੇ ਦਿਆਂਗੇ। ਇਸ ਤਰਾਂ ਭੱਤਾ ਵੀ ਲਈ ਜਾਉ ਤੇ ਕੰਮ ਵੀ ਕਰੀ ਜਾਉ।" ਅਸੀਂ ਅਨਭੋਲ ਜਿਹੇ ਬੰਦੇ ਸਾਂ ਸਾਰੇ ਈ। ਕੁਛ ਇਕ ਦੋ ਜੋ ਇਹੋ ਜਿਹੀਆਂ ਗੱਲਾਂ ਦੇ ਜਾਣੂ ਸਨ ਉਹ ਤਾਂ ਨਾ ਮੰਨੇ ਪਰ ਬਾਕੀ ਦੇ ਜਿੰਨੇ ਵੀ ਅਸੀਂ ਹੈਗੇ ਸਾਂ ਰਾਤ ਦਿਨੇ ਖੋਤਿਆਂ ਵਾਂਗ ਮਿਟੀ ਨਾਲ ਮਿਟੀ ਹੋ ਰਹੇ। ਨਹੀਂ ਵੇਖਿਆ ਅਸਾਂ ਸ਼ੁਕਰ ਤੇ ਐਤਵਾਰ, ਬਸ ਰੋਜ਼ਾਨਾ ਦਸ ਦਸ, ਬਾਰਾਂ ਬਾਰਾਂ ਘੰਟੇ ਕੰਮ ਕਰਦੇ ਰਹੇ। ਐਥੋਂ ਤਕ ਕਿ ਅਸੀਂ ਰਾਤ ਨੂੰ ਵੀ ਉਥੇ ਹੀ ਸੌਂ ਰਹਿਣਾ। ਜਿਸ ਨਾਲ ਇਹਨਾਂ ਦਾ ਪਹਿਰੇਦਾਰ ਦਾ ਵੀ ਖਰਚ ਬਚ ਗਿਆ। ਪੂਰੇ ਛੇ ਮਹੀਨੇ ਅਸੀਂ ਇਸ ਤਰਾਂ ਖਪਦੇ ਰਹੇ ਤੇ ਹੁਣ ਜਦੋਂ ਅਸਾਂ ਆਪਣੇ ਪੈਸਿਆਂ ਦੀ ਮੰਗ ਕੀਤੀ ਤਾਂ ਇਹ ਸਰਦਾਰ ਸਾਨੂੰ ਆਕੇ ਇਹ ਕਹਿੰਦਾ ਏ ਕਿ ਤੁਸੀਂ ਤਾਂ ਬੇ-ਰੁਜ਼ਗਾਰੀ ਦਾ ਭੱਤਾ ਲੈਂਦੇ ਰਹੇ ਜੇ, ਮੈਂ ਪੈਸੇ ਦੇਕੇ ਆਪ ਜੇਲ੍ਹ ਜਾਣਾ ਏ। ਵੱਡੀ ਗੱਲ ਤਾਂ ਇਹ ਹੈ ਕਿ ਏਸ ਤਰਾਂ ਸਰਦਾਰ ਮੇਰੇ ਭਣਵਈਏ ਨੂੰ ਏਸ ਚਲਾਕੀ ਦਾ ਸਾਰਾ ਪਤਾ ਸੀ ਜਿਸ ਕਰਕੇ ਇਹਦੇ ਤੇ ਜਿਆਦਾ ਗੁੱਸਾ ਆ ਰਿਹਾ ਏ।

ੳ — ਇਸਦਾ ਮਤਲਬ ਤਾਂ ਫਿਰ ਇਹੀ ਨਿਕਲਿਆ ਕਿ ਸਰਮਾਏਦਾਰ ਦਾ ਨਾ ਕੋਈ ਰਿਸ਼ਤੇਦਾਰ ਹੁੰਦਾ ਏ, ਨਾ ਦੀਨ ਨਾ ਈਮਾਨ। ਪੈਸਾ ਈ ਇਸਦਾ ਸਭ ਕੁਝ ਹੁੰਦਾ ਏ ਤੇ ਉਸਨੂੰ ਈ ਇਹ ਪੂਜਦਾ ਏ।

— ਗੱਲ ਤੂੰ ਬਿਲਕੁਲ ਸੋਲਾਂ ਆਨੇ ਆਖੀ ਆ। ਮੱਤ ਤਾਂ ਆ ਗਈ ਪਰ ਬੜੀ ਲੇਸ ਖਾ ਕੇ ਆਈ। ...

— ਚਲ ਹੁਣ ਘੁਗੂ ਬੋਲ ਪਿਆ ਏ, ਬਾਕੀ ਗੱਲਾਂ ਕੱਲ੍ਹ ਨੂੰ ਕਰਾਂਗੇ। ਮੈਨੂੰ ਤੇਰੇ ਤੋਂ ਅਜੇ ਹੋਰ ਬੜਾ ਕੁਝ ਸਿਖਣ ਦੀ ਲੋੜ ਜਾਪਦੀ ਆ!!

BUYING SELLING TRADING

*Any Kind Of Real Estate Property*

*CONTACT*

**JAS MANGAT**

- BUYING
- TRADING
- FARMS
- SELLING
- COMMERCIAL
- INDUSTRIAL

Bus: 324-1034
Res: 876-1629

CATHAY PACIFIC REALTY LTD.

5052 Victoria Dr., Vancouver

## ਗੁਰੂ ਭਲੀ ਕਰੇਗਾ
–ਸਃ ਬੂਟਾ ਸਿੰਘ
### ਸੰਤਾਂ ਨਾਲ ਫੋਨ ਵਾਰਤਾ

ਕੇਂਦਰੀ ਰਾਜ ਮੰਤਰੀ ਸ: ਬੂਟਾ ਸਿੰਘ ਏਸ਼ੀ-ਆਡ ਦੀ ਸਫਲਤਾ ਤੇ ਦਰਬਾਰ ਸਾਹਿਬ 'ਚ ਆਏ। ਸੰਤ ਲੌਂਗੋਵਾਲ ਨਾਲ ਫੋਨ ਤੇ ਗਲਬਾਤ ਕੀਤੀ। ਉਹ ਕਈ ਕਾਂਗਰਸੀ ਨੇਤਾਵਾਂ ਨੂੰ ਵੀ ਮਿਲੇ। ਜਦ ਉਹਨਾਂ ਤੋਂ ਪੰਜਾਬ ਮਸਲੇ ਬਾਰੇ ਪੁਛਿਆ ਗਿਆ ਤਾਂ ਉਹਨਾਂ ਕਿਹਾ "ਗੁਰੂ ਭਲੀ ਕਰੇਗਾ"। ਉਹ ਬਾਬਾ ਖੜਕ ਸਿੰਘ ਨੂੰ ਵੀ ਮਿਲਣਾ ਚਾਹੁੰਦੇ ਸਨ ਪਰ ਬਾਬਾ ਜੀ ਅੰਮ੍ਰਿਤਸਰ ਵਿਚ ਨਹੀਂ ਸਨ।

## ਪਾਰਲੀਮੈਂਟ ਇਜਲਾਸ ਫਰਵਰੀ ਦੇ ਦੂਜੇ ਹਫਤੇ

ਨਵੀਂ ਦਿੱਲੀ, ਪਤਾ ਲਗਾ ਹੈ ਕਿ ਪਾਰਲੀਮੈਂਟ ਦਾ ਬਜਟ ਇਜਲਾਸ ਫਰਵਰੀ ਦੇ ਦੂਜੇ ਹਫਤੇ ਸ਼ੁਰੂ ਹੋਏਗਾ ਦੋਵੇਂ ਹਾਊਸਾਂ ਦੇ 7 ਤੋਂ 11 ਮਾਰਚ ਤਕ ਜੁੜਨ ਦੀ ਆਸ ਨਹੀਂ ਕਿਉਂਕਿ ਉਦੋਂ ਨਵੀਂ ਦਿੱਲੀ ਵਿਚ ਸਤਵੀਂ ਗੁਟ-ਨਿਰਲੇਪ ਚੋਟੀ ਮੀਟਿੰਗ ਹੋ ਰਹੀ ਹੈ। ਰੇਲਵੇ ਬਜਟ ਅਤੇ ਆਮ ਬਜਟ ਪੇਸ਼ ਕਰਨ ਦੀਆਂ ਤਰੀਕਾਂ ਬਾਰੇ ਹਾਲੀ ਫੈਸਲਾ ਕੀਤਾ ਜਾਣਾ ਹੈ।



## ਗੁਰੂ ਨਾਨਕ ਸਿੱਖ ਟੈਂਪਲ ਵਿਲੀਅਮਜ਼ ਲੇਕ ਦੀ ਚੋਣ ਸਰਬਸੰਮਤੀ ਨਾਲ

ਗੁਰੂ ਨਾਨਕ ਸਿਖ ਟੈਂਪਲ ਵਿਲੀਅਮਜ਼ ਲੇਕ ਦੇ ਸੇਵਾਦਾਰਾਂ ਦੀ ਸਲਾਨਾ ਚੋਣ ਸਰਬ-ਸੰਮਤੀ ਨਾਲ ਹੋਈ। ਨਿਰ ਸੰਦੇਹ ਪੰਜਾਬੀ ਕਮਿਊਨਿਟੀ ਇਸ ਪੱਖ ਤੋਂ ਵਧਾਈ ਦੀ ਪਾਤਰ ਹੈ।

ਸੇਵਾਦਾਰਾਂ ਦੇ ਨਾਮ ਇਸ ਪਰਕਾਰ ਹਨ :—

ਭਾਈ ਬਲਵੰਤ ਸਿੰਘ ਮਨਿਹਾਸ..............................ਪ੍ਰਧਾਨ
ਭਾਈ ਰਸ਼ਪਾਲ ਸਿੰਘ ਬਦੇਸ਼ਾ..............................ਮੀਤ-ਪ੍ਰਧਾਨ
ਭਾਈ ਕੁਲਦੀਪ ਸਿੰਘ ਦਿਉਲ..............................ਸਕੱਤਰ
ਭਾਈ ਰਣਜੀਤ ਸਿੰਘ ਸੰਧੂ..............................ਖਜ਼ਾਨਚੀ
ਭਾਈ ਰਾਜਿੰਦਰ ਸਿੰਘ ਪੁਰੇਵਾਲ..............................ਡਾਇਰੇਕਟਰ
" ਜਗਤ ਸਿੰਘ ਸੋਹੀ..............................".
" ਹਰਚਰਨ ਸਿੰਘ ਸੰਧੂ..............................".
" ਜਰਨੈਲ ਸਿੰਘ ਖੱਖ..............................".
" ਅਮਰੀਕ ਸਿੰਘ ਧਾਲੀਵਾਲ..............................".
" ਗੁਰਦੇਵ ਕੌਰ ਰੰਧਾਵਾ..............................".
" ਬਲਵੰਤ ਕੌਰ ਸੈਣੀ..............................".

ਤੂੰ ਕਿਤੋਂ ਦੀ ਤੀਲ, ਮੈਂ ਤੀਲਾ ਕਿਤੇ ਦਾ,
ਇਸ਼ਕ ਦਾ ਅੰਗਿਆਰ ਸੀ ਸਾਡੇ ਵਿਚਾਲੇ।

MOTI MAHAL RESTAURANT

ਰਾਜਾ ਤੰਦੂਰੀ ਹੱਟ ਬਦਲ ਕੇ ਨਵੀਂ ਥਾਂ
ਮੋਤੀ ਮਹਿਲ ਰੈਸਟੋਰੈਂਟ ਵਿਚ

* ਖੂਬਸੂਰਤ ਸਜਾਵਟ
* ਲਪਟਾਂ-ਭਰਪੂਰ ਖਾਣੇ
* ਖੂਬਸੂਰਤ ਵਾਤਾਵਰਣ
* ਲਾਈਸੈਂਸ-ਸ਼ੁਦਾ ਤੇ ਏਅਰ ਕੰਡੀਸ਼ੰਡ

ਪਾਰਟੀਆਂ ਤੇ ਸਮਾਗਮਾਂ ਲਈ ਬਹੁਤ ਵਧੀਆਂ ਖਾਣੇ ਦਾ ਪ੍ਰਬੰਧ
ਹੁਣੇ ਫੋਨ ਕਰੋ 321-3223
6450, ਮੇਨ ਸਟਰੀਟ.
ਵੈਨਕੂਵਰ, ਬੀ. ਸੀ.

# ਭਗਤ ਰਵਿਦਾਸ ਜੀ

**ਸ: ਸ਼ਮਸ਼ੇਰ ਸਿੰਘ 'ਅਸ਼ੋਕ'**

ਭਗਤੀ ਲਹਿਰ ਦੇ ਮੋਢੀਆਂ ਵਿਚ ਸਵਾਮੀ ਰਾਮਾ ਨੰਦ ਜੀ ਦਾ ਵੀ ਖਾਸ ਸਥਾਨ ਹੈ। ਭਗਤ ਰਵਿਦਾਸ ਜੀ, ਜਿਨ੍ਹਾਂ ਦਾ ਦੂਜਾ ਨਾਂ ਰੈਦਾਸ ਵੀ ਹੈ, ਸਵਾਮੀ ਰਾਮਾਨੰਦ ਦੇ ਚੇਲਿਆਂ ਵਿਚੋਂ ਇਕ ਪ੍ਰਸਿੱਧ ਭਗਤ ਹੋਏ ਹਨ। ਭਗਤ ਰਵਿਦਾਸ ਦਾ ਸਮਾਂ 1 ਹਾੜ ਸੰਮਤ 1471 ਬਿ: ਤੋਂ ਸੰਮਤ 1576 ਬਿ: ਮੰਨਿਆਂ ਜਾਂਦਾ ਹੈ। ਪਰ ਇਨ੍ਹਾਂ ਦੇ ਸਮੇਂ ਬਾਰੇ ਸਹੀ ਸੰਨ-ਸੰਮਤ ਅਜੇ ਵਿਵਾਦ- ਗ੍ਰਸਤ ਹੀ ਹਨ। ਭਗਤ ਰਵਿਦਾਸ ਜੀ ਮਾਤਾ ਦਿਆਰੀ ਦੇ ਪੇਟੋਂ ਸੰਤੋਖੇ ਦੇ ਪੁੱਤਰ ਸਨ।

ਭਗਤ ਰਵਿਦਾਸ ਜੀ ਜਿਵੇਂ ਕਿ ਉਹਨਾਂ ਦੀ ਬਾਣੀ ਤੋਂ ਪਤਾ ਲਗਦਾ ਹੈ, ਬਨਾਰਸ ਦੇ ਵਸਨੀਕ ਤੇ ਜਾਤ ਦੇ ਚਮਾਰ ਸਨ। ਇਹਨਾਂ ਦਾ ਗੁਰੂ ਸਵਾਮੀ ਰਾਮਾ ਨੰਦ ਜਿਹਨਾਂ ਤੋਂ ਇਹਨਾਂ ਨੇ ਬ੍ਰਹਮ ਗਿਆਨ ਪ੍ਰਾਪਤ ਕੀਤਾ, ਦੱਖਣ ਦੇ ਵਸਨੀਕ ਤੇ ਜਾਤ ਦੇ ਬ੍ਰਾਹਮਣ ਸਨ। ਸਵਾਮੀ ਰਾਮਾਨੰਦ ਜੀ ਬਾਰੇ ਕਈ ਦਿਲਚਸਪ ਕਹਾਣੀਆਂ ਪ੍ਰਚਲਤ ਹਨ। ਉਹ ਇਸ ਤਰਾਂ ਕਿ ਪਹਿਲਾਂ ਆਪ ਇਕ ਸਨਿਆਸੀ ਦੇ ਚੇਲੇ ਬਣੇ ਤੇ ਫਿਰ ਸਵਾਮੀ ਰਾਘਵਾਨੰਦ ਜੀ ਦੇ ਕੋਲ ਗਏ, ਜੋ ਉਸ ਸਮੇਂ ਵੈਸ਼ ਦੇਵ ਆਚਾਰਯ ਸਵਾਮੀ ਰਾਮਾਨੁਜ ਦੀ ਗੱਦੀ ਦੇ ਮਾਲਕ ਸਨ। ਸਵਾਮੀ ਰਾਘਵਾਨੰਦ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਹਾਡੀ ਉਮਰ ਬਹੁਤ ਥੋੜ੍ਹੀ ਹੈ। ਇਸ ਲਈ ਜੋ ਕੁਝ ਦਾਨ ਪੁੰਨ ਜਾਂ ਭਜਨ-ਬੰਦਗੀ ਕਰਨੀ ਹੋਵੇਉਹ ਹੁਣੇ ਕਰ ਲਉ। ਇਹ ਸੁਣਕੇ ਰਾਮਾ ਨੰਦ ਜੀ ਘਬਰਾਏ ਨਹੀਂ। ਸਗੋਂ ਬੜੀ ਦ੍ਰਿੜਤਾ ਨਾਲ ਉਹਨਾਂ ਨੇ ਰਾਮਾ ਨੰਦ ਜੀ ਦਾ ਮਤ ਅਖਤਿਆਰ ਕਰ ਲਿਆ। ਸਵਾਮੀ ਰਾਘਵਾਨੰਦ ਜੀ ਨੇ ਖ਼ੁਸ਼ ਹੋਕੇ ਰਾਮਾਨੰਦ ਜੀ ਨੂੰ ਪ੍ਰਾਣਾਯਾਮ ਕਰਨਾ ਸਿਖਾਇਆ, ਜਿਸ ਕਰਕੇ ਆਪ ਪ੍ਰਾਣ ਦਸਵੇਂ ਦਵਾਰ ਚੜ੍ਹਕੇ ਸਮਾਧੀ ਲਾਕੇ ਬੈਠਣ ਲੱਗ ਪਏ। ਉਮਰ ਕਿਉਂਕਿ ਉਸ ਸਮੇਂ ਇਹਨਾਂ ਦੀ ਥੋੜੀ ਹੀ ਬਾਕੀ ਸੀ, ਇਸ ਲਈ ਜਦ ਅੰਤ ਸਮਾਂ ਆਇਆ ਤਾਂ ਪ੍ਰਾਣ ਦਸਵੇਂ ਦਵਾਰ ਚੜ੍ਹੇ ਹੋਣ ਕਰਕੇ ਮੌਤ ਟਲ ਗਈ ਤੇ ਸਵਾਮੀ ਰਾਘਵਾਨੰਦ ਨੇ ਇਹਨਾਂ ਨੂੰ ਬੜੀ ਦੇਰ ਤਕ ਜੀਉਂਦੇ ਰਿਹਣ ਦਾ ਵਰ ਦਿਤਾ।

ਇਸ ਤੋਂ ਸਵਾਮੀ ਰਾਮਾ ਨੰਦ ਨੇ ਬਦਰੀ ਨਾਥ ਧਾਮ ਦੀ ਯਾਤਰਾ ਕੀਤੀ ਤੇ ਫੇਰ ਉਥੋਂ ਪਰਤ ਕੇ ਬਨਾਰਸ ਪੰਚ ਗੰਗਾ ਘਾਟ ਰਹਿਣ ਲੱਗੇ। ਸਵਾਮੀ ਰਾਮਾਨੰਦ ਜੀ ਚੂੰਕਿ ਬਹੁਤੇ ਵੱਡੇ ਕਰਮਕਾਂਡੀ ਜਾਂ ਸਵਯੰ ਪਾਕੀ ਨਹੀਂ ਸਨ। ਇਸ ਲਈ ਏਨੇ ਖੁਲ੍ਹੇ ਡੁਲ੍ਹੇ ਸੁਭਾਉ ਕਾਰਨ ਜਦੋਂ ਉਹ ਮੁੜ ਗੁਰੂ ਰਾਘਵਾ ਨੰਦ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਉਹਨਾਂ ਨੇ ਇਹਨਾਂ ਨੂੰ ਪੰਗਤ ਵਿਚ ਬੈਠਣ ਨਾ ਦਿਤਾ ਤੇ ਕਿਹਾ ਕਿ ਹੁਣ ਤੁਸੀਂ ਆਪਣਾ ਨਵਾਂ ਹੀ ਪੰਥ ਚਲਾਉ। ਤੁਹਾਡਾ ਉਥੇ ਹੀ ਗੁਜ਼ਾਰਾ ਹੋਵੇਗਾ ਅਤੇ ਸਾਡੇ ਪਾਸ ਇਸ ਹਾਲਤ ਵਿਚ ਤੁਹਾਡੀ ਕੋਈ ਥਾਂ ਨਹੀਂ ਹੈ। ਇਸੇ ਕਾਰਨ ਸਵਾਮੀ ਰਾਮਾਨੰਦ ਜੀ ਨੇ ਨਿਰਾਸ ਹੋਕੇ ਰਾਮਾਨੁਜੀ ਸੰਪ੍ਰਦਾਇ ਦੀ ਥਾਵੇਂ ਆਪਣੀ ਵੱਖਰੀ ਸੰਪ੍ਰਦਾਇ ਚਲਾਈ। ਜੋ ਰਾਮਾ ਨੰਦੀ ਸੰਪਰਦਾਇ ਦੇ ਨਾਂ ਨਾਲ ਮਸ਼ਹੂਰ ਹੋਈ।

ਸਵਾਮੀ ਰਾਮਾਨੰਦ ਨੇ ਇਸ ਸੰਪਰਦਾ ਦਾ ਮੁੱਢ ਬੰਨ੍ਹਣ ਲਈ ਜਾਤ ਪਾਤ ਦੇ ਭਿੰਨ-ਭੇਦ ਤੋਂ ਰਹਿਤ ਹੋ ਕੇ ਬਨਾਰਸ ਰਹਿੰਦਿਆਂ ਹੀ ਆਪਣੇ ਕਿੰਨੇ ਹੀ ਚੇਲੇ ਬਣਾਏ। ਉਹਨਾਂ ਚੇਲਿਆਂ ਵਿਚੋਂ ਭਗਤ ਕਬੀਰ, ਮਹਾਂ ਨੰਦ ਤੇ ਸੁਰਸਰਾ ਨੰਦ ਬਹੁਤੇ ਪ੍ਰਸਿੱਧ ਹੋਏ, ਜੋ ਅਠਵੀਂ, ਨੌਵੀਂ ਸਦੀ ਦੇ ਸਿੱਧਾਂ, ਨਾਥਾਂ ਵਾਂਗ ਹੀ ਜਾਤ-ਪਾਤ ਦਾ ਕੋਈ ਵੀ ਭਿੰਨ ਭੇਦ ਨਹੀਂ ਸੀ।

ਭਗਤ ਰਵਿਦਾਸ ਜੀ, ਜਿਹਨਾਂ ਦਾ ਜਨਮ ਸ੍ਰੀ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼(ਨਵੀਂ ਐਡੀਸ਼ਨ 1960) ਕ੍ਰਿਤ ਸ: ਕਾਹਨ ਸਿੰਘ ਨਾਭਾ ਦੇ ਅਨੁਸਾਰ 1 ਹਾੜ ਸੰ: 1456 ਬਿ: ਤੇ ਕਈ ਹੋਰ ਲੇਖਕਾਂ ਦੇ ਅਨੁਸਾਰ ਸੰਨ 1471 ਜਾਂ 1474 ਹੋਣ ਕਰਕੇ ਸਮਾਂ ਪੰਦਰਵੀਂ ਸਦੀ ਈਸਵੀ ਨਿਸ਼ਚਿਤ ਹੁੰਦਾ ਹੈ। ਸ਼ਾਹ ਮਹਿਮੂਦ ਤੁਗਲਕ ਦੇ ਸਮੇਂ ਤੋਂ, ਲੈ ਕੇ ਲੋਧੀਆਂ ਦੇ ਸਮਕਾਲੀ ਸਨ। ਇਹਨਾਂ ਦੇ ਪਿਤਾ ਦਾ ਨਾਮ ਰਘੂ ਤੇ ਮਾਤਾ ਦਾ ਨਾਮ ਘੁਬਿਨੀਆ ਸੀ। ਰਵਿਦਾਸ ਜੀ ਬਚਪਨ ਤੋਂ ਹੀ ਬੜੇ ਸਾਧੂ ਸੁਭਾਉ ਦੇ ਸਨ। ਪਿਤਾ ਨੇ ਚੜ੍ਹਦੀ ਉਮਰੇ ਹੀ ਵਿਆਹ ਹਿਤ ਤੇ ਇਹਨ੍ਹਾਂ ਨੂੰ ਘਰੋਂ ਕੱਢ ਦਿਤਾ। ਪਿਤਾ ਵਲੋਂ ਗੁਜ਼ਾਰੇ ਲਈ ਰੁਪਏ ਪੈਸੇ ਕੁਝ ਨਾ ਮਿਲੇ। ਇਸ ਕਰਕੇ ਆਪ ਆਪਣੀ ਸੁਪਤਨੀ ਸਮੇਤ ਆਪਣੇ ਘਰ ਦੇ ਪਿਛਵਾੜੇ ਹੀ ਕੱਖਾਂ ਦੀ ਕੁਲੀ ਪਾਕੇ ਗੁਜ਼ਾਰਾ ਕਰਨ ਲਗ ਪਏ। ਇਹਨਾ ਦਾ ਕੰਮ ਸੀ ਲੋਕਾਂ ਦੀਆਂ ਜੁੱਤੀਆਂ ਗੰਢ ਕੇ ਦੇਣੀਆਂ, ਮਰੇ ਹੋਏ ਪਸ਼ੂ ਢੋ ਕੇ ਕਰੰਗਾਂ ਵਿਚ ਸੁੱਟਣੇ ਅਤੇ ਉਹਨਾਂ ਦਾ ਚੰਮ ਲਾਹੁਣਾ ਆਦਿ। ਇਸ ਤਰਾਂ ਜੋ ਮਿਹਨਤਾਨਾ ਮਿਲੇ ਉਸੇ ਨਾਲ ਸਬਰ ਸੰਤੋਖ ਤੋਂ ਕੰਮ ਲੈ ਕੇ ਗੁਜ਼ਾਰਾ ਕਰਨਾ ਤੇ ਪਰਮੇਸ਼ਰ ਦਾ ਸਿਮਰਨ ਕਰਨਾ। ਭਾਈ ਗੁਰਦਾਸ ਜੀ ਨੇ ਭਗਤ ਰਵਿਦਾਸ ਜੀ ਦੇ ਇਸ ਕੰਮ ਦਾ ਆਪਣੀ ਬਾਣੀ ਵਿਚ ਇਸ ਤਰਾਂ ਇਸ਼ਾਰੇ ਮਾਤਰ ਜ਼ਿਕਰ ਕੀਤਾ ਹੈ :

ਭਗਤ ਭਗਤ ਜਗ ਵਜਿਆ,
ਚਹੁੰ ਚਕਾਂ ਦੇ ਵਿਚ ਚਮਰੇਟਾ ॥
ਪਾਣਾ ਗੰਢੇ ਰਾਹ ਵਿਚ,
ਕੁਲਾ ਧਰਮ ਢੋਇ ਢੋਰ ਸਮੇਟਾ ॥
ਜਿਉ ਕਰ ਮੈਲੇ ਚੀਥੜੇ,
ਹੀਰਾ ਲਾਲ ਅਮੋਲ ਪਲੇਟਾ ॥
ਚਹੁੰ ਵਰਨਾ ਉਪਦੇਸ ਦਾ,
ਗਿਆਨ ਧਿਆਨ ਕਰ ਭਗਤ ਸਮੇਟਾ ॥
ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥ ੧੭ !! (ਵਾਰ ਦਸਵੀਂ)

ਭਗਤ ਰਵਿਦਾਸ ਜੀ ਨੂੰ ਆਪਣੀ ਨੀਵੀਂ ਜਾਤ ਦਾ ਹੋਰ ਜਾਤ ਅਭਿਮਾਨੀਆਂ ਦੇ ਮੁਕਾਬਲੇ ਤੇ ਬੜਾ ਅਹਿਸਾਸ ਸੀ, ਪਰ ਇਸਦੇ ਨਾਲ ਹੀ ਉਸਨੂੰ ਪਰਮੇਸ਼ਰ ਦੀ ਭਗਤੀ ਦੀ ਅਹਿਮੀਅਤ ਦਾ ਵੀ ਪਤਾ ਸੀ। ਉਸਨੇ ਇਸੇ ਅਵਸਥਾ ਵਿਚ ਭਗਤੀ ਕਰਦਿਆਂ ਆਪਣੀ ਸਾਰੀ ਉਮਰ ਲੰਘਾ ਦਿਤੀ। ਜਿਸ ਕਰਕੇ ਉਸਦਾ ਕਥਨ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥ ਰਹਾਉ ॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,
ਨਿਤਹਿ ਬਨਾਰਸੀ ਆਸ ਪਾਸ ॥
ਅਬ ਬਿਪਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥ ੩ ॥ ੧ ॥(ਮਲਾਰ ਰਵਿਦਾਸ ਜੀ)

ਨਾਮ ਸਿਮਰਨ ਦੀ ਲਗਨ, ਜਿਸ ਤਰਾਂ ਭਗਤ ਰਵਿਦਾਸ ਦੇ ਜੀਵਨ ਤੋਂ ਪਤਾ ਲੱਗਦਾ ਹੈ, ਸਵਾਮੀ ਰਾਮਾ ਨੰਦ ਜੀ ਤੋਂ ਲੱਗੀ ਤੇ ਨਾਲੇ ਬਾਣੀ ਰਚਨ ਦਾ ਸ਼ੌਕ ਵੀ ਜਾਗਿਆ। ਉਸਦੇ ਸੰਗੀ ਸਾਥੀ ਹੋਰ ਸੰਤ ਭਗਤ ਵੀ ਇਸੇ ਤਰਾਂ ਕਵਿਤਾ ਦਾ ਜਜ਼ਬਾ ਰਖਦੇ ਹੋਣ ਕਰਕੇ ਬਾਣੀ ਰਚਦੇ ਸਨ, ਜਿਸ ਤਰਾਂ ਕਿ ਭਗਤ ਕਬੀਰ, ਧੰਨਾ ਸੈਣ, ਸਧਨਾ ਆਦਿ ਦੀ ਬਾਣੀ ਰਾਗ ਦੀ ਛੁਹ ਨਾਲ ਲਿਖੀ ਹੋਈ ਮਿਲਦੀ ਹੈ। ਭਗਤ ਰਵਿਦਾਸ ਹੋਰੀਂ ਰਾਗ ਅਥਵਾ ਸੰਗੀਤ ਦੇ ਕਿਤਨੇ ਕੁ ਮਾਹਰ ਸਨ, ਇਸ ਗੱਲ ਦਾ ਕੋਈ ਪਤਾ ਨਹੀਂ ਲੱਗਦਾ, ਪਰ ਉਹਨਾ ਦੀ ਬਾਣੀ ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ, ਸ੍ਰੀ ਰਾਗ ਗਾਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੋਂਡ, ਰਾਮਕਾਲੀ, ਮਾਰੂ, ਕੇਦਾਰ, ਭੈਰਉ, ਬਸੰਤ, ਮਲਾਰ ਤੇ ਕਬੀਰ ਦੇ ਸ਼ਬਦ ਸਲੋਕਾਂ ਵਿਚ ਰਲੀ ਮਿਲੀ ਮਿਲਦੀ ਹੈ ਤੇ ਇਸ ਤਰਾਂ ਭਗਤ ਹੋਰਾਂ ਹੋਰ ਕੁਝ ਫੁਟਕਲ ਬਾਣੀ ਵੀ ਮਿਲਦੀ ਹੈ। ਜਿਵੇਂ ਕਿ ਵੇਲਵੇਡਿਯਰ ਪ੍ਰੈਸ ਇਲਾਹਾਬਾਦ ਵਲੋਂ ਛੱਪੇ ਉਹਨਾਂ ਦੇ ਬਾਣੀ ਸੰਗ੍ਰਹਿ 'ਰੈਦਾਸ ਜੀ ਕੀ ਬਾਣੀ'(1918 ਈ:) ਤੋਂ ਪਤਾ ਲੱਗਦਾ ਹੈ, ਜਿਸ ਅਨੁਸਾਰ ਰਵਿਦਾਸ ਜੀ ਦੇ ਕੁਲ ਸ਼ਬਦ 288 ਹਨ, ਪਰ ਸਿੱਖੀ ਅਕੀਦੇ ਮੁਤਾਬਕ ਇਹ ਉਹਨਾਂ ਦੀ ਵਾਧੂ ਬਾਣੀ ਹੈ। ਭਗਤ ਹੋਰਾਂ ਦੀ ਅਸਲ ਬਾਣੀ ਉਹੋ ਹੈ ਕਿ ਜੋ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਵਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਈ ਹੈ।

ਜਿਵੇਂ ਕਿ ਭਗਤ ਰਵਿਦਾਸ ਜੀ ਦੀ ਬਾਣੀ ਤੋਂ ਪਤਾ ਲੱਗਦਾ ਹੈ, ਉਹਨਾਂ ਦੇ ਵਿਚਾਰ ਬੜੇ ਉਚੇ ਸੁੱਚੇ ਸ਼ਬਦਾਂ ਤੇ ਭਾਵਾਂ ਦੀ ਬੰਦਸ਼ ਉਹਨਾਂ ਦੀ ਬਾਣੀ ਵਿਚ ਬੜੀ ਚੁਸਤ ਤੇ ਦਰੁਸਤ, ਵਿਚਾਰ ਪ੍ਰਣਾਲੀ ਉਸ ਸਮੇਂ ਦੇ ਨਵੇਂ ਅਗਾਂਹ ਵਧੂ ਖਿਆਲਾਂ ਦੇ ਮੁਤਾਬਕ ਬੜੀ ਸੁਧਾਰਕ ਤੇ ਜਨ-ਉਪਕਾਰਕ, ਅਧਿਆਤਮਕ ਭਾਵ ਬਾਣੀ ਰੂਪ ਟਹਿਣੇ ਵਿਚ ਸੁੱਚੇ ਮੋਤੀਆਂ ਵਾਂਗੂ ਇਜ ਜੜੇ ਹੋਏ ਜਿਵੇਂ ਕਿਸੇ ਚਤਰ ਸੁਨਿਆਰੇ ਜਾਂ ਜੌਹਰੀ ਦਾ ਕੰਮ ਹੁੰਦਾ ਹੈ। ਭਗਤ ਰਵਿਦਾਸ ਜੀ ਦੀ ਇਸ ਕਲਾਤਮਕ ਖੂਬੀ ਦੀ ਪਰਖ ਲਈ ਕਿਸੇ ਮਹਾਤਮਾਂ ਨੇ ਉਹਨਾ ਨੂੰ ਉਹਨਾਂ ਦੀ ਗਰੀਬੀ ਦੂਰ ਕਰਨ ਦੇ ਬਹਾਨੇ ਇਕ ਵੇਰ ਕਿਧਰੋਂ ਪਾਰਸ ਲਿਆ ਕੇ ਦਿਤਾ, ਤਾਂਕਿ ਉਸਦੀ ਛੋਹ ਨਾਲ ਉਹਨਾ ਦੀਆਂ ਰੰਬੀਆਂ, ਸੂਈਆਂ ਆਦਿ ਸਭ ਸੋਨੇ ਦੀਆਂ ਹੋ ਜਾਣ, ਪਰ ਭਗਤ ਜੀ ਇਸ ਦੁਨੀਆਂ ਦਾਰੀ ਦੀ ਕਦ ਪਰਵਾਹ ਕਰਦੇ ਸਨ। ਜਿਸ ਕਰਕੇ ਉਹਨਾ ਨੇ ਉਸ ਪਾਰਸ ਦੀ ਬੱਟੀ ਆਪਣੀ ਕੱਖਾਂ ਦੀ ਕੁਲੀ ਦੀ ਨੁਕਰ ਵਿਚ ਤੁੰਨ ਛੱਡੀ। ਕੁਝ ਚਿਰ ਬਾਅਦ ਜਦ ਉਹ ਮਹਾਤਮਾਂ ਵਾਪਸ ਆਏ ਤਾਂ ਪੁਛਣ ਤੇ ਉਹ ਪਾਰਸ ਦੀ ਬੱਟੀ ਜਿਵੇਂ ਉਹ ਛੱਡ ਗਏ ਸੀ ਆਪਣੀ ਝੁੱਗੀ ਦੇ ਸੰਨ੍ਹ ਵਿਚੋਂ ਕੱਢ ਕੇ ਉਹਨਾਂ ਦੇ ਹਵਾਲੇ ਕਰ ਦਿਤੀ ਤੇ ਕਿਹਾ : 'ਮਹਾਰਾਜ ! ਮੈਨੂੰ ਇਸ ਦੁਨੀਆਂ ਦਾਰੀ ਤੋਂ ਕੀ ਲਾਭ, ਮੈਂ ਤਾਂ ਉਸ ਪਰਮੇਸ਼ਰ ਦੀ ਬੰਦਗੀ ਕਰਨੀ ਹੈ ਆਪਣਾ ਮੁਖ ਕਰਤੱਬ ਸਮਝਦਾ ਹਾਂ, ਜੋ ਸੁੱਚਾ ਹੀਰਾ ਹੈ :

ਹਰਿ ਸੋ ਹੀਰਾ ਛਾਡਿ ਕੈ, ਕਰਨਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ ॥੨੪੨॥ (ਸਲੋਕ ਕਬੀਰ ਜੀਉ ਕੇ)

ਦੁਨੀਆਂ ਦਾਰੀ ਉਹਨਾਂ ਦੇ ਸਾਹਮਣੇ ਕੀ ਕੁਝ ਸੀ, ਇਸ ਗੱਲ ਦਾ ਪਤਾ ਉਹਨਾਂ ਦੀ ਇਸ ਹੁਨਰੀ ਅਧਿਆਤਮਕ ਰਚਨਾ ਤੋਂ ਚੰਗੀ ਤਰਾਂ ਸਪੱਸ਼ਟ ਹੁੰਦਾ ਹੈ :

ਜਲ ਕੀ ਭੀਤਿ, ਪਵਨ ਕਾ ਥੰਭਾ, ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰ, ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ਰਹਾਉ॥
ਰਾਖਹੁ ਕੰਧ, ਉਸਾਰਹੁ ਨੀਵਾਂ ॥
ਸਾਢੇ ਤੀਨ ਹਾਥ ਤੇਰੀ ਸੀਵਾਂ ॥੨॥
ਬੰਕੇ ਬਾਲ, ਪਾਗ ਸਿਰ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥
ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨ ਬਾਜੀ ਹਾਰੀ ॥੪॥ (ਸੋਰਠਿ)

ਇਸੇ ਕਾਰਨ ਭਗਤ ਰਵਿਦਾਸ ਜੀ ਨੇ ਆਪਣੇ ਜੀਵਨ ਤਜਰਬੇ ਦਾ ਨਿਚੋੜ ਕੱਢ ਕੇ ਆਪਣੀ ਬਾਣੀ ਵਿਚ ਕਈ ਅਟੱਲ ਸਚਾਈਆਂ ਦਾ ਬੜਾ ਪ੍ਰਭਾਵ ਪੂਰਤ ਵਰਨਣ ਕੀਤਾ ਹੈ, ਜਿਵੇਂ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥ (ਰਾਗ ਆਸਾ)
ਫਲ ਕਾਰਨ ਫੂਲੀ ਬਨ ਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸ ॥
ਗਿਆਨੁ ਭਇਆ ਤਹ ਕਰਮਹ ਨਾਸੁ ॥ (ਰਾਗ ਭੈਰਉ)

ਭਗਤ ਰਵਿਦਾਸ ਜੀ ਕਬੀਰ ਵਾਂਗ ਵੈਸ਼ਣਵ ਮਤ ਦੇ ਅਨੁਆਈ ਸਨ ਪਰ ਕਬੀਰ ਜੀ ਵਾਂਗ ਉਹਨਾਂ ਨੇ ਆਪਣਾ ਕੋਈ ਨਵਾਂ ਮਤ ਨਹੀਂ ਸੀ ਚਲਾਇਆ। ਹਾਲਾਂਕਿ ਬੜੇ ਬੜੇ ਪੰਡਿਤ ਤੇ ਰਾਜੇ ਰਾਣੇ ਉਹਨਾਂ ਦੇ ਸ਼ਰਧਾਲੂ ਹੋ ਗਏ ਸਨ। ਪਰ ਫਿਰ ਵੀ ਰਾਜਸਥਾਨ ਦੀ ਸਤਿਨਾਮੀ ਸੰਪ੍ਰਦਾਇ, ਜਿਸ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਮੁਕਾਬਲੇ ਤੇ ਬਗਾਵਤ ਕਰਕੇ ਸਹੀ ਅਰਥਾਂ ਵਿਚ ਆਜ਼ਾਦੀ ਦਾ ਝੰਡਾ ਉਠਾਇਆ ਸੀ, ਭਗਤ ਰਵਿਦਾਸ ਜੀ ਦੇ ਅਨੁਆਈਆਂ ਦੀ ਹੀ ਇਕ ਸੰਪ੍ਰਦਾਇ ਸੀ। ਭਗਤ ਜੀ ਦਾ ਦੇਹਾਂਤ ਗਾਲਬਨ ਸੰਮਤ 2575-76 ਬਿ: ਵਿਚ ਹੋਇਆ ਸੀ।


## ਕੈਨੇਡਾ ਤੋਂ ਨਿਕਲਣ ਵਾਲੇ ਅੰਗਰੇਜ਼ੀ ਦੇ ਚੌ ਮਾਸਕ—ਪੱਤਰ

**ਰਪਚਰ (Rupture)**

**ਦਾ**

**ਮਈ 1983 ਦਾ ਵਿਸ਼ੇਸ਼ ਅੰਕ**

**ਕੈਨੇਡਾ ਦੀ ਪੰਜਾਬੀ ਕਵਿਤਾ ਹੋਵੇਗਾ**

ਸੰਪਰਕ ਲਈ ਪਤਾ :
SUKHINDER
Editor : Rupture
Box 732, Postal Stn 'A' Toronto, M5W 1G2, Ontario


# ਸਮਾਨਤਾ

ਔਰਤਾਂ ਉਤੇ ਤਸ਼ੱਦਦ ਰੋਕਣ ਲਈ ਔਰਤਾਂ ਤੇ ਮਰਦਾਂ ਦੀ ਸਾਂਝੀ ਜਥੇਬੰਦੀ-ਸਮਾਨਤਾ ਦੀ ਆਮ ਮੈਂਬਰਸ਼ਿਪ ਮੀਟਿੰਗ 16 ਜਨਵਰੀ 1983 ਨੂੰ ਮੌਸ਼ਰਲੀ ਪਾਰਕ ਕਮਿਊਨਿਟੀ ਸੈਂਟਰ ਵਿਚ ਬਾਅਦ ਦੁਪਹਿਰ ਦੋ ਵਜੇ ਹੋਈ। ਮੀਟਿੰਗ ਵਿਚ ਮੈਂਬਰਾਂ ਸਣੇ ਕੋਈ ਸੱਤਰ ਵਿਅਕਤੀਆਂ ਨੇ ਭਾਗ ਲਿਆ।

ਪ੍ਰੋਗਰਾਮ ਦਾ ਸ਼ੁਰੂ ਹਰਿੰਦਰ ਢਿੱਲੋਂ ਨੇ ਸਰੋਤਿਆਂ ਦਾ ਸੁਆਗਤ ਕਰਕੇ ਕੀਤਾ।

ਮੁਖ ਭਾਸ਼ਣ ਸਮਾਨਤਾ ਦੀ ਉਪ-ਪ੍ਰਧਾਨ ਹਰਬੰਸ ਢਿੱਲੋਂ ਵਲੋਂ ਦਿਤਾ ਗਿਆ। ਉਨ੍ਹਾਂ ਨੇ ਦਸਿਆ ਕਿ ਸਮਾਨਤਾ ਨੂੰ ਪਿਛਲੇ ਸਾਲ ਜਨਵਰੀ ਵਿਚ ਬਣਾਇਆ ਗਿਆ ਸੀ ਅਤੇ ਇਸਨੂੰ ਲੋਕਰਾਜੀ ਤਰੀਕੇ ਨਾਲ ਬਹੁਤ ਸਾਰੇ ਵਿਅਕਤੀਆਂ ਦੇ ਗੰਭੀਰ ਵਿਚਾਰ ਵਿਟਾਂਦਰੇ ਮਗਰੋਂ ਹੋਂਦ ਵਿਚ ਲਿਆਂਦਾ ਗਿਆ। ਆਪਣੀ ਕਮਿਊਨਿਟੀ ਵਿਚ ਔਰਤਾਂ ਉਤੇ ਤਸ਼ੱਦਦ ਦੀਆਂ ਵਾਰਦਾਤਾਂ ਦਾ ਆਏ ਦਿਨ ਵਾਪਰਨਾ ਚਿੰਤਾ ਜਨਕ ਗੱਲ ਹੈ ਅਤੇ ਇਸ ਤਸ਼ੱਦਦ ਨੂੰ ਕਿਵੇਂ ਰੋਕਿਆ ਜਾਏ ਇਹੀ ਸਮਸਿਆ ਲੈ ਕੇ ਸਮਾਨਤਾ ਹੋਂਦ ਵਿਚ ਲਿਆਂਦੀ ਗਈ।

ਸਮਾਨਤਾ ਨੇ ਆਪਣੇ ਇਕ ਸਾਲ ਦੇ ਸਮੇਂ ਵਿਚ ਲੋਕਾਂ ਦਾ ਗੰਭੀਰ ਸਮਰਥਨ ਪ੍ਰਾਪਤ ਕੀਤਾ ਹੈ ਕਿਉਂਕਿ ਇਸਨੇ ਬਹੁਤ ਸਾਰੀਆਂ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਹਮਾਇਤ ਕੀਤੀ ਅਤੇ ਉਹਨਾਂ ਦੀ ਲੋੜ ਅਨੁਸਾਰ ਮਦਦ ਕੀਤੀ। ਉਨ੍ਹਾਂ ਨੂੰ ਦਸਿਆ ਕਿ ਉਹ ਕਿਥੋਂ ਸਹਾਇਤਾ ਲੈ ਸਕਦੀਆਂ ਹਨ। ਉਨ੍ਹਾਂ ਦੇ ਨਾਲ ਬੱਚੇ ਵੀ ਜਦੋਂ ਘਰੋਂ ਬੇਘਰ ਹੋ ਜਾਂਦੇ ਹਨ ਤਾਂ ਉਹ ਕਿਥੇ ਜਾਕੇ ਸ਼ਰਨ ਲੈ ਸਕਦੀਆਂ ਹਨ।

ਇਸਤੋਂ ਇਲਾਵਾ ਸਮਾਨਤਾ ਨੇ ਲੋਕਾਂ ਵਿਚ ਤਸ਼ੱਦਦ ਦੇ ਖਿਲਾਫ ਵਿਦਿਆ ਫੈਲਾਉਣ ਦਾ ਯਤਨ ਵੀ ਕੀਤਾ ਜਿਵੇਂ ਅਖਬਾਰਾਂ ਵਿਚ ਆਰਟੀਕਲ ਲਿਖ ਕੇ, ਗੁਰਦਵਾਰਿਆਂ ਵਿਚ ਜਾਕੇ ਭਾਸ਼ਣ ਦੇਕੇ, ਇਸ਼ਤਿਹਾਰ ਵੰਡਕੇ ਤੇ ਵੱਖ ਵੱਖ ਸਭਾਵਾਂ ਵਿਚ ਇਸ ਦਾ ਜ਼ਿਕਰ ਕੀਤਾ।

ਇਸ ਆਉਂਦੇ ਸਾਲ ਵਿਚ ਵੀ ਸਮਾਨਤਾ ਆਪਣਾ ਕੰਮ ਵਧ ਚੜ੍ਹ ਕੇ ਜਾਰੀ ਰਖੇਗੀ ਅਤੇ ਲੋਕਾਂ ਦੀ ਵਧ ਤੋਂ ਵਧ ਹਮਾਇਤ ਪ੍ਰਾਪਤ ਕਰੇਗੀ।

ਇਸ ਮੀਟਿੰਗ ਵਿਚ ਹਰ ਸਾਲ 1983-84 ਲਈ ਨਵੀਂ ਅਗਜ਼ੇਕਟਿਵ ਦੀ ਚੋਣ ਲੋਕਾਂ ਵਲੋਂ ਨਾਮਜ਼ਦਗੀ ਰਾਹੀਂ ਕੀਤੀ ਗਈ। ਜਿੰਨੇ ਵੀ ਨਾਵਾਂ ਦੇ ਸੁਝਾ ਲੋਕਾਂ ਵਲੋਂ ਆਏ ਉਹ ਪ੍ਰਵਾਨ ਕਰ ਲਏ ਗਏ। ਨਵੀਂ ਅਗਜ਼ੇਕਟਿਵ ਦੇ ਮੈਂਬਰ ਹਨ :

| | |
|---|---|
| ਹਰਬੰਸ ਢਿੱਲੋਂ | ਪ੍ਰਧਾਨ |
| ਗੀਤਾ ਪੁਰੀ | ਉਪ-ਪ੍ਰਧਾਨ |
| ਸੁਰਜੀਤ ਕਲਸੀ | ਸਕੱਤਰ |
| ਹਰਿੰਦਰ ਢਿੱਲੋਂ | ਅਗਜ਼ੇਕਟਿਵ ਮੈਂਬਰ |
| ਜਸਬੀਰ ਆਹਲੂਵਾਲੀਆ | |
| ਗੁਰਮੇਲ | |
| ਸੁਖਵਿੰਦਰ ਢਿੱਲੋਂ | |
| ਭਵਨੀਤ | |

ਸਮਾਨਤਾ ਦੀ ਨਵੀਂ ਪ੍ਰਧਾਨ ਹਰਬੰਸ ਢਿੱਲੋਂ ਨੇ ਲੋਕਾਂ ਤੇ ਜਥੇਬੰਦੀਆਂ ਨੂੰ ਕਿਹਾ ਹੈ ਕਿ ਆਪਣੀ ਕਮਿਊਨਿਟੀ ਵਿਚੋਂ ਔਰਤਾਂ ਉਤੇ ਹੋ ਰਹੇ ਤਸ਼ੱਦਦ ਨੂੰ ਖਤਮ ਕਰਨ ਲਈ ਸਮਾਨਤਾ ਨੂੰ ਮਿਲਵਰਤਣ ਦੇਣ।

ਸਮਾਨਤਾ ਦੇ ਇਸ ਸਾਲ ਵਿਚ ਆਉਣ ਵਾਲੇ ਪਰੋਗਰਾਮਾਂ ਦਾ ਵੇਰਵਾ ਮੈਂਬਰਾਂ ਤਕ ਅਖਬਾਰਾਂ, ਚਿੱਠੀਆਂ ਤੇ ਨਿਊਜ਼ਲੈਟਰ ਰਾਹੀਂ ਸਮੇਂ ਸਮੇਂ ਪਹੁੰਚਾਇਆ ਜਾਵੇਗਾ।

ਅੰਤ ਵਿਚ ਮੈਂਬਰਾਂ ਤੇ ਹੋਰ ਸਰੋਤਿਆਂ ਦਾ ਧੰਨਵਾਦ ਕਰਕੇ ਮੀਟਿੰਗ ਬਰਖਾਸਤ ਕੀਤੀ ਗਈ।

**'ਕਨੇਡਾ ਦਰਪਣ' ਦਾ**

**ਲੇਖਕਾਂ ਦੇ**

**ਵਿਚਾਰਾਂ ਨਾਲ ਸਹਿਮਤ**

**ਹੋਣਾ**

**ਜਰੂਰੀ ਨਹੀਂ।**


## ਕੇ. ਵੀ. ਵੀਡੀਓਜ਼ ਪ੍ਰਿੰਸ ਰੁਪਿਰਟ

ਜਿਥੋਂ ਤੁਹਾਨੂੰ ਫਿਲਮਾਂ ਦੀਆਂ ਵੀਡੀਓ ਟੇਪਾਂ ਮਿਲ ਸਕਦੀਆਂ ਹਨ। 'ਕੈਨੇਡਾ ਦਰਪਣ' ਤੁਸੀਂ ਇਨ੍ਹਾਂ ਤੋਂ ਖਰੀਦ ਸਕਦੇ ਹੋ :

**KAY VEE VIDEOS**
1311, OMENICA AVE.
PRINCE RUPERT—B.C. V5J 2B9
**PHONE:624-5178**



## ਜਿਨ੍ਹਾਂ ਦੀ ਚਰਚਾ ਗਲੀ ਗਲੀ..........



ਕਰਨੈਲ ਸਿੰਘ ਰਾਮੂਵਾਲੀਆ ਦਾ ਨਾਂ ਪੰਜਾਬੀ ਸ਼ਾਇਰੀ ਵਿਚ ਸਥਾਈ ਹੋਣ ਦਾ ਪ੍ਰਤੀਕ ਹੈ। ਸਿਧਵਾਂ ਵਾਲੇ ਰਣਜੀਤ ਸਿੰਘ ਤੋਂ ਲੈ ਕੇ ਕਾਕਾ ਹਰਭਜਨ ਸਿੰਘ ਤੇ ਕਾਕਾ ਗੁਰਸੇਵਕ ਸਿੰਘ ਤੱਕ ਰਾਮੂਵਾਲੀਆ ਦਾ ਨਾਂ ਇਕ ਪ੍ਰੰਪਰਾ ਬਣ ਗਿਆ ਹੈ...

6560 CLEMANTIS DRIVE
RICHMOND, B.C.
PH: 272-1127

## ਲੋਕ ਬੋਲੀਆਂ

**ਮੁਹਿੰਦਰ ਸੁਮਲ (ਵੈਨਕੂਵਰ)**



ਇਸ ਦੇਸ਼ ਦਾ ਚੰਦਰਾ ਪਾਣੀ
ਸਾਨੂੰ ਰਾਸ ਨਾ ਆਇਆ
ਆਪਣੇ ਘਰ ਵੀ ਬੈਠਾ ਬੰਦਾ
ਜਾਪੇ ਕੋਈ ਪਰਾਇਆ
ਇਕ ਡਰ ਸਾਨੂੰ ਕੰਮ ਟੁਟਣੇ ਦਾ
ਦੂਜਾ ਜਾਲ ਕਿਸ਼ਤ ਨੇ ਪਾਇਆ
ਇਸ ਤੋਂ ਵੀ ਵੱਧ ਖੌਫਨਾਕ ਡਰ
ਨਸਲੀ ਬੰਦਿਆਂ ਪਾਇਆ
ਵੇ ਫਾਰਮਾਂ ਚ ਮੈਂ ਰੁਲਦੀ
ਠੇਕੇਦਾਰ ਜੋੜਦਾ ਸਰਮਾਇਆ
ਵੇ ਫਾਰਮਾਂ .............

ਵੇ ਮੇਰੇ ਰੂਪ ਦੀ ਪਰਖ ਨਾ ਤੈਨੂੰ
ਤੇਰੇ ਗੋਰੀਆਂ ਨਾਲ ਜ਼ਰਾਨੇ
ਇਕ ਮੈਨੂੰ ਤੇਰੇ ਗਮ ਨੇ ਖਾਧਾ
ਦੂਜੇ ਲੋਕੀ ਮਾਰਨ ਤਾਹਨੇ
ਵੇ ਡਾਲਰਾਂ ਚ ਰੋਲ ਜ਼ਿੰਦਗੀ
ਕੀ ਖੱਟਿਆ ਦੇਸ਼ ਬਿਗਾਨੇ
ਵੇ ਡਾਲਰਾਂ ਚ...........

ਵਿਚ ਪਰਦੇਸਾਂ ਡੇਰੇ ਲਾ ਲਏ
ਭੁੱਲ ਗਏ ਦੇਸ ਦੀਆਂ ਰੀਤਾਂ
ਨਾ ਕੋਈ ਗਰਜ਼ ਸ਼ਰੀਕਾਂ ਤਾਈਂ
ਨਾ ਹੀ ਪਿਆਰ ਪ੍ਰੀਤਾਂ
ਭਾਈਆਂ ਦੇ ਕੰਮ ਬੈਂਕਾਂ ਸਾਰਨ
ਜੋ ਰੱਤ ਪੀਵਣ ਲਾ ਲਾ ਡੀਕਾਂ
ਵੇ ਗਿੱਧਿਆਂ ਦੇ ਦੇਸ਼ ਭੁੱਲ ਗਈ
ਭੁੱਲ ਗਈ ਸਿੱਠਣੀਆਂ ਗੀਤਾਂ
ਵੇ ਗਿੱਧਿਆਂ ਦਾ ਦੇਸ਼......

ਅੱਖਾਂ ਦੇ ਵਿਚ ਨੀਂਦ ਰੜਕਦੀ
ਸੁਪਨਿਆਂ ਦੇ ਵਿਚ ਫੱਟੇ
ਯਾਦਾਂ ਦੇ ਵਿਚ ਗੀਤ ਗੁਆਚੇ
ਜਿਹੜੇ ਵਤਨੀ ਵਿਹੜੇ ਰੱਖੇ
ਸ਼ਾਮ ਪਈ ਤੇ ਰਾਤ ਗੁਆਚੀ
ਅਸੀਂ ਕਿਹੜੇ ਸਫਰੀ ਥੱਕੇ
ਡਾਲਰਾਂ ਨਾਲ ਅੱਗ ਨਾ ਬੁਝੀ
ਅਸੀਂ ਕਰ ਕਰ ਵੇਖੇ ਕੱਠੇ
ਡਾਲਰਾਂ ਨਾਲ.........

ਇਥੇ ਡਾਲਰ ਦੀ ਗੱਲ ਭਾਰੂ ਇਥੇ ਹੱਡ ਕੁਟਵਾਣਾ
ਇਥੇ ਡਾਲਰਾਂ ਦੀ ਗੱਲ ਭਾਰੂ
ਇਥੇ ਹੱਡ ਕੁਟਵਾਣਾਂ
ਇਥੇ ਉਵਰ ਟਾਈਮ ਦੀਆਂ ਗੱਲਾਂ
ਜਾਂ ਕੰਮ ਦਾ ਟੁੱਟ ਜਾਣਾ
ਇਥੇ ਕੈਦੀ ਉਡਦੇ ਪੰਛੀ
ਨਾ ਕੋਇਲ ਦਾ ਗਾਣਾ
ਥੱਕੇ ਟੁੱਟੇ ਜਿਸਮ ਸ਼ਾਮ ਨੂੰ
ਦਾਰੂ ਪੀ ਸੌਂ ਜਾਣਾ
ਖੇਤਾਂ ਵੱਲ ਟੁਰ ਜਾਵੇ ਪਤਨੀ
ਛੱਡਕੇ ਬਾਲ ਅੰਞਾਣਾ
ਨਸਲੀ ਦਾ ਡਰ ਬਿਛੂਏ ਵਰਗਾ
ਘਰ ਬੈਠੇ ਘਬਰਾਣਾ
ਇਕ ਮੇਰੀ ਜ਼ਿੰਦ ਤੜਫੇ
ਕਦ ਵਤਨਾਂ ਨੂੰ ਜਾਣਾ
ਨੀ ਇਕ ਮੇਰੀ ਜ਼ਿੰਦ ਤੜਫੇ.....

## ਨਵੀਆਂ ਕਲਮਾਂ

### ਕੁੜੀ ਕੈਨੇਡਾ ਦੀ .....

**ਮਨਜੀਤ ਬਿਨਿੰਗ,**



ਕੁੜੀ ਕੈਨੇਡਾ ਦੀ, ਕਰਦੀ ਕੰਮ ਹਜ਼ਾਰ
ਕੁੜੀ ਕੈਨੇਡਾ ਦੀ ...........

ਤੜਕੇ ਉਠਕੇ ਮੰਮੀ ਕੋਲੋਂ ਲੈਂਦੀ ਚਾਹ ਤਿਆਰ
ਕੁੜੀ ਕੈਨੇਡਾ ਦੀ .......................
ਵਾਹਿਗੁਰੂ ਦੇ ਨਾਮ ਤੋਂ ਡਰਦੀ
ਫ਼ਿਲਮ ਟਿਊਨਾਂ ਬੁਲ੍ਹੀ ਭਰਦੀ
ਜਾਮ ਨਾਲ ਬਰੈਡ ਰਗੜ ਕੇ
ਬੱਸ ਦਾ ਰਸਤਾ ਸਿਧਾ ਫੜਦੀ
ਫੜਕੇ ਪਰਸ ਘਰ ਤੋਂ ਹੁੰਦੀ ਬਾਹਰ....
ਕੁੜੀ ਕੈਨੇਡਾ ਦੀ..........

ਬੱਸ ਪਕੜ ਕੇ ਕੰਮ ਤੇ ਜਾਂਦੀ
ਪੰਜਾਬੀ ਬੋਲਣ ਤੋਂ ਸ਼ਰਮਾਂਦੀ
ਗੋਰਾ ਹੋਵੇ, ਭੂਰਾ ਹੋਵੇ
ਸਭ ਨਾ' ਅੱਖ ਮਟੱਕਾ ਲਾਂਦੀ
ਰੱਖੇ ਆਪਣਾ ਆਪ ਸੁਆਰ
ਕੁੜੀ ਕੈਨੇਡਾ ਦੀ.........

ਬੌਸ ਨੂੰ ਫਿਰ ਜਾ ਹੈਲੋ ਕਹਿੰਦੀ
ਸਮਾਇਲਾਂ ਦੇਕੇ ਬੁੱਤਾ ਧਰਦੀ
ਓਵਰ ਟਾਈਮ ਬਹਾਨਾ ਲਾ ਕੇ
ਮਿੱਤਰਾਂ ਨੂੰ ਫਿਰ ਫੋਨ ਹੈ ਕਰਦੀ
ਰਤਾ ਖੌਫ ਨਾ ਕਰਦੀ ਯਾਰ....
ਕੁੜੀ ਕੈਨੇਡਾ ਦੀ........

ਡਿਨਰ ਟਾਈਮ ਦਾ ਵਾਅਦਾ ਕਰਕੇ
ਸੁਰਖੀ ਪਾਊਡਰ ਮੂੰਹ ਤੇ ਲਾ ਕੇ
ਬਹਿੰਦੇ ਮੁੰਡਾ ਕੁੜੀ ਫਿਰ ਰਲਕੇ
ਪੱਪੀਆਂ ਦੇ ਫਿਰ ਝਰਨੇ ਚਲਦੇ
ਬਹਾਨੇ ਨਾਲ ਹੀ ਘਰ ਦਿਆਂ ਦਾ ਉਹ
ਬੁੱਤਾ ਦਿੰਦੀ ਸਾਰ .......
ਕੁੜੀ ਕੈਨੇਡਾ ਦੀ........

## ਰੂਹਾਨੀ ਮਾਲਾ

**ਸ਼ਿਵ ਸ਼ਰਮਾ(ਟਰੇਲ) ਬੀ. ਸੀ.**

ਦਰਦ ਦੂਜਿਆਂ ਦਾ ਜੇਕਰ ਜਾਣਨਾ ਏਂ
ਆਪਣੇ ਦਿਲ ਵਿਚ ਦਰਦ ਬਿਠਾ ਕੇ ਦੇਖ।
ਘਰ ਕਿਸੇ ਦਾ ਸਾੜ ਕੇ ਕੀ ਲੱਭਦਾ
ਕੁੱਲੀ ਆਪਣੀ ਨੂੰ ਅੱਗ ਲਾਕੇ ਦੇਖ।
ਮਜ਼ਾ ਇਸ਼ਕ ਦਾ ਲੈ ਮਨਸੂਰ ਵਾਂਗੂ
ਚੜ੍ਹ ਸੂਲੀ ਤੇ ਗਰਦਨ ਕਟਾ ਕੇ ਦੇਖ।
ਜੇਕਰ ਯਾਰ ਮਨਾਉਣ ਦਾ ਸ਼ੌਕ 'ਲੋਮਸ਼'
ਜ਼ਿੰਦ ਮਿੱਟੀ ਦੇ ਵਿਚ ਰੁਲਾ ਕੇ ਦੇਖ।
ਦਰ ਦਰ ਦੀਆਂ ਠੋਕਰਾਂ ਖਾਣ ਨਾਲੋਂ
ਇਕੋ ਯਾਰ ਨਾਲ ਮਿਲਾ ਕੇ ਦੇਖ।
ਜਿਧਰ ਨਜ਼ਰ ਆਵੇ, ਦਿਸੇ ਯਾਰ ਤੈਨੂੰ
ਸੁਰਮਾ ਪ੍ਰੇਮ ਦਾ ਮੂਰਖਾ ਪਾ ਕੇ ਦੇਖ।
ਪਰਦੇ ਦੂਈ ਦੇ ਫਾੜ ਕੇ ਚਾਕ ਕਰਦੇ
ਸੋਹਣੇ ਯਾਰ ਨੂੰ ਜ਼ਰਾ ਪਤਿਆ ਕੇ ਦੇਖ।
'ਲੋਮਸ਼' ਘੱਟ ਜਾ ਚੱਕਰ ਚੁਰਾਸੀਏ ਦਾ
ਸਬਰ ਸਿਦਕ ਨਾਲ ਮੰਜ਼ਲ ਵੱਲ ਜਾਕੇ ਦੇਖ।

ਹੋਕੇ ਮਸਤ ਦਿਲਦਾਰ ਦੇ ਪਿਆਰ ਅੰਦਰ,
ਜ਼ਰਾ ਆਪਣਾ ਆਪ ਲੁਟਾ ਕੇ ਦੇਖ।
ਰਿਹਾ ਕੋਈ ਨਾ ਸਦਾ ਜਹਾਨ ਉਤੇ
ਲਾਘਾਂ ਪੱਟ ਨਾ ਠੋਕਰ ਖਾਕੇ ਦੇਖ।
ਹੋ ਹੋ ਪੀਰ ਫਕੀਰ ਮੁਰੀਦ ਗੁਜ਼ਾਰੇ
ਆਪਣੇ ਮਨ ਨੂੰ ਮੂਰਖਾ ਸਮਝਾ ਕੇ ਦੇਖ।
ਪ੍ਰੇਮ ਰੱਬ ਦਾ ਦੂਸਰਾ ਨਾਮ 'ਲੋਮਸ਼'
ਮੁਰਲੀ ਪ੍ਰੇਮ ਦੀ ਜ਼ਰਾ ਵਜਾ ਕੇ ਦੇਖ।

ਲੋਕ ਆਖਦੇ ਐਸ਼ ਅਰਾਮ ਇਥੇ
ਮੈਨੂੰ ਦਿਸਦੀ ਵਾਂਗ ਸ਼ਮਸ਼ਾਨ ਦੁਨੀਆਂ।
ਚਿੰਤਾ ਚਿਖਾ ਅੰਦਰ ਹਰ ਬਸ਼ਰ ਜਲਦਾ
ਚੰਦ ਰੋਜ਼ ਦੀ ਇਹ ਮਹਿਮਾਨ ਦੁਨੀਆਂ।
ਕੋਈ ਅੱਜ ਚੱਲਿਆ ਕਿਸੇ ਕੱਲ੍ਹ ਚੱਲਣਾ
ਸਦਾ ਰਹਿਣ ਦਾ ਨਹੀਂ ਮਕਾਨ ਦੁਨੀਆਂ।
ਪਿਆਰ ਕਰਕੇ ਮਿਲਦਾ ਦੁੱਖ 'ਲੋਮਸ਼'
ਮੋਹ ਮਮਤਾ ਕੀਤਾ ਹੈਰਾਨ ਦੁਨੀਆਂ।

ਹੇਰਾ ਫੇਰੀਆਂ ਨਾਲ ਮਾਇਆ ਕਰੇਂ ਕੱਠੀ
ਐਂਵੇ ਨੱਠਿਆ ਫਿਰੇ ਹੰਕਾਰਾਂ ਦੇ ਵਿਚ।
ਨਸ਼ਾਂ ਪੀ ਅਲਬੇਲੜੇ ਬੋਲ ਬੋਲੇਂ
ਸਭ ਐਬ ਕਰਦਾ ਬੈਠ ਯਾਰਾਂ ਦੇ ਵਿਚ।
ਮਿਲੇ ਸੁੱਖ ਨਾ ਮਨ ਨੂੰ ਚੈਨ ਆਵੇ
ਵਕਤ ਕੱਟਣਾ ਚਾਹੇਂ ਪਿਆਰਾਂ ਦੇ ਵਿਚ।
'ਲੋਮਸ਼' ਸੁੱਖ ਨਹੀਂ ਵਿਕਦਾ ਵਿਚ ਹੱਟੀਆਂ,
ਸੁੱਖ ਛੁਪਿਆ ਉਤਮ ਵਿਚਾਰਾਂ ਦੇ ਵਿਚ।

## ਪੁਸਤਕ ਪੜਚੋਲ

### ਪਰਾਈ ਧਰਤੀ (ਨਾਵਲ)

**ਲੇਖਕ:—ਇਕਬਾਲ ਅਰਪਨ (ਜ਼ਾਂਬੀਆ)**

ਇਕਬਾਲ ਅਰਪਨ ਦਾ ਇਹ ਪਲੇਠਾ ਨਾਵਲ ਹੈ। ਕਹਾਣੀਆਂ ਦੀਆਂ ਦੋ ਕਿਤਾਬਾਂ (1) ਮੌਤ ਦਾ ਸੁਪਨਾ ਤੇ (2) ਗੁਆਚੇ ਰਾਹ। ਉਹ ਸਾਨੂੰ ਪਹਿਲਾਂ ਹੀ ਦੇ ਚੁੱਕਾ ਹੈ। ਤੇ ਇਸ ਤਰ੍ਹਾਂ ਕਾਵਿ ਸੰਗ੍ਰਹਿ ਦੀਆਂ ਵੀ ਦੋ ਕਿਤਾਬਾਂ (1) ਕਬਰ ਦਾ ਫੁੱਲ ਤੇ (2) ਸੁਨੱਖਾ ਦਰਦ, ਪੰਜਾਬੀ ਮਾਂ ਬੋਲੀ ਨੂੰ ਭੇਟ ਕਰ ਚੁੱਕਾ ਹੈ

ਅਰਪਨ ਦੀ ਸ਼ੈਲੀ ਲਾਜੁਆਬ ਹੈ ਅਤੇ ਪਾਤਰ ਦੇ ਮੂੰਹੋਂ ਗਲ ਇਸ ਤਰ੍ਹਾਂ ਸੁਭਾਵਕ ਨਿਕਲਦੀ ਹੈ, ਜਿਸ ਤਰ੍ਹਾਂ ਟਿਊਬਲ ਚੋਂ ਪਾਣੀ ਬਾਹਰ ਆਉਂਦਾ ਹੈ। ਇਕ ਜਗ੍ਹਾ ਪਾਤਰ ਰਾਮ ਸਿੰਘ ਕਹਿੰਦਾ ਹੈ, "ਲੈ ਫਿਲਮ ਦੀ ਸਮਝ ਤਾਂ ਨੀ ਆਪਾਂ ਨੂੰ ਆਉਂਦੀ। ਤੂੰ ਤਾਂ ਚਾਰ ਅੱਖਰ ਪੜ੍ਹੇ ਆ। ਤੈਨੂੰ ਸ਼ੈਂਤ ਕੁਝ ਸਮੀਰ ਆ ਜੇ। ਬਈ ਪਤਾ ਨੀ ਸੌਹਰੀ ਦੇ ਕੀ ਚਬਲ ਚਬਲ ਬੋਲਦੇ ਆ। ਜਮਾਂ ਈ ਕੁਤਰੇ ਆਲੀ ਮਸ਼ੀਨ ਵਾਂਗ ਲਾਹ ਲਾਹ ਸਿਟਦੇ ਆ। ਇਕ ਗੱਲ ਆ—ਬਈ ਚੁੰਮਾਂ—ਚਪਟੀ ਬਹੁਤ ਦਿਖਾਂਉਂਦੇ ਆ। ਆਪਣੇ ਵਾਂਗ ਨੀ ਦੂਰ ਦੂਰ ਰਹਿੰਦੇ। ਜਮਾਂ ਈ ਚਾਮ-ਚਿੜਕਾਂ ਆਂਗੂ ਨਾਲ ਚਿੰਬੜ ਜਾਂਦੇ ਆ। ਪੂਰੇ ਨੰਗੇ ਤਾਂ ਨਹੀਂ ਹੁੰਦੇ। ਪਰ ਚੱਜ ਨਾਲ ਸਰੀਰ ਢਕਿਆ ਵੀ ਨੀਂ ਹੁੰਦਾ।"

ਨਾਵਲ ਵਿਚ ਪ੍ਰਵਾਸੀਆਂ ਦੀ ਸਹੀ ਹਾਲਤ ਨੂੰ ਇਕ ਕੜਵੇ ਸੱਚ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਚਾਹੇ ਉਹ ਹਾਲਤ ਆਵਾਸੀਆਂ ਦੇ ਰਹਿਣ, ਸਹਿਣ, ਖਾਣ-ਪੀਣ ਦੀ ਹੈ ਤੇ ਚਾਹੇ ਨਸਲੀ ਵਿਤਕਰੇ ਤੇ ਆਪਸੀ ਭਾਈਚਾਰੇ ਦੀ ਹੈ। ਪੰਜਾਬੀਆਂ ਦੇ ਮਿਲਵਰਤੋਂ ਅਤੇ ਮਹਿਨਤੀ ਸੁਭਾ ਤੋਂ ਇਲਾਵਾ ਉਹਨਾ ਦੇ ਡਟ ਜਾਣ ਦਾ ਜਜ਼ਬਾ, ਜੱਟਵਾਦ ਅਤੇ ਪਿਆਰ ਕਰਨ ਦਾ ਵਤੀਰਾ ਵੀ ਬਿਨਾਂ ਕਿਸੇ ਵਧਾ ਚੜ੍ਹਾ ਦੇ ਪੇਸ਼ ਕੀਤਾ ਗਿਆ ਹੈ। ਬਾਹਰਲੀ ਧਰਤੀ ਦੇ ਦੁੱਖਾਂ ਬਾਰੇ ਮੁੱਖ ਪਾਤਰ ਚੈਨ ਸਿੰਘ ਕਹਿੰਦਾ ਹੈ, "ਜਿਥੇ ਬਾਹਰ ਦੇ ਮੁਲਕਾਂ ਦੇ ਸੁੱਖ ਨੇ, ਉਥੇ ਐਸੇ ਦੁੱਖ ਵੀ ਨੇ, ਜਿਥੇ ਬੰਦਾ ਗੰਨੇ ਵਾਂਗ ਨਪੀੜਿਆ ਜਾਂਦਾ ਹੈ। ਆਪਣਿਆਂ ਦੇ ਦੁੱਖ-ਸੁੱਖ ਵਿਚ ਸ਼ਾਮਲ ਨਹੀਂ ਹੋ ਸਕਦਾ। ਮਾਂ ਦੀ ਅਰਥੀ ਨੂੰ ਮੋਢਾ ਨੀਂ ਲਾ ਸਕਦਾ। ਚਿਤਾ ਨੂੰ ਦਾਗ ਨਹੀਂ ਦੇ ਸਕਦਾ। ਮਾਂ ਦੇ ਆਖਰੀ ਦਰਸ਼ਨ ਵੀ ਨੀਂ ਕਰ ਸਕਦਾ।

ਚੈਨ ਸਿੰਘ ਦੀ ਬਿਕਰ ਸਿੰਘ ਨਾਲ ਦੋਸਤੀ ਤੇ ਰਸ਼ਕ ਆਂਉਂਦਾ ਹੈ, ਜਦ ਬਿੱਕਰ ਸਿੰਘ ਕਹਿੰਦਾ ਹੈ, "ਭਰਾਵਾਂ ਭਰਾਵਾਂ ਚ' ਫਿਕ ਪੈ ਸਕਦਾ ਹੈ, ਯਾਰਾਂ ਦੋਸਤਾਂ ਚ' ਨਹੀਂ। ਭਰਾ ਭਰਾ ਜ਼ਮੀਨ ਜਾਇਦਾਦ ਵੰਡਦੇ ਆ। ਯਾਰ ਦੋਸਤ ਦੁੱਖ ਸੁੱਖ ਵੰਡਦੇ ਆ।"

ਅਰਪਨ ਦੀ ਬਿਆਨਬਾਜ਼ੀ ਕਮਾਲ ਦੀ ਹੈ ਜਿਵੇਂ, "ਥੰਤੋ ਬੜੀ ਕਾਂਟਾ ਸੀ। ਨਿਰੀ ਅੱਗ ਦੀ ਲਾਟ। ਹਰ ਵੇਲੇ ਬਲੂੰ ਬਲੂੰ ਕਰਦੀ।" ਬਿਕਰ ਸਿੰਘ ਕੋਲ ਤਾਂ ਉਹ ਆਪਣਾ ਧੁਰ ਅੰਦਰ ਫੋਲ ਦਿੰਦਾ। ਖਿੱਦੋ ਵਾਂਗ ਉਧੜ ਜਾਂਦਾ।

ਇਕਬਾਲ ਅਰਪਨ ਕਵੀ ਹੋਣ ਦੇ ਨਾਤੇ ਆਪਣੀ ਕਵੀ ਵਾਲੀ ਛਾਪ ਨਾਵਲ ਚ' ਹੀ ਛੱਡ ਗਿਆ ਹੈ, "ਨਾ ਹੀ ਮਿੱਟੀ ਬੋਲ ਸਕਦੀ ਹੈ ਤੇ ਨਾ ਹੀ ਪਾਣੀ ਗੱਲ ਕਰਦਾ ਹੈ। ਪਰ ਹੁਣ ! ਹੁਣ ਕਿਸੇ ਨੂੰ ਵੀ ਗੁਲਾਮੀ ਦਾ ਡਰ ਨਹੀਂ। ਹੁਣ ਕਿਸੇ ਦੇ ਪਿਉ ਦਾਦੇ ਨੂੰ ਗੁਲਾਮ ਬਣਾ ਕੇ ਨਹੀਂ ਵੇਚਿਆ ਜਾਵੇਗਾ। ਹੁਣ ਉਹ ਆਜ਼ਾਦ ਪੰਛੀਆਂ ਵਾਂਗ ਚਹਿ ਚਹਾ ਸਕਦੇ ਹਨ — ਜਿਧਰ ਦਿਲ ਕਰੇ ਉਡਾਰੀਆ ਮਾਰ ਸਕਦੇ ਹਨ।"

ਹਿੰਦੋਸਤਾਨ ਚ' ਪੱਕੇ ਤੌਰ ਤੇ ਆਵਾਸੀਆਂ ਦੇ ਵਸ ਜਾਣ ਦੇ ਝਮੇਲਿਆਂ ਬਾਰੇ ਅਰਪਨ ਅੱਕ ਦੇ ਦੁਧ ਵਰਗਾ ਕੌੜਾ ਤੇ ਚਿੱਟਾ ਸੱਚ ਕਹਿੰਦਾ ਹੈ, ਜੋ ਹਰ ਪ੍ਰਵਾਸੀ ਦੇ ਮਨ ਚ' ਧੁੱਖਦੀ ਪਾਥੀ ਵਾਂਗ ਧੂੰਆਂ ਛੱਡ ਰਿਹੈ, ਮਿਹਨਤ ਤੇ ਈਮਾਨਦਾਰੀ ਨਾਲ ਭਾਰਤ ਵਿਚ ਕਾਮਯਾਬ ਹੋਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਏਥੇ ਤਾਂ ਪੈਰ ਪੈਰ ਤੇ ਹੇਰਾਫੇਰੀ। ਹਰ ਚੀਜ਼ ਚ' ਮਿਲਾਵਟ, ਥਾਂ ਥਾਂ ਤੇ ਰਿਸ਼ਵਤ ਖੋਰੀ ਤੇ ਬੇਈਮਾਨੀ ਦਾ ਬੋਲ ਬਾਲਾ ਹੈ। ਏਥੇ ਤਾਂ ਹਰ ਕਰਮਚਾਰੀ ਦਾ ਮੂੰਹ ਅੱਡਿਆ ਹੈ। ਉਹ ਕਿਸ ਕਿਸ ਦਾ ਮੂੰਹ ਭਰਨਗੇ। ਮੂੰਹ ਭਰਦੇ ਭਰਦੇ ਆਪ ਹੀ ਨਿਗਲ ਜਾਣਗੇ। ਉਸਦੇ ਬੱਚੇ ਭਾਰਤ ਵਿਚ ਆਪਣਾ ਭਵਿਸ਼ ਉੱਜਲਾ ਨਹੀਂ ਬਣਾ ਸਕਦੇ।

ਭਾਰਤ ਵਿਚ ਤਾਂ ਉਹ ਕਾਮਯਾਬ ਹੋ ਸਕਦਾ ਹੈ, ਜਿਹੜਾ ਭਾਰਤ ਵਿਚ ਜੰਮਿਆ ਪਲਿਆ ਹੋਵੇ। ਉਸਨੂੰ ਸਭ ਪਤਾ ਹੁੰਦਾ ਹੈ ਕਿ ਬੇਈਮਾਨੀ ਦੀਆਂ ਜੜ੍ਹਾਂ ਕਿਥੇ ਤੱਕ ਫੈਲੀਆਂ ਹੋਈਆਂ ਹਨ। ਨਾਲੇ ਜਿਸ ਕਿਸੇ ਨੇ ਆਪਣਾ ਕੰਮ ਚਲਾਉਣਾ ਹੋਵੇ, ਉਹ ਤਾਂ ਬਿਨਾਂ ਬੇਈਮਾਨੀ ਤੇ ਰਿਸ਼ਵਤਖੋਰੀ ਤੋਂ ਚਲਾ ਹੀ ਨਹੀਂ ਸਕਦਾ।

ਨਾਵਲ ਦਾ ਨਾਮ,"ਪਰਾਈ ਧਰਤੀ" ਬੜਾ ਢੁੱਕਵਾ ਹੈ ਤੇ ਨਾਵਲਕਾਰ ਇਸ ਨਾਮ ਨਾਲ ਸਾਰੇ ਨਾਵਲ ਚ' ਹੀ ਈਮਾਨਦਾਰੀ ਨਾਲ ਇਨਸਾਫ ਕਰਦਾ ਹੈ। ਸਗੋਂ ਅਖੀਰਲੇ ਸਫੇ ਚ' ਤਾਂ ਮੁੱਖ-ਪਾਤਰ ਦੇ ਮੂੰਹੋਂ ਇਹਦੀ ਪ੍ਰੋੜਤਾ ਕਰਵਾਂਉਂਦਾ ਹੈ, ਪਰ ਨਹੀਂ ਆਪਣੀ ਧਰਤੀ ਵਰਗਾ ਮੋਹ ਕਿਸੇ ਧਰਤੀ ਚ' ਨਹੀਂ। ਪਰਾਈ ਧਰਤੀ ਸੁੱਖ ਜ਼ਰੂਰ ਪੁਚਾ ਸਕਦੀ ਹੈ। ਧੁਰ ਅੰਦਰ ਠੰਢ ਨਹੀਂ ਪਾ ਸਕਦੀ। ਆਪਣੀ ਧਰਤੀ ਛੱਡਣ ਲੱਗਿਆਂ ਤਾਂ ਗਲੀਆਂ ਦੇ ਕੱਖ ਵੀ ਰੋਂਦੇ ਨੇ। ਪੱਤੇ ਵੀ ਹਾਉਕੇ ਭਰਦੇ ਨੇ। ਪਰਾਈ ਧਰਤੀ ਤਾਂ ਪਰਾਈ ਔਰਤ ਵਰਗੀ ਆ। ਸਭ ਕੁਝ ਲੈਕੇ ਵੀ ਆਪਣੀ ਨਹੀਂ ਹੋ ਸਕਦੀ। ਆਪਣੀ ਧਰਤੀ ਮਾਂ ਵਰਗੀ ਆ। ਨਿਰੀ - ਮੁਹੱਬਤ — ਨਿਰਾ ਪਿਆਰ।

ਜਿਥੇ ਨਾਵਲ ਚ' ਇਨ੍ਹੇ ਗੁਣ ਦਿਸੇ ਹਨ ਉਥੇ ਇਕ ਘਾਟ ਵੀ ਮਹਿਸੂਸ ਹੋਈ ਹੈ ਕਿ ਨਾਵਲ ਦੀ ਕਹਾਣੀ ਦੀਆਂ ਤੰਦਾਂ, ਚੁੰਬਕੀ ਸ਼ਕਤੀ ਵਾਂਗ ਆਪਣੇ ਚ' ਸਮੇਟਣ ਲਈ ਕੱਸ ਨਹੀਂ ਹੋ ਰਹੀਆਂ। ਉਮੀਦ ਹੈ ਨਾਵਲਕਾਰ ਅੱਗੇ ਤੋਂ ਇਸ ਵੱਲ ਤਵੱਜੋਂ ਦੇਵੇਗਾ।

124 ਸਫਿਆਂ ਦੇ ਇਸ ਪਲੇਠੇ ਨਾਵਲ ਨੂੰ ਮੈਂ ਪੰਜਾਬੀ ਜਗਤ ਲਈ ਜੀ ਆਇਆ ਕਹਿੰਦਾ ਹਾਂ ਜੋ ਪਰਵਾਸੀ ਲਿਖਾਰੀਆਂ ਵਲੋਂ ਲਿਖੇ ਗਏ ਨਾਵਲਾਂ ਚੋਂ ਆਪਣੀ ਹੀ ਕਿਸਮ ਦਾ ਹੈ। ਨਾਵਲ ਦੀ ਸੁੰਦਰ ਛਪਾਈ ਵਲ ਦੇਖ ਕੇ ਪ੍ਰਕਾਸ਼ਕ ਨੂੰ ਜੱਫੀ ਪਾਉਣ ਨੂੰ ਮਨ ਕਰ ਆਇਆ ਹੈ।

ਕਵੀ, ਕਹਾਣੀਕਾਰ ਤੇ ਨਾਵਲਕਾਰ ਸ੍ਰ. ਇਕਬਾਲ ਸਿੰਘ ਅਰਪਨ ਜੀ ਨੂੰ ਮੈਂ ਇਸ ਨਾਵਲ ਨੂੰ ਈਮਾਨਦਾਰੀ ਨਾਲ ਲਿਖਣ ਤੇ ਵਧਾਈ ਦਿੰਦਾ ਹੋਇਆ, ਭਵਿੱਖ ਚ' ਹੋਰ ਵਧੀਆ ਕਿਰਤ ਦੀ ਆਸ ਰੱਖਦਾ ਹਾਂ ਤੇ ਹਰ ਪੰਜਾਬੀ ਪਿਆਰੇ ਨੂੰ ਇਹ ਨਾਵਲ ਪੜ੍ਹਨ ਦੀ ਸਿਫਾਰਸ਼ ਕਰਾਂਗਾ।

ਰੀਵੀਊ — ਹਰੀਸ਼ ਮਲਹੋਤਰਾ ਬਰਮਿੰਘਮ

Y. F. CHONG & CO.
ACCREDITED PUBLIC ACCOUNTANTS
INCOME TAX
3613 MAIN ST.
VANCOUVER, B.C.
TELEPHONE : 875-6918



S&S INSURANCE
6679, Main St.(2nd Floor)
At 51st. Ave.
VANCOUVER, B.C.
ਦਲਜੀਤ ਸਿੰਘ 324-2311

ਪੰਜਾਬੀ ਮਾਰਕਿਟ ਵਿਚ
S & S INSURANCE
ਜੇ ਤਹਾਡੀਆਂ ਕਾਰਾਂ ਦੀ ਇੰਨਸ਼ੋਰੈਂਸ ਖਤਮ ਹੋਣ ਵਾਲੀ ਹੈ
ਹੁਣੇ ਮਿਲੋ
ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ
Autoplan



ਹਰਦੇਵ ਗਿੱਲ 590-2058

## ਸਸੀਫ਼ਸ ਜਾਗ ਪਿਆ

ਮੈਨੂੰ ਨਾ ਕੀਤੇ ਗੁਨਾਹਾਂ ਦੀ
ਸਜ਼ਾ ਦੇਵਣ ਵਾਲਿਓ ਰਾਠੋ
ਕਦੇ ਆਪਣੀ ਸ਼ਕਲ ਵੀ
ਵੇਖੀ ਜੇ ਸ਼ੀਸ਼ੇ ਅੰਦਰ
ਸਦਾ ਭਾਰੇ ਪੱਥਰ ਨੂੰ ਪਹਾੜ ਦੀ ਟੀਸੀ ਉਤੇ
ਲੈ ਜਾਵਣ ਦਾ ਹੁਕਮ ਦੇਵਣ ਵਾਲਿਓ
ਹੁਣ ਤੁਹਾਡੇ ਡੰਗ ਥੋੜੇ ਨੇ
ਇਹੋ ਪੱਥਰ ਰਿੜਦਾ ਰਿੜਦਾ
ਢੂੰਗਾਂ ਵਾਲਿਆਂ ਰੋੜਿਆਂ ਵਿਚ ਵੱਟੇ ਘੱਤੇ ਗਾ
ਤੇ ਤੁਹਾਡੇ ਜੁਸਿਆਂ ਨੂੰ ਖਿੰਨ ਦੇਵੇਗਾ

## ਲੂਣਾਂ ਤੇ ਮਿੱਠਾ ਪਾਣੀ

ਉਸ ਗਿਰਾਂ ਦਾ ਨਾਂ ਸੀ ਮਿਠਾ ਚੱਕ
ਪਰ ਉਥੇ ਹਰ ਖੂਹ ਵਿਚ ਤੇ ਹਰ ਨਲਕੇ ਤੋਂ
ਲੂਣਾਂ ਪਾਣੀ ਵਗਦਾ ਸੀ
ਉਥੇ ਦੇ ਵਡੇਰਿਆਂ ਟਿਊਬਲ ਲਗਵਾਏ
ਪਰ ਤਦ ਵੀ ਲੂਣਾਂ ਪਾਣੀ ਵਗਿਆ
ਪਰ ਉਸ ਚੱਕ ਦੀ ਇਕ ਪੱਤੀ ਦੇ
ਇਕ ਘਰ ਦੇ ਨਲਕੇ ਵਿਚ
ਮਿਠਾ ਪਾਣੀ ਆਉਂਦਾ ਸੀ
ਚੱਕ ਦੇ ਵਸਨੀਕਾਂ ਬੜੇ ਯਤਨ ਕੀਤੇ
ਪਈ ਮਿੱਠੇ ਪਾਣੀ ਦੀ ਠਾਰ ਦੀ ਥੌਅ ਲਾ ਸਕਣ
ਪਰ ਕੁਝ ਨਾ ਬਣਿਆ
ਉਨ੍ਹਾਂ ਲੂਣੇ ਤੇ ਮਿੱਠੇ ਪਾਣੀ ਦੇ
ਬਾਡਰ ਦਾ ਪਤਾ ਕਰਨ ਦੀ ਭਰ ਕੋਸ਼ਿਸ਼ ਕੀਤੀ
ਪਰ ਉਹ ਨੋਮ ਨੀਜ਼ ਲੈਂਡ ਦਾ ਸੱਟਾ ਵੀ ਨਾ ਕੱਢ ਸਕੇ
ਇਕ ਦਿਨ ਡਾਢਾ ਸੌੜੀਆ ਪੇਕੇ ਚੱਕ ਦੀਆਂ
ਬਾਕੀ ਪੱਤੀਆਂ ਦੇ ਵਸਨੀਕਾਂ ਨੇ ਉਸ ਘਰ ਉਪਰ
ਹੱਲਾ ਬੋਲ ਦਿਤਾ
ਉਥੇ ਰਹਿਣ ਵਾਲਿਆਂ ਨੂੰ ਮਕਾਨੋਂ ਬਾਹਰ ਕੱਢ ਸੁਟਿਆ
ਤੇ ਨਲਕਾ ਗੇੜ ਕੇ ਪਾਣੀ ਦਾ ਸਵਾਦ ਲਿਆ
ਉਹ ਵੀ ਪਾਣੀ ਲੂਣਾਂ ਸੀ
ਦੂਰ ਖਲੋਤੇ ਉਸ ਘਰ ਦੇ ਵਸਨੀਕ ਹੱਸ ਰਹੇ ਸਨ।



ਜਨਾਬ ਫ਼ਖ਼ਰ ਜ਼ਮਾਨ

ਫ਼ਖਰ ਜ਼ਮਾਨ ਦੀ ਸ਼ਾਇਰੀ ਨਵੀਂ ਸੋਚ ਦੀ ਸ਼ਾਇਰੀ ਹੈ। ਫ਼ਖਰ ਭਾਵੇਂ ਏਸ ਧਰਤੀ ਵਿਚ ਪੁੰਗਰਿਆ, ਪਰ ਅੰਦਰੋ ਅੰਦਰ ਉਹਦੀਆਂ ਜੜ੍ਹਾਂ ਯੂਰਪ, ਪੱਛਮ ਹਰ ਪਾਸੇ ਖਿਲਰਦੀਆਂ ਗਈਆਂ ਨੇ ਤੇ ਦੇਸ਼ ਦੇਸ਼ ਦੀ ਧਰਤੀ ਦਾ ਰਸ ਖਿਚ ਲਿਅਉਂਦੀਆਂ ਸਨ। ਫ਼ਖਰ ਦੀਆਂ ਨਜ਼ਮਾਂ 'ਚ ਸਾਨੂੰ ਜੰਡ ਉਤੇ ਟੰਗੀ ਮਿਰਜ਼ੇ ਦੀ ਕਮਾਨ ਝੂਲਦੀ ਨਜ਼ਰ ਆਉਂਦੀ ਏ ਤੇ ਅਸਮਾਨੀ ਵਡੇਰਿਆਂ ਦੇ ਹੁਕਮ ਤੋਂ ਇਨਕਾਰੀ ਪ੍ਰੋਮੀਥੀਅਸ (Prometheus) ਵੀ ਵਿਖਾਈ ਦੇਂਦਾ ਹੈ। ਏਸ ਤੋਂ ਪਹਿਲਾ ਸਾਡੇ ਕਿਸੇ ਪੰਜਾਬੀ ਸ਼ਾਇਰ ਨੇ ਏਡੀ ਵੱਡੀ ਦਲਾਂਘ(ਪੁਲਾਂਘ) ਨਹੀਂ ਸੀ ਮਾਰੀ। ਏਡੀ ਵੱਡੀ ਦੁਲਾਂਘ ਮਾਰ ਕੇ ਵੀ ਫ਼ਖਰ ਜ਼ਮਾਨ ਮੁੜ ਆਪਣੀ ਧਰਤੀ ਉਪਰ ਕਦਮ ਗੱਡ ਕੇ ਖਲੋ ਸਕਦਾ ਹੈ। ਮਾਰੂਥਲ ਵਿਚ ਸ਼ੁਦਾਈਆਂ ਵਾਂਗ ਭੌਂਦੀ ਸੱਸੀ ਤੋਂ ਲੈ ਕੇ ਡਰਾਇੰਗ ਰੂਮ ਵਿਚ ਟੱਕਰਾਂ ਮਾਰਦੀ ਚਿੜੀ ਤੀਕ ਦੀ ਹਯਾਤੀ ਇਕ ਰੂਪ ਧਾਰ ਸਕਦੀ ਏ। ਏਸ ਰੂਪ ਨੂੰ ਵੇਖਣ ਵਾਲੀ ਅੱਖ ਫ਼ਖਰ ਜ਼ਮਾਨ ਕੋਲ ਹੈ ਵੇ। ਏਸ ਅੱਖ ਨੂੰ ਇਲਮ ਹੀ ਖੋਲ੍ਹ ਸਕਦਾ ਹੈ। ਉਹ ਇਲਮ ਜਿਹੜਾ ਬੁਲ੍ਹੇ ਸ਼ਾਹ ਦੇ ਨੁਕਤੇ ਤੋਂ ਸ਼ੁਰੂ ਹੋਕੇ ਆਈਨਸਟਾਈਨ ਦੇ ਨੁਕਤੇ ਤੀਕ ਪੁੱਜ ਕੇ ਖਲੋਤਾ ਰਹਿੰਦਾ ਹੋਵੇ। ਸਗੋਂ ਨਿਊਟਰੋਨ ਵਾਂਗ ਵਾਰੋ ਵਾਰੀ ਉਹਨਾਂ ਨੁਕਤਿਆਂ ਨੂੰ ਇਜ ਛੂਹਦਾ ਹੋਵੇ ਕਿ ਸਾਨੂੰ ਇਜ ਲੱਗੇ ਜਿਵੇਂ ਉਹ ਇਕੋ ਵੇਲੇ ਦੋਹਾਂ ਨੁਕਤਿਆਂ ਤੇ ਹੁੰਦਾ ਏ ਤੇ ਨਹੀਂ ਵੀ ਹੁੰਦਾ। ਏਸੇ ਲਈ ਜਦੋਂ ਫ਼ਖਰ ਇਹ ਦਸਦਾ ਏ ਕਿ ਬਿਜਲੀ ਦੇ ਤਾਰ ਕਿੰਨੇ ਚਿਰ ਵਿਚ ਜੁੜਨਗੇ ਤੇ ਓਸ ਚਿਰ ਨੂੰ ਸਮਝਾਉਣ ਲਈ ਉਹ ਇਕ ਨਵੀਂ ਕਿਸਮ ਦੀ Time equation ਕੋਲੋਂ ਕੰਮ ਲੈਂਦਾ ਏ। ਇਹ ਉਹ ਥਾਂ ਏ ਜਿਥੇ ਉਹ ਨਿਰਾ ਪੰਜਾਬ ਦਾ ਸ਼ਾਇਰ ਨਹੀਂ ਰਹਿੰਦਾ। ਅਤੇ ਇਕ ਵਾਅਦਾ ਉਹਦੇ ਵਿਚ ਇਹ ਵੀ ਏ ਕਿ ਉਹ ਇਹ ਸਾਰਾ ਕੁਝ ਆਪਣੀ ਮਾਂ ਬੋਲੀ ਵਿਚ ਕਹਿੰਦਾ ਏ। ਫ਼ਖਰ ਦੀ ਸ਼ਾਇਰੀ ਇਸ ਗੱਲ ਦਾ ਸਬੂਤ ਏ ਕਿ ਨਵੀਂ ਸੋਚ ਦਾ ਭਾਰ ਸਾਡੀ ਮਾਂ ਬੋਲੀ ਇਜ ਹੀ ਚੁੱਕ ਸਕਦੀ ਏ ਜਿਵੇਂ ਇਹ ਭਾਰ ਫਰਾਂਸੀਸੀ ਜਾਂ ਅੰਗਰੇਜ਼ੀ ਨੇ ਚੁੱਕ ਵਿਖਾਇਆ ਸੀ। ਫ਼ਖਰ ਨੂੰ ਇਕ ਵੱਡਾ ਸ਼ਾਇਰ ਮੰਨਣ ਲਈ ਇਹ ਜ਼ਰੂਰੀ ਨਹੀਂ ਕਿ ਉਹਦੀ ਲਿਖੀ ਹੋਈ ਹਰ ਗੱਲ ਨੂੰ ਕਬੂਲਿਆ ਜਾਵੇ। ਉਹਨੇ ਜਿਨ੍ਹਾਂ ਜਿਨ੍ਹਾਂ ਗੱਲਾਂ ਦੇ ਜਿਹੜੇ ਜਿਹੜੇ ਸਿੱਟੇ ਕੱਢੇ ਸਨ ਅਸੀਂ ਉਨ੍ਹਾਂ ਤੋਂ ਇਨਕਾਰੀ ਹੋ ਸਕਨੇ ਆਂ ਪਰ ਇਹ ਸਾਨੂੰ ਮੰਨਣਾ ਪਵੇਗਾ ਕਿ ਪੰਜਾਬੀ ਸ਼ਾਇਰੀ ਵਿਚ ਇਹ ਸਭ ਕੁਝ ਕਿਸੇ ਹੋਰ ਕੋਲ ਨਹੀਂ ਹੋ ਸਕਦਾ।

## ਅਖੀਰਲੀ ਈਦ

ਦੁੰਬਿਆਂ ਬੱਕਰੀਆਂ ਦੀਆਂ ਖੱਲਾਂ ਦੀ
ਕੀ ਹਾਲ ਛੋਹੇ
ਅਸੀਂ ਆਪੇ ਵੀ ਬੇ ਜ਼ੁਬਾਨ ਹਾਂ
ਅਸੀਂ ਜੀਭਾਂ ਲੈ ਕੇ ਜੰਮੇ
ਪਰ ਬੇਜ਼ੁਬਾਨਾ ਤਰਾਂ ਉਮਰਾਂ ਕੱਟੀਆਂ
ਤੁਸਾਂ ਵੱਡੀ ਈਦ ਉਡੀਕਣ ਤੋਂ ਪਹਿਲਾਂ
ਸਾਲ ਵਿਚ ਇਕ ਵਾਰ ਨਹੀਂ
ਸਗੋਂ ਹਰ ਦਿਹਾੜੇ
ਸਾਡੀਆਂ ਗਰਦਨਾਂ ਤੇ ਛੁਰੀਆਂ ਫੇਰੀਆਂ
ਛੁਰੀਆਂ ਵੀ ਖੁੰਡੀਆਂ
ਤਾਂ ਜੇ ਤੁਸੀਂ ਸਾਡੀ ਸ਼ਾਅ-ਰਘ ਨੂੰ
ਚੁੱਸਕੇ ਲੈ ਕੇ ਵੱਢ ਸਕੋ।
ਤੇ ਸਾਡੀਆਂ ਫੜੀਆਂ ਛੰਡਣ ਦੇ ਮੰਜ਼ਰ ਕੋਲੋ
ਭਰ ਸੁਆਦ ਲੈ ਸਕੋਂ
ਤੁਸਾਂ ਜਿੰਨਾਂ ਮਜ਼ਹਬ ਦੇ ਨਾਂ ਤੇ ਸਾਨੂੰ
ਘੜੀ ਘੜੀ ਜ਼ਿਬ੍ਹਾ ਕੀਤਾ
ਸਾਡੀਆਂ ਖੱਲਾਂ ਦੇ ਵਿਉਪਾਰ ਕੀਤੇ
ਪਰ ਹੁਣ ..........ਕੰਧ ਤੇ
ਮੋਟਿਆਂ ਅੱਖਰਾਂ ਵਿਚ ਲਿਖਿਆ ਪੜ੍ਹ ਲਉ
ਇਹ ਤੁਹਾਡੀ ਅਖੀਰਲੀ ਈਦ ਹੈ

## ਵਿਜ਼ੀਬਿਲਟੀ ਪੂਅਰ ਏ

ਵਿਜ਼ੀਬਿਲਟੀ ਪੂਅਰ ਏ
ਫਿਜ਼ਾ ਵਿਚ ਧੁਰ ਉਪਰ ਤਕ ਗਰਦ ਈ ਗਰਦ ਏ
ਕੁਝ ਦਿਖਾਈ ਨਹੀਂ ਦੇਂਦਾ
ਹੁਣ ਕੰਟਰੋਲ ਕੀ ਕਰੀਏ
ਥੋੜੀ ਦੇਰ ਉਪਰ ਭੌਂਦੇ ਰਹੇ
ਖੈਰ ਫਿਜ਼ਾ ਵਿਚ ਖਿਲਰੀ ਧੂੜ ਘਟ ਜਾਏ
ਪਰ ਕੰਟਰੋਲ ਅਸੀਂ ਬੜੇ ਚਿਰ ਤੋਂ
ਭੌ ਰਹੇ ਹਾਂ
ਧੂੜ ਘੱਟ ਨਹੀਂ ਹੁੰਦੀ ਸਗੋਂ ਵਧ ਰਹੀ ਏ
ਇਝ ਨਾ ਹੋਵੇ ਕਿਧਰੇ ਕਿਧਰੇ ਭੌਂਦਿਆਂ ਭੌਂਦਿਆਂ
ਐਵੀਏਸ਼ਨ ਹੀ ਮੁੱਕ ਜਾਏ
ਅੱਛਾਂ ਫਿਰ ਇਝ ਕਰੋ
ਵਾਪਸ ਉਥੇ ਹੀ ਟੁਰ ਜਾਉ
ਜਿਥੋਂ ਤੁਸਾਂ ਟੇਕ ਆਫ ਕੀਤਾ ਸੀ
ਤੇ ਮੌਸਮ ਦੀ ਬਦਲਣ ਦੀ ਇੰਤਜ਼ਾਰ ਕਰੋ

# 'ਬੰਦੀਵਾਨ, ਆਜ਼ਾਦੀ ਦਾ ਇਕ ਅਹਿਦਨਾਮਾ'

ਪ੍ਰੋ: ਅਮੀਨ ਮੁਗਲ

ਫ਼ਖਰ ਜ਼ਮਾਨ ਦੇ ਨਾਵਲ, 'ਬੰਦੀਵਾਨ' ਦੇ ਬਾਰੇ ਵਿਚ ਇਕ ਗੱਲ ਤੇ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਏ ਪਈ ਇਹ ਨਾਵਲ ਪੰਜਾਬੀ ਜ਼ਬਾਨ ਦਾ ਬੜਾ ਰੱਫੜੀ ਨਾਵਲ ਸਾਬਤ ਹੋਵੇਗਾ। ਤੇ ਕਿਸੇ ਵੀ ਅਦਬ ਬਾਰੇ ਜਾਂ ਫ਼ਨ ਬਾਰੇ ਜਾਂ ਕਿਸੇ ਵੀ ਖਿਆਲ ਬਾਰੇ ਵਿਚ ਇਹ ਗੱਲ ਕਹਿਣਾ ਪਈ ਉਹ ਰੱਫੜ ਵਾਲੀ ਚੀਜ਼ ਏ, ਮੇਰੇ ਹਿਸਾਬ ਨਾਲ ਉਹਦੀ ਤਾਰੀਫ਼ ਕਰਨੀ ਹੋਂਦੀ ਏ। ਏਸ ਵਾਸਤੇ ਕਿ ਸਿਰਫ ਉਹੋ ਲਿਖਤਾਂ ਹੀ ਪਾਏਦਾਰ,ਤਗੜੀਆਂ ਤੇ ਨਵੇਂ ਰਾਹ ਕੱਢਣ ਵਾਲੀਆਂ ਹੁੰਦੀਆਂ ਨੇ, ਜਿਹੜੀਆਂ ਲੋਕਾਂ ਵਿਚ ਰਫੜ ਪਾਵਣ ਤੇ ਲੋਕ ਉਨ੍ਹਾਂ ਬਾਰੇ ਰਵਾਇਦੀ 'ਸੈ,ਸੋ' ਜਾਂ 'ਠੀਕ ਏ' ਕਹਿ ਕੇ ਅੱਗੇ ਨ ਵਧ ਜਾਣ, ਸਗੋਂ ਹਰ ਲਫਜ਼ ਤੇ ਰੁਕਣ, ਸੋਚਣ ਤੇ ਡੂੰਘੀਆਂ ਸੋਚਾਂ ਵਿਚ ਪੈ ਜਾਣ।

ਮੁਮਕਿਨ ਏ ਕਿ 'ਬੰਦੀਵਾਨ' ਖਿਆਲਾਂ ਤੇ ਤਕਨੀਕ ਦੋਵਾਂ ਪੱਖਾਂ ਤੋਂ ਇਕ ਮੁਤਨਾਜ਼ਾ ਨਾਵਲ ਅਖਵਾਏ। ਏਸ ਲਈ ਪਈ ਫ਼ਖਰ ਜ਼ਮਾਨ ਨੇ ਪੰਜਾਬੀ ਜ਼ਬਾਨ ਵਿਚ ਬਿਲਕੁਲ ਨਵੀਆਂ ਗੱਲਾਂ ਨੂੰ ਛੋਹਿਆ ਏ ਤੇ ਤਕਨੀਕ ਦੇ ਬੜੇ ਨਵੇਂ ਨਵੇਂ ਤਜਰਬੇ ਕੀਤੇ ਨੇ।

**ਏਸ ਨਾਵਲ ਦੇ ਕਈ ਪਰਤ ਤੇ ਅਰਥ ਨੇ ਤੇ ਇਹ ਕੋਈ ਛੋਟੀ ਗੱਲ ਨਹੀਂ।**

'ਬੰਦੀਵਾਨ' ਨੂੰ ਖਿਆਲਾਤ ਦਾ ਨਾਵਲ ਕਿਹਾ ਜਾ ਸਕਦਾ ਏ। ਯਾਨੀ ਐਸਾ ਨਾਵਲ ਜਿਹੜਾ ਖਿਆਲਾਤ ਨੂੰ ਮਰਕਜ਼ੀ ਹੈਸੀਅਤ ਦੇਂਦਾ ਏ ਇਝ ਵੀ ਕਿਹਾ ਜਾ ਸਕਦਾ ਏ ਪਈ ਐਸੇ ਨਾਵਲ ਵਿਚ ਖਿਆਲਾਤ ਖੁਦ ਇਕ ਕਿਰਦਾਰ ਦੀ ਹੈਸੀਅਤ ਰਖਦੇ ਨੇ।

ਨਾਵਲ ਦਾ ਇਹ ਤਸੱਵਰ ਇਕ ਕਲਾਸਕੀ ਨਾਵਲ ਦੇ ਤਸੱਵਰ ਤੋਂ ਵੱਖਰਾ ਏ ਤੇ ਇਹਦੇ ਬਾਰੇ ਵਿਚ ਜਿਹੜੇ ਵੀ ਨਜ਼ਰੀ ਬੁਨਿਆਦਾਂ ਤੇ ਇਤਰਾਜ਼ ਕੀਤੇ ਜਾ ਸਕਦੇ ਨੇ ਉਹ ਫ਼ਖਰ ਜ਼ਮਾਨ ਦੇ ਨਾਵਲ ਬਾਰੇ ਵੀ ਹੋ ਸਕਦੇ ਨੇ!

ਐਸ ਬਾਰੇ ਵਿਚ ਇਕ ਗੱਲ ਤੇ ਸਾਫ ਕਰ ਲੈਣੀ ਚਾਹੀਦੀ ਏ! ਯੂਰਪੀ ਤੇ ਦੂਸਰੇ ਤਰੱਕੀ ਯਾਫਤਾ ਅਦਬਾਂ ਵਿਚ ਖਿਆਲਾਤ ਤੇ ਕਿਰਦਾਰਾਂ ਦੀ ਬਹਿਸ ਕੋਈ ਅਜੋਕੀ ਗੱਲ ਨਹੀਂ। ਆਲਡਸ ਹਕਸਲੇ ਦੇ ਨਾਵਲ ਤੇ ਵਰਨਾਰਡ ਸ਼ਾਅ ਦੇ ਡਰਾਮੇ ਇਹਦੀ ਮਿਸਾਲ ਨੇ। ਇਹਦਾ ਜਵਾਜ਼ ਇਹ ਵੇ ਪਈ ਅਸਲੀ ਤੇ ਆਮ ਜ਼ਿੰਦਗੀ ਵਿਚ ਲੋਕੀ ਖਿਆਲਾਤ ਤੇ ਵੀ ਬਹਿਸ ਕਰਦੇ ਨੇ। ਖਾਸ ਕਰਕੇ ਜੇ ਕਿਰਦਾਰ ਸੂਝਵਾਨਾਂ ਦੇ ਹਲਕੇ ਦੇ ਨਾਲ ਤੁਅੱਲਕ ਰਖਦੇ ਹੋਣ।

ਖਿਆਲਾਤ ਦਾ ਇਜ਼ਹਾਰ ਕਹਾਣੀ ਦੇ ਅਰਤਿਕਾ ਦੇ ਦੌਰਾਨ ਨਾਸਿਆਤੀ (Organic) ਤੌਰ ਤੇ ਕਹਾਣੀ ਵਿਚ ਉਗਣਾ ਚਾਹੀਦਾ ਏ। ਦੂਸਰੇ ਲਫਜ਼ਾਂ ਵਿਚ ਨਾਵਲ ਦੀ ਆਪਣੀ ਦੁਨੀਆਂ ਹੁੰਦੀ ਏ ਤੇ ਏਸ ਵਾਸਤੇ ਉਹਦੀ ਆਪਣੀ ਮੰਤਕ! ਇਹੋ ਵਜਾ ਏ ਪਈ ਬਰਨਾਡਰ ਸ਼ਾਅ ਦੇ ਕਿਰਦਾਰਾਂ ਦੀ ਗੁਫਤਗੂ ਡਰਾਮੇ ਦੇ ਦੌਰਾਨ ਭਾਵੇਂ ਉਹ ਫਲਸਫਿਆਨਾ ਸਤਹ ਤੇ ਹੋਵੇ, ਉਹਦੇ ਦੀਬਾਚਿਆਂ ਤੋਂ ਵੱਖਰੇ ਅੰਦਾਜ਼ 'ਚ ਹੁੰਦੀ ਏ। ਵਰਨਾ ਉਹਨੂੰ ਦੀਬਾਚੇ ਲਿਖਣ ਦੀ ਜ਼ਰੂਰਤ ਈ ਪੇਸ਼ ਨਾ ਆਉਂਦੀ!

ਏਸ ਨਾਵਲ ਵਿਚ ਫ਼ਖਰ ਜ਼ਮਾਨ ਹੈਰਤ ਅੰਗੇਜ਼ ਹੱਦ ਤਕ 'ਖਿਆਲਾਤ ਦੇ ਨਾਵਲ' ਦੇ ਤਕਾਜ਼ਿਆਂ ਨੂੰ ਪੂਰਾ ਕਰਨ ਵਿਚ ਕਾਮਯਾਬ ਹੋਇਆ ਏ। ਏਸ ਹਿਸਾਬ ਵਿਚ ਫ਼ਖਰ ਜ਼ਮਾਨ ਨੇ ਪੰਜਾਬੀ ਜ਼ਬਾਨ ਵਿਚ ਬੜਾ ਵੱਡਾ ਵਾਧਾ ਕੀਤਾ ਏ।

ਫ਼ਖਰ ਜ਼ਮਾਨ ਦੀ ਕਿਤਾਬ ਵਿਚ ਬੁਨਿਆਦੀ ਤੌਰ ਤੇ ਆਜ਼ਾਦੀ ਤੇ ਆਜ਼ਾਦੀ ਦੇ ਹਾਸਲ ਕਰਨ ਦਾ ਜਤਨ ਦਸਿਆ ਗਿਆ ਏ। ਇਹ ਜੁੜਵਾਂ ਖਿਆਲ ਉਹਦੇ ਕਿਰਦਾਰਾਂ ਰਾਹੀਂ ਮਤਲਬ ਪਾਉਂਦਾ ਏ।

'ਬੰਦੀਵਾਨ' ਦੀ ਕਹਾਣੀ ਹਵਾਲਾਤ ਦੇ ਬੰਦੀਖਾਨੇ ਵਿਚ ਖੁਲਦੀ ਏ, ਤੇ ਹਵਾਲਾਤ ਤੇ ਬੰਦੀਵਾਨ ਵਿਚ ਖਤਮ ਹੋ ਜਾਂਦੀ ਏ। ਹਵਾਲਾਤ, ਬੰਦੀਖਾਨਾ, ਬੰਦੀਵਾਨ ਵੀ ਕਾਇਨਾਤ ਏ। ਨਾਵਲ-ਨਿਗਾਰ ਏਸ ਕਾਇਨਾਤ ਨੂੰ ਆਪਣੀ ਖੁਰਦਬੀਨ ਹੇਠਾਂ ਰੱਖ ਕੇ ਵੇਖਦਾ ਏ। ਪਰ ਏਸ ਕਾਇਨਾਤ ਦੇ ਕਿਰਦਾਰ ਵੱਡੀ ਕਾਇਨਾਤ ਯਾਨੀ ਪੂਰੇ ਸਮਾਜ ਤੋਂ ਕੁਝ ਅਰਸੇ ਵਾਸਤੇ ਬੰਦੀਖਾਨੇ ਵਿਚ ਰੱਖੇ ਜਾਂਦੇ ਨੇ। ਉਨ੍ਹਾਂ ਦੇ ਰੇਸ਼ੇ ਵੱਡੀ ਕਾਇਨਾਤ ਤੋਂ ਆਉਂਦੇ ਨੇ। ਬੰਦੀਖਾਨੇ ਵਿਚ ਉਹਨਾਂ ਦੇ ਸਰੀਰਾਂ ਤੋਂ ਗੁਜ਼ਰ ਕੇ ਵਾਪਸ ਵੱਡੀ ਕਾਇਨਾਤ ਵਿਚ ਚਲੇ ਜਾਂਦੇ ਨੇ। ਨਾਵਲ ਨਿਗਾਰ ਨੂੰ ਫਿਰ ਫਾਇਦਾ ਏ ਪਈ ਉਹ ਛੋਟੀ ਕਾਇਨਾਤ ਨੂੰ ਆਪਣੀ ਖੁਰਦਬੀਨ ਹੇਠਾਂ ਰੱਖਕੇ ਜਦੋਂ ਵੇਖਦਾ ਏ, ਤੇ(ਤਾਂ) ਉਹ ਇਕ ਛੋਟੇ ਪੈਮਾਨੇ ਉਤੇ ਵੱਡੀ ਕਾਇਨਾਤ ਨੂੰ ਪੜ੍ਹ ਰਿਹਾ ਹੁੰਦਾ ਏ। ਦੂਜਿਆਂ ਲਫਜ਼ਾਂ ਵਿਚ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਕਲਚਰ ਤਿਆਰ ਕਰਦਾ ਏ ਤੇ ਉਹਦੇ ਮੁਤਾਲਏ ਰਾਹੀਂ ਪੂਰੇ ਸਮਾਜ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਏ। ਹਵਾਲਾਤ ਦੇ ਬੰਦੀਖਾਨਾ ਇਕ ਮਾਈਕਰੋ ਕਵਾਜ਼(Microcasm) ਏ ਸਮਾਜ ਦਾ।

ਹਵਾਲਾਤ, ਬੰਦੀਖਾਨਾ, ਨਾਮ ਨਿਹਾਦ ਆਜ਼ਾਦੀ ਤੋਂ ਮਹਿਰੂਮੀ ਦਾ ਮਨਜ਼ਰ ਪੇਸ਼ ਕਰਦਾ ਏ। ਨਾਮ ਨਿਹਾਦ ਏਸ ਵਾਸਤੇ ਪਈ ਆਜ਼ਾਦੀ ਤੋਂ ਮਹਿਰੂਮੀ ਤੇ ਹਵਾਲਾਤ ਬੰਦਖਾਨੇ ਤੋਂ ਬਾਹਰ ਵੀ ਬੰਦਵਾਨਾਂ ਦੇ ਮੁਕੱਦਰ ਦਾ ਹਿੱਸਾ ਏ। ਪੂਰਾ ਸਮਾਜ ਹੀ ਬੰਦੀਖਾਨਾ ਏ। ਹਰ ਹਵਾਲਾਤ ਤੇ ਬੰਦੀਖਾਨੇ ਨੂੰ ਤੇ ਉਹ ਲੋਕ ਵੀ ਆਜ਼ਾਦੀ ਤੋਂ ਮਹਿਰੂਮੀਂ ਦੀ ਜਗ੍ਹਾ ਕਹਿੰਦੇ ਨੇ, ਜਿਹੜੇ ਲੋਕਾਂ ਨੂੰ ਆਜ਼ਾਦੀ ਤੋਂ ਵੱਖ ਕਰਦੇ ਨੇ। ਏਸ ਗੱਲ ਤੇ ਆਜ਼ਾਦੀ ਤੋਂ ਵੱਖ ਹੋਣ ਵਾਲਿਆਂ ਤੇ ਆਜ਼ਾਦੀ ਤੋਂ ਵੱਖ ਕਰਨ ਵਾਲਿਆਂ ਵਿਚ ਕੋਈ ਫਰਕ ਨਹੀਂ। ਏਸ ਵਾਸਤੇ ਨਾਵਲ-ਨਿਗਾਰ ਹਵਾਲਾਤ, ਬੰਦੀਖਾਨੇ ਨੂੰ ਆਪਣੇ ਮੌਜੂਦਾ ਜੰਗ ਬਣਾਕੇ ਇਕ ਮੰਨੀ ਪਰਮੰਨੀ ਸਚਾਈ ਤੇ ਚਲਦਾ ਏ। ਪਰ ਜਿਉਂ ਜਿਉਂ ਨਾਵਲ ਖੁਲਣਾ ਸ਼ੁਰੂ ਹੁੰਦਾ ਏ ਪਈ ਅਸੀਂ ਸਿਰਫ ਹਵਾਲਾਤ, ਬੰਦੀਖਾਨਾ ਬਾਰੇ 'ਚ ਨਹੀਂ ਪੜ੍ਹ ਰਹੇ, ਸਗੋਂ ਪੂਰੇ ਸਮਾਜ ਦੇ ਬਾਰੇ 'ਚ ਪੜ੍ਹ ਰਹੇ ਹਾਂ।

ਤੇ ਨਾਵਲ ਨਿਗਾਰ ਦਸਦਾ ਏ, ਜਿਹੜੇ ਖੁਲ੍ਹੇ ਵੱਡੇ ਸਮਾਜ 'ਚ ਆਜ਼ਾਦੀ ਦਾ ਜਤਨ ਕਰਦੇ ਨੇ, ਉਹ ਜੇਲ੍ਹ 'ਚ ਵੀ ਆਜ਼ਾਦ ਹੋਣ ਦੀ ਕੋਸ਼ਿਸ਼ ਕਰਦੇ ਨੇ। ਨਾਵਲ ਪੜ੍ਹਨ ਨਾਲ ਪਤਾ ਚਲ ਜਾਂਦਾ ਏ ਪਈ ਇਸ ਨਾਵਲ ਦਾ ਜ਼ਮਾਨਾ ਕਿਹੜਾ ਏ। ਤੇ ਇਹ ਜ਼ਮਾਨਾ ਪੀੜਾਂ, ਥੋੜਾਂ, ਮਹਿਰੂਮੀਆਂ, ਮੁਸ਼ਕਲਾ ਤੇ ਜ਼ਿੰਦਗੀ ਦੀ ਨਫ਼ੀ ਦਾ ਜ਼ਮਾਨਾ ਏ—ਜਦੋਂ ਨਾਇਨਸਾਫੀ, ਕਰੋਧ, ਜ਼ੁਲਮ ਤੇ ਬੇਈਮਾਨੀ ਦਾ ਰਾਜ ਏ। ਤੇ ਇਹ ਸਮਾਜ ਕਿਹੜਾ ਏ, ਉਹ ਵੀ ਪੜ੍ਹਨ ਵਾਲੇ ਨੂੰ ਆਸਾਨੀ ਨਾਲ ਪਤਾ ਲਗ ਜਾਂਦਾ ਏ।

ਨਾਵਲ ਦਾ ਬੁਨਿਆਦੀ ਕਿਰਦਾਰ ਨਾਵਲ ਨਿਗਾਰ ਦੇ ਹਿਸਾਬ ਨਾਲ 'ਬੰਦੀਵਾਨ' ਏ ਤੇ ਨਾਵਲ ਦੇ ਅੱਗੇ ਪਿੱਛੇ ਤੋਂ ਉਹਦੀ ਪਿਛਾਣ ਵੀ ਮੁਸ਼ਕਲ ਨਹੀਂ। ਉਹ ਪ੍ਰੋਟੋਟਾਈਪ ਏ ਇਕ ਜਿਉਂਦੇ ਜਾਗਦੇ ਬੰਦੇ ਦਾ (ਬੰਦੀਵਾਨ ਨੂੰ ਕਿਧਰੇ ਕਿਧਰੇ ਮੌਤ ਦਾ ਕੈਦੀ ਵੀ ਕਿਹਾ ਗਿਆ ਹੈ)!

'ਜ਼ੈੱਡ' ਦਾ ਕਿਰਦਾਰ ਜਿਉਂਦਾ ਜਾਗਦਾ ਬੰਦਾ ਏ, ਤੇ ਇਕ ਹਿਸਾਬ ਨਾਲ ਬੰਦਵਾਨ ਦੀ ਸ਼ਖਸੀਅਤ ਦਾ ਈ ਪਰਛਾਵਾਂ ਏ। ਜੇ ਬੰਦੀਵਾਨ ਇਕ ਖਿਆਲ ਏ ਤਾਂ "ਜ਼ੈੱਡ" ਉਹਦੀ ਜਸਮਾਨੀ ਸ਼ਕਲ।

'ਜ਼ੈੱਡ' ਦਾ ਕਿਰਦਾਰ ਕਾਫ਼ਕਾਂ ਦੇ ਕਿਰਦਾਰ ਜੋਜ਼ਫ਼ 'ਕੇ' ਦੀ ਤਰਜ਼ ਤੇ ਬਣਾਇਆ ਗਿਆ ਏ। ਸੱਚ ਪੁੱਛੋ ਤਾਂ ਫ਼ਖਰ ਜ਼ਮਾਨ ਦੀ ਆਪਣੀ ਸ਼ਖਸੀਅਤ ਏ।

ਬੁਲਬੁਲ ਦੇ ਬਗੈਰ ਬੰਦੀਵਾਨ ਦਾ ਤਸੱਵਰ ਹੀ ਮੁਕੰਮਲ ਨਹੀਂ। ਬੰਦੀਵਾਨ ਤੇ 'ਜ਼ੈਡ' ਸਮਾਜ ਦੇ ਦੋ ਅਸਲੀ ਬੰਦਿਆਂ ਤੋਂ ਲਏ ਗਏ ਨੇ(ਏਸੇ ਤਰਾਂ ਦੂਸਰੇ ਕਿਰਦਾਰ ਵੀ)!

ਫ਼ਖਰ ਜ਼ਮਾਨ ਦਾ ਬੁਨਿਆਦੀ ਕਿਰਦਾਰ ਕੋਠੜੀ 'ਚ ਬੁੱਲ੍ਹੇ ਸ਼ਾਹ ਦਾ ਵੇਰਵਾ ਕਰਦੇ ਹੋਏ ਵਜੂਦੀਅਤ ਤੇ ਫਰਦ ਬਤੌਰ 'ਜਜ਼ੀਰਾ' ਦਾ ਤਸੱਵਰ ਦੀ ਨਫੀ ਕਰਦਾ ਏ ਤੇ ਸਾਰੀ ਇਨਸਾਨੀਅਤ ਨੂੰ ਇਕਾਈ ਸਮਝਦਾ ਏ। ਹਰ ਬੰਦੇ ਦੀ ਆਜ਼ਾਦੀ ਕੁਲ ਲੋਕਾਈ ਦੀ ਆਜ਼ਾਦੀ 'ਚ ਸਮਝਦਾ ਏ।

ਸ਼ਾਇਰ ਫ਼ਖਰ ਜ਼ਮਾਨ ਦੇ ਨਾਵਲ ਵਿਚ ਦੋ ਤਰੀਕਿਆਂ ਨਾਲ ਮੌਜੂਦ ਏ। ਸ਼ਾਇਰਾਨਾ ਅੰਦਾਜ਼ੇ-ਬਿਆਂ ਤੇ ਸ਼ਾਇਰੀ ਦੇ ਹਵਾਲਿਆਂ ਨਾਲ!

ਹੋ ਸਕਦਾ ਏ ਮੈਂ ਗਲਤੀ ਤੇ ਹੋਵਾਂ ਪਰ ਵਾਘੇ ਦੇ ਏਸ ਪਾਸੇ ਪੰਜਾਬੀ ਵਿਚ ਸ਼ੈਤ ਕਿਸੇ ਨਾਵਲ ਵਿਚ ਸ਼ੇਅਰ ਪਾਰਿਆਂ ਨੂੰ ਵਾਰਦਾਤ ਬਿਆਨ ਕਰਨ ਦਾ ਜ਼ਰੀਆ ਓਸ ਤਰਾਂ ਨਾ ਬਣਾਇਆ ਗਿਆ ਜਿਸ ਤਰਾਂ ਬੰਦੀਵਾਨ ਵਿਚ।

ਨਾਵਲ ਨਿਗਾਰ ਚੀਜ਼ਾਂ ਨੂੰ ਵੇਖਣ ਦੇ ਤਰੀਕੇ ਦਾ ਇਕ ਬੁਨਿਆਦੀ ਉਜ਼ਰ ਤਮਸ਼ਾਲ ਹੈ। ਅਸਲ ਗੱਲ ਏ ਪਈ ਫ਼ਖਰ ਜ਼ਮਾਨ ਸਿੱਧੀ ਪੱਧਰੀ ਕਹਾਣੀ ਬਿਆਨ ਕਰਦਿਆਂ ਫਟਾ ਫਟ ਇਕ ਛੜਾਪੀ 'ਚ ਖਵਾਬ ਦੀ ਦੁਨੀਆਂ 'ਚ ਚਲਾ ਜਾਂਦਾ ਏ ਤੇ ਏਸ ਤਰਾਂ ਇਕ ਤੇ ਆਪਣੀ ਗੱਲ ਨੂੰ ਓਸ ਸਿੱਚੂਏਸ਼ਨ ਦੇ ਹਵਾਲੇ ਨਾਲ ਸਮਝਦਾ ਏ ਤੇ ਦੂਸਰੇ ਉਹ ਨਫਸਿਆਤੀ ਹਕੀਕਤ ਪਸੰਦੀ (Psychozogical Realism) ਦੀ ਜਿਹਤ (Dimension) ਵਧਾ ਦਿੰਦਾ ਏ।

ਇਹ ਤਕਨੀਕ ਮਜਮੂਈ ਹੈਸੀਅਤ ਨਾਲ ਸ਼ਾਇਰੀ ਦੀ ਤਕਨੀਕ ਏ। ਲਿਖਣ ਵਾਲਾ ਸਿਰਫ ਕਹਾਣੀ ਬਿਆਨ ਨਹੀਂ ਕਰ ਰਿਹਾ ਸਗੋਂ ਕਿਸੀ ਵੀ ਅੱਛੇ ਫਨਕਾਰ ਦੀ ਤਰਾਂ ਕੁਝ ਅਹਿਮੀਅਤਾਂ ਆਪਣੇ ਪੜ੍ਹਨ ਵਾਲਿਆਂ ਤਕ ਪਹੁੰਚਾ ਰਿਹਾ ਏ। ਜ਼ਾਤ ਦੀ ਪਹਿਚਾਣ, ਇਨਸਾਨੀਅਤ ਦੀ ਇਕਾਈ ਤੇ ਸਾਂਝ, ਗੁਲਾਮ ਸਮਾਜ ਦੀਆਂ ਥੋੜਾਂ ਤੇ ਉਨ੍ਹਾਂ ਨੂੰ ਬਦਲਣ ਦੇ ਵਾਸਤੇ ਇਕ ਕਾਹਲ ਤੇ ਅੱਜ ਦੇ ਦੌਰ ਦੀ ਆਲਮੀ ਸੂਰਤੇ ਹਾਲ 'ਚ ਐਸ ਸਮਾਜ ਦੀਆਂ ਖਰਾਬੀਆਂ ਦੇ ਮੰਬੇ(ਸਾਮਰਾਜ) ਦੀ ਤਰਫ ਇਸ਼ਾਰਾ।

ਫ਼ਖਰ ਜ਼ਮਾਨ ਦਾ 'ਬੰਦੀਵਾਨ' ਆਜ਼ਾਦੀ ਦਾ ਅਹਿਦਨਾਮਾ ਏ, ਨਵਾਂ ਅਹਿਦਨਾਮਾ, ਐਸ ਦੌਰ ਦਾ ਅਹਿਦਨਾਮਾ!

## 'ਆਧੁਨਿਕ ਵਿਸ਼ਵ ਪੰਜਾਬੀ ਕਵਿਤਾ'

ਪੰਜਾਬੀ ਕਵੀ ਚਰਨ ਸਿੰਘ ਵਲੋਂ "ਆਧੁਨਿਕ ਵਿਸ਼ਵ ਪੰਜਾਬੀ ਕਵਿਤਾ" ਨਾਮੀ ਪੁਸਤਕ ਸੰਪਾਦਤ ਕੀਤੀ ਜਾ ਰਹੀ ਹੈ। ਜਿਸ ਵਿਚ ਵਿਸ਼ਵ ਪਧਰ ਤੇ ਪੰਜਾਬੀ ਕਾਵਿ-ਸੰਕਲਨ ਕੀਤਾ ਜਾਵੇਗਾ। ਚਰਨ ਸਿੰਘ ਵਲੋਂ ਕਨੇਡਾ ਵਿਚ ਵਸਦੇ ਹਰ ਕਵੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ। ਅਣਛਾਪੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਫੂਨ 274-9586

ਧੰਨਵਾਦ
ਚਰਨ ਸਿੰਘ
7260 Lombard Road
Richmond B.C.

# ਵਿਸ਼ਵ ਪੰਜਾਬੀ ਸੰਮੇਲਨ ਦਾ ਕਾਰਨਵਾਲ (ਕੈਨੇਡਾ) ਵਿਚ ਗਰਭ - ਪਾਤ

ਗੁਰਦਿਆਲ ਸਿੰਘ ਕੰਵਲ (ਕੈਨੇਡਾ)

ਪਿਆਰੇ ਸੰਪਾਦਕ ਜੀ,

ਵਿਸ਼ਵ ਪੰਜਾਬੀ ਸੰਮੇਲਨ ਬਾਰੇ ਕੈਨੇਡਾ, ਇੰਗਲੈਂਡ, ਭਾਰਤ ਅਤੇ ਹੋਰ ਕਈ ਦੇਸਾਂ ਦੀਆਂ ਅਖਬਾਰਾਂ ਨੇ ਕਾਫੀ ਕੁਝ ਲਿਖਿਆ ਹੈ। ਕੈਨੇਡਾ ਵਿਚ ਵਸਦੇ ਪੰਜਾਬੀਆਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਹੈ ਕਿ ਇਸ ਅਖੌਤੀ ਵਿਸ਼ਵ ਪੰਜਾਬੀ ਸੰਮੇਲਨ ਦਾ, ਅਖੌਤੀ ਪੰਜਾਬੀ ਲੇਖਕ, ਅਨਜਾਣ ਦਾਈਆਂ ਹੱਥੋਂ ਕਿਸ ਤਰਾਂ ਗਰਭ - ਪਾਤ ਹੋ ਗਿਆ ਹੈ। ਪ੍ਰੀਤਮ ਸਿੰਘ P. C. S. ਹੋਰਾਂ ਨੇ ਜਿਸ ਤਰਾਂ ਦੀ ਚਲਾਕੀ ਵਰਤਕੇ ਝੂਠ ਨੂੰ ਸੱਚ ਬਣਾਉਣ ਦੀ ਨਾਕਾਮ ਕੋਸ਼ਿਸ ਕੀਤੀ ਹੈ ('ਲੋਅ' ਅੰਮ੍ਰਿਤਸਰ ਦਸੰਬਰ, 1982 ਵਿਚ ਛਪੇ ਪ੍ਰਤੀਮ ਸਿੰਘ ਹੋਰਾਂ ਨੇ ਲੇਖ 'ਦੂਸਰਾ ਵਿਸ਼ਵ ਪੰਜਾਬੀ ਸੰਮੇਲਨ : ਸਪੱਸ਼ਟੀਕਰਣ' ਵਿਚ) ਉਸਨੂੰ ਦੇਖ ਕੇ ਸਾਡਾ ਕੈਨੇਡਾ ਦੇ ਪੰਜਾਬੀ ਲੇਖਕਾਂ ਦਾ ਇਹ ਫਰਜ਼ ਬਣਦਾ ਹੈ ਕਿ ਇਸ ਝੂਠ ਦਾ ਪਰਦਾ ਫਾਸ਼ ਕਰਨ ਲਈ ਪੰਜਾਬੀ ਪਾਠਕਾਂ/ਲੇਖਕਾਂ ਸਾਹਮਣੇ ਇਸ ਅਖੌਤੀ ਵਿਸ਼ਵ ਸੰਮੇਲਨ ਦੀ ਸਹੀ ਤਸਵੀਰ ਪੇਸ਼ ਕਰੀਏ।

## 1. ਵਿਸ਼ਵ ਸੰਮੇਲਨ ਕੀ ਹੁੰਦੇ ਹਨ ?

ਵਿਸ਼ਵ ਸੰਮੇਲਨ ਉਹ ਹੁੰਦੇ ਹਨ ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਪਾਠਕ/ਲੇਖਕ/ਬੁਧੀਮਾਨ ਸ਼ਾਮਲ ਹੁੰਦੇ ਹੋਣ। ਇਸ ਦੀ ਸਭ ਤੋਂ ਵੱਡੀ ਮਿਸਾਲ ਪਿਛੇ ਜਿਹੇ ਮਰਾਠੀ ਭਾਸ਼ਾ ਦਾ ਮਹਾਂ ਸੰਮੇਲਨ ਸੀ। ਜਿਸ ਵਿਚ ਹਜ਼ਾਰਾਂ ਮਰਾਠੀ ਸਾਹਿਤ ਦੇ ਪਾਠਕਾਂ/ਲੇਖਕਾਂ/ਬੁੱਧੀਮਾਨਾਂ ਨੇ ਭਾਗ ਲਿਆ। ਦੋਹਾਂ ਪੰਜਾਬਾਂ(ਪਾਕਿਸਤਾਨ, ਭਾਰਤ) ਅਤੇ ਦਿੱਲੀ ਨੂੰ ਛੱਡਕੇ ਹੋਰ ਕੋਈ ਵੀ ਦੁਨੀਆਂ ਵਿਚ ਐਸੀ ਥਾਂ ਨੇ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਸਾਹਿਤ ਦੇ ਪਾਠਕ/ਲੇਖਕ ਪਹੁੰਚ ਸਕਣ। ਅਜਿਹੇ ਹਾਲਤਾਂ ਵਿਚ ਦੂਜੇ ਦੇਸਾਂ ਦੀ ਸੈਰ ਕਰਨ ਦੇ ਬਹਾਨੇ ਅਖੌਤੀ ਵਿਸ਼ਵ ਸੰਮੇਲਨਾਂ ਦੇ ਢੌਂਗ ਰਚਾਉਣ ਦੇ ਕੀ ਅਰਥ ਹਨ ?

ਪ੍ਰੀਤਮ ਸਿੰਘ P.C.S. ਹੋਰਾਂ ਨੇ ਆਪਣੇ ਲੇਖ ਵਿਚ ਝੂਠ ਨੂੰ ਸੱਚ ਬਣਾਉਣ ਦੀ ਨਾਕਾਮ ਕੋਸ਼ਿਸ਼ ਕਰਦਿਆਂ ਇਕ ਐਸੇ ਪੰਜਾਬੀ ਅਖਬਾਰ ਦਾ ਹਵਾਲਾ ਦਿਤਾ ਹੈ ਜੋ ਕੈਨੇਡਾ ਵਿਚ ਪਹਿਲਾਂ ਹੀ ਆਪਣੀ ਘਟੀਆ ਕਿਸਮ ਦੀ ਪਤਰਕਾਰੀ ਲਈ ਬਦਨਾਮ ਹੈ। ਮੇਰੀ ਮੁਰਾਦ 'ਪ੍ਰਦੇਸੀ ਪੰਜਾਬ' ਅਖਬਾਰ ਤੋਂ ਹੈ। ਜਿਸਦੀ ਪਤਰਕਾਰੀ ਦੇ ਮਿਆਰ ਦਾ ਇਹ ਹਾਲ ਹੈ ਕਿ ਤੁਸੀਂ ਜਿੰਨੀ ਵਧੇਰੇ ਮਾਇਆ ਇਸ ਸੰਪਾਦਕ ਨੂੰ ਘੱਲ ਦਿਉ —ਓਨੀ ਵੱਡੀ ਖਬਰ ਅਤੇ ਓਨੀ ਵੱਡੀ ਸੁਰਖੀ ਤੁਸੀਂ ਇਸ ਅਖਬਾਰ ਵਿਚ ਛਪਾ ਸਕਦੇ ਹੋ। ਇਸ ਅਖਬਾਰ ਨੇ ਲਿਖਿਆ ਹੈ: "ਅਟਵਾ ਵਿਖੇ ਹੋਇਆ ਦੂਸਰਾ ਵਿਸ਼ਵ ਪੰਜਾਬੀ ਸੰਮੇਲਨ ਭਾਰੀ ਸਫਲਤਾ ਪੂਰਬਕ ਸਮਾਪਤ ਹੋਇਆ ਹੈ। ਕੈਨੇਡਾ ਭਰ ਤੋਂ ਸੈਂਕੜਿਆਂ ਦੀ ਤਦਾਦ ਵਿਚ ਲੇਖਕ/ਸਰੋਤਿਆਂ ਨੇ ਭਾਗ ਲਿਆ।"

ਪ੍ਰੀਤਮ ਸਿੰਘ P.C.S. ਜੀ, ਮੈਟਰੋਪਾਲੀਟਨ ਸੈਂਟਰਲ ਲਾਇਬਰੇਰੀ ਟਰਾਂਟੋ ਵਿਚ, ਤੁਹਾਡੇ ਅਖੌਤੀ ਵਿਸ਼ਵ ਸੰਮੇਲਨ ਦੀ ਸਮੁੱਚੀ ਕਾਰਵਾਈ ਵਿਚ ਹਿਸਾ ਲੈਣ ਵਾਲੇ ਕੁਲ 32 ਸੱਜਣ ਸਨ। ਜਿਨ੍ਹਾਂ ਵਿਚ ਹੀ ਤੁਹਾਡੇ ਬਾਹਰਲੇ ਦੇਸ਼ਾ ਵਿਚੋਂ ਪਹੁੰਚੇ ਹੋਏ ਲੇਖਕ/ਪਾਠਕ ਵੀ ਸ਼ਾਮਲ ਸਨ। ਜੇਕਰ ਹੁਕਮ ਕਰੋ ਤਾਂ ਇਹਨਾਂ 32 ਸੱਜਣਾਂ ਦੇ ਨਾਮ ਵੀ ਗਿਣਾ ਸਕਦਾ ਹਾਂ।ਬਾਕੀ ਰਹੀ ਗੱਲ ਤੁਹਾਡੀ ਅਟਵਾ ਵਿਚ ਹੋਈਆਂ ਗੋਸ਼ਟੀਆਂ ਦੀ — ਕਿਸੇ ਵੀ ਗੋਸ਼ਟੀ ਵਿਚ ਤੁਹਾਡੀ ਗਿਣਤੀ 40 ਤੋਂ ਕਦੇ ਵੱਧ ਨਹੀਂ ਹੋਈ ਕਰੋਗੇ ਤਾਂ ਇਹਨਾਂ ਗੋਸ਼ਟੀਆਂ ਵਿਚ ਹਿਸਾ ਲੈਣ ਵਾਲਿਆਂ ਦੀ ਪੂਰੀ ਜਾਣਕਾਰੀ ਵੀ ਭੇਜ ਦਿਆਂਗਾ। ਉਂਜ ਭਾਵੇ ਹਰਭਜਨ ਸਿੰਘ ਰਤਨ ਹੋਰਾਂ ਨੇ ਤੁਹਾਡੇ ਸਾਰੇ ਭੁਲੇਖੇ ਪਹਿਲਾਂ ਹੀ ਕੱਢ ਦਿਤੇ ਹਨ।(ਹਰਭਜਨ ਸਿੰਘ ਰਤਨ ਇਸ ਅਖੌਤੀ ਵਿਸ਼ਵ ਸੰਮੇਲਨ ਵਿਚ ਭਾਗ ਲੈਣ ਵਾਲੇ ਹਿੰਦੁਸਤਾਨ ਤੋਂ ਆਏ ਇਕ ਲੇਖਕ ਸਨ। ਜਿਨ੍ਹਾਂ ਨੇ ਇਸ ਸੰਮੇਲਨ ਦਾ ਫਾਸ਼ ਕਰਨ ਲਈ 'ਦੇਸ ਪ੍ਰਦੇਸ' (ਇੰਗਲੈਂਡ ਵਿਚ) ਇਕ ਲੇਖ ਛਾਪਿਆ ਹੈ )—ਹਰਭਜਨ ਸਿੰਘ ਰਤਨ ਜੀ ਮੁਬਾਰਕਾਂ ਹੋਣ !!

ਨੋਟ :—ਪ੍ਰੀਤਮ ਸਿੰਘ ਜੀ ਜ਼ਰਾ ਇਹ ਵੀ ਦਸਣ ਦੀ ਖੇਚਲ ਕਰਨੀ ਕਿ ਕੈਨੇਡਾ ਸਰਕਾਰ ਤੋਂ ਜਿਹੜੀਆਂ ਹਜ਼ਾਰਾਂ ਡਾਲਰਾਂ ਦੀਆਂ ਗ੍ਰਾਂਟਾਂ ਮਾਂਜੀਆਂ ਗਈਆਂ ਹਨ। ਉਸਦਾ ਕਿੰਨਾਂ ਕੁ ਹਿਸਾ 'ਪ੍ਰਦੇਸੀ ਪੰਜਾਬ' ਨੂੰ ਸੰਮੇਲਨ ਬਾਰੇ ਵਿਸ਼ੇਸ਼ ਸਪਲੀਮੈਂਟ ਛਾਪਣ ਲਈ ਦਿਤਾ ਗਿਆ ਹੈ ?

## 2. ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਕੈਨੇਡੀਅਨ ਪੰਜਾਬੀ ਲੇਖਕਾਂ ਦਾ ਪੱਧਰ ?

ਪ੍ਰੀਤਮ ਸਿੰਘ P.C.S. ਆਪਣੇ ਲੇਖ ਵਿਚ ਲਿਖਦੇ ਹਨ :

"ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਕਨੇਡੀਅਨ ਲੇਖਕਾਂ ਨੂੰ ਛੁਟਿਆਉਣ ਦਾ ਜੋ ਨਿਸਫਲ ਯਤਨ ਕੀਤਾ ਗਿਆ ਹੈ ਉਹ ਦਰਸ਼ਨ ਗਿੱਲ ਅਤੇ ਉਸ ਜਿਹੇ ਹੋਰ ਸੰਮੇਲਨ ਦੇ ਵਿਰੋਧੀਆਂ ਦੀ 'ਫਰਸਟਰੇਸ਼ਨ' ਦਾ ਸੂਚਕ ਹੈ ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਕਨੇਡੀਅਨ ਲੇਖਕ, ਦਰਸ਼ਨ ਗਿੱਲ ਨਾਲੋਂ ਕਿਤੇ ਚੰਗੀ ਪੱਧਰ ਦੇ ਹਨ।"

ਪ੍ਰੀਤਮ ਸਿੰਘ ਜੀ ਤੁਹਾਡੇ ਕਹਿੰਦੇ ਕਹੋਂਦੇ ਵਿਸ਼ਵ ਪੰਜਾਬੀ ਸੰਮੇਲਨ ਵਿਚ ਜਿਹੜੇ ਕੈਨੇਡਾ ਦੇ ਪੰਜਾਬੀ ਲੇਖਕ (?) ਸ਼ਾਮਲ ਹੋਏ ਹਨ। ਉਨ੍ਹਾਂ ਦੇ ਨਾਮ ਇਹ ਹਨ :

(ਪੰਜਾਬੀ ਲੇਖਕ ?)

1. ਸਟੀਫਨ ਗਿਲ 2. ਗੁਰਦੀਪ ਸਿੰਘ ਚੌਹਾਨ 3. ਮਿੱਤਰ ਰਾਸ਼ਾ 4. ਸੰਤੋਖ ਸਿੰਘ ਛੀਨਾ 5. ਤ੍ਰਲੋਚਨ ਸਿੰਘ ਗਿੱਲ 6. ਹਰਭਜਨ ਸਿੰਘ ਪਵਾਰ

## ਜਿਨ੍ਹਾਂ ਲੇਖਕਾਂ ਨੇ ਇਸ ਸੰਮੇਲਨ ਦਾ ਬਾਈਕਾਟ ਕੀਤਾ :

1. ਰਵਿੰਦਰ ਰਵੀ 2. ਗੁਰਚਰਨ ਰਾਮਪੁਰੀ 3. ਕੇਸਰ ਸਿੰਘ ਨਾਵਲਿਸਟ 4. ਦਰਸ਼ਨ ਗਿੱਲ 5. ਗੁਰਦਿਆਲ ਕੰਵਲ 6. ਤਾਰਾ ਸਿੰਘ ਹੇਅਰ 7 ਸਾਧੂ 8. ਅਜਮੇਰ ਰੋਡੇ 9. ਸੁਰਜੀਤ ਕਲਸੀ 10. ਸੂਫੀ ਅਮਰਜੀਤ 11. ਕਸ਼ਮੀਰਾ ਸਿੰਘ ਚਮਨ 12. ਗਿੱਲ ਮੋਰਾਂਵਾਲੀ 13. ਨਵਤੇਜ ਭਾਰਤੀ 14. ਸੁਰਿੰਦਰ ਧੰਜਲ 15. ਸੁਖਿੰਦਰ 16. ਇਕਬਾਲ ਰਾਮੂਵਾਲੀਆ 17. ਜਰਨੈਲ ਸਿੰਘ 18. ਸੁਖਵੰਤ ਹੁੰਦਲ 19. ਅਮਰਜੀਤ ਚਾਹਲ 20. ਰਾਜਿੰਦਰ 21. ਅੰਮ੍ਰਿਤ ਸ਼ੈਲਾ 22. ਅਵਤਾਰ ਗਿੱਲ 23. ਲਾਟ ਭਿੰਡਰ 24. ਸਰਵਣ ਬੋਲ 25. ਦਰਸ਼ਨ ਬੈਂਸ 26. ਜੀਵਨ ਰਾਮਪੁਰੀ 27. ਹਰਦੇਵ ਵੜੈਚ 28. ਕ੍ਰਿਸ਼ਨਜੀਤ 29. ਹਰੀਪਾਲ 30. ਦੇਵ ਜਟਾਣਾ 31. ਜਸਵੰਤ ਮਾਂਗਟ 32. ਰਾਜਿੰਦਰ ਰਾਣਾ ਆਦਿ —

ਪ੍ਰੀਤਮ ਸਿੰਘ ਜੀ ਇਨ੍ਹਾਂ ਲੇਖਕਾਂ ਦੇ ਨਾਮ ਜ਼ਰਾ ਧਿਆਨ ਨਾਲ ਪੜ੍ਹਨਾ ਤਾਂ ਕਿ ਤੁਹਾਨੂੰ ਖੁਦ ਨੂੰ ਵੀ ਇਸ ਗੱਲ ਦੀ ਜਾਣਕਾਰੀ ਹੋ ਜਾਵੇ ਕਿ ਤੁਹਾਨੂੰ ਕੈਨੇਡਾ ਦੇ ਪੰਜਾਬੀ ਸਾਹਿਤ/ਸਾਹਿਤਕਾਰਾਂ ਦੀ ਕਿੰਨ੍ਹੀ ਕੁ ਸੂਝ ਹੈ ?

ਤੁਸੀਂ ਵਿਸ਼ਵ ਸੰਮੇਲਨ ਵਿਚ ਸ਼ਾਮਲ ਹੋਏ ਕੈਨੇਡਾ ਦੇ ਪੰਜਾਬੀ ਲੇਖਕਾਂ ਦੀ ਬੜੀ ਉੱਚੀ ਪੱਧਰ ਦੱਸਦੇ ਹੋ! ਤੁਹਾਡੇ ਸੰਮੇਲਨ ਵਿਚ ਟਰਾਂਟੋ ਦੇ ਅਖੌਤੀ ਬੇਥੀ ਬੁੱਧੀਮਾਨ ਨੇ 'ਕੈਨੇਡਾ ਦੇ ਪੰਜਾਬੀ ਸਾਹਿਤ' ਬਾਰੇ ਇਕ ਪੇਪਰ ਵੀ ਪੜ੍ਹਿਆ ਹੈ। ਇਹ ਬੇਥੀ ਬੁੱਧੀਮਾਨ ਭਾਵੇਂ ਦੋ ਵਾਕ ਵੀ ਸ਼ੁੱਧ ਪੰਜਾਬੀ ਵਿਚ ਨਹੀਂ ਲਿਖ ਸਕਦਾ। ਇਸ ਬੇਥੀ ਬੁੱਧੀਮਾਨ ਨੇ ਆਪਦੇ ਅਖੌਤੀ ਵਿਸ਼ਵ ਪੰਜਾਬੀ ਸੰਮੇਲਨ ਵਿਚ Punjabi Writing in Canada ਵਿਸ਼ੇ ਉਪਰ ਪੇਪਰ ਪੜ੍ਹਕੇ ਭਾਵੇਂ ਹੁੱਕੇ ਉਤੇ ਕਛਿਹਰਾ ਟੰਗ ਦਿਤਾ ਹੈ ਪਰ ਤੁਸੀਂ ਅਜੇ ਵੀ ਮੈਂ ਨਾ ਮਾਨੂੰ ਵਾਲੀ ਮੁਹਾਰਨੀ ਹੀ ਰਟ ਰਹੇ ਹੋ। ਕਿੰਨਾਂ ਚੰਗਾ ਹੋਵੇ ਜੇਕਰ ਤੁਸੀਂ ਇਕ ਬੇਥੀ ਬੁੱਧੀਮਾਨ ਵਲੋਂ ਪੜ੍ਹਿਆ ਗਿਆ ਪਰਚਾ ਹਿੰਦੁਸਤਾਨ ਦੇ ਪੰਜਾਬੀ ਪਾਠਕਾਂ/ਲੇਖਕਾਂ ਦੇ ਭਲੇ ਵਾਸਤੇ ਹਿੰਦੁਸਤਾਨ ਦੀ ਕਿਸੇ ਪੰਜਾਬੀ ਪਤ੍ਰਿਕਾ ਵਿਚ ਵੀ ਛਪਵਾ ਦਿਉਂ ? ਤਾਂ ਕਿ ਤੁਹਾਡੇ ਸੰਮੇਲਨ ਅਤੇ ਤੁਹਾਡੇ ਕੈਨੇਡੀਅਨ ਚਹੇਤਾ ਪੰਜਾਬੀ ਲੇਖਕਾਂ ਦੇ ਪੱਧਰ ਦਾ ਵੀ ਪਤਾ ਲੱਗ ਜਾਵੇ! ਉਂਜ ਕੈਨੇਡਾ ਦੇ ਲੇਖਕਾਂ ਨੇ ਤਾਂ ਬੇਥੀ ਬੁੱਧੀਮਾਨ ਤ੍ਰਲੋਚਨ ਸਿੰਘ ਗਿੱਲ (ਟਰਾਂਟੋ) ਹੋਰਾਂ ਦੇ ਪੇਪਰ ਦੇ ਦਰਸ਼ਨ ਕਰ ਲਏ ਹਨ!

## 3. ਵਿਸ਼ਵ ਸੰਮੇਲਨ ਅਤੇ ਖਾਲਿਸਤਾਨ ਦਾ ਮਸਲਾ ਕੀ ਹੈ ?

ਪ੍ਰੀਤਮ ਸਿੰਘ P.C.S. ਹੋਰੀਂ ਲਿਖਦੇ ਹਨ :

"ਪੰਜਾਬ ਸਰਕਾਰ ਨੂੰ ਤਾਰ ਭੇਜੀ ਗਈ ਕਿ ਵਿਸ਼ਵ ਸੰਮੇਲਨ, ਖਾਲਿਤਸਾਨ ਦੇ ਪਰਚਾਰ ਦੇ ਸਾਧਨ ਵਜੋ ਵਰਤਿਆ ਜਾਵੇਗਾ। ਇਸ ਕਾਰਵਾਈ ਦੇ ਪਿਛੇ ਇਹ ਮੰਤਵ ਸੀ ਕਿ ਮੇਰੇ ਸਣੇ ਕਈ ਹੋਰ ਸਰਕਾਰੀ ਮੁਲਾਜ਼ਮਾਂ ਨੂੰ ਛੁੱਟੀ ਨਾ ਮਿਲ ਸਕੇ।...ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਇਹਨਾਂ ਹੇਜਲਿਆਂ ਨੂੰ ਇਸ ਗੱਲ ਦਾ ਵੀ ਖਿਆਲ ਨਹੀਂ ਆਇਆ ਕਿ ਇਹਨਾ ਦੇ ਦੂਸ਼ਨਾਂ ਵਿਚ ਕਿੰਨਾਂ ਵੱਡਾ ਆਪ-ਵਿਰੋਧ ਹੈ ਅਤੇ ਇਨ੍ਹਾਂ ਦੀ ਇਹ ਕਹਾਣੀ ਕਿੰਨੀ ਹਾਸੋਹੀਣੀ ਹੈ ?"

ਪ੍ਰੀਤਮ ਸਿੰਘ ਜੀ, ਜੇਕਰ ਕਿਸੇ ਨੇ ਪੰਜਾਬ ਸਰਕਾਰ ਨੂੰ ਤਾਰ ਦਿਤੀ ਹੈ ਤਾਂ ਇਹ ਠੀ ਕ ਹੀ ਹੋਵੇਗੀ। ਕਿਉਂਕਿ ਤੁਹਾਡੇ ਸੰਮੇਲਨ ਦੇ ਪ੍ਰਬੰਧਕ ਆਪਣੀਆਂ ਪੰਜਾਬੀ ਅਖਬਾਰਾਂ ਵਿਚ ਖਾਲਿਸਤਾਨ ਦਾ ਸ਼ਰੇਆਮ ਪਰਚਾਰ ਕਰਦੇ ਹਨ ਅਤੇ ਖਾਲਿਸਤਾਨੀ ਡਾ: ਜਗਜੀਤ ਸਿੰਘ ਚੌਹਾਨ ਨਾਲ ਇਨ੍ਹਾਂ ਦੀਆਂ ਤਸਵੀਰਾਂ ਵੀ ਇਨ੍ਹਾਂ ਦੀਆਂ ਆਪਣੀਆਂ ਹੀ ਅਖਬਾਰਾਂ ਵਿਚ ਛਪਦੀਆਂ ਰਹੀਆਂ ਹਨ। ਜੇਕਰ ਕਿਸੇ ਹੋਰ ਦੀ ਗੱਲ ਵਿਚ ਯਕੀਨ ਨਾ ਹੋਵੇ ਤਾਂ ਕੈਨੇਡਾ ਵਿਚ ਪਿਛਲੇ ਸਾਲ ਰਹਿ ਚੁੱਕੇ ਭਾਰਤੀ ਹਾਈ ਕਮਿਸ਼ਨ ਡਾ: ਗੁਰਦਿਆਲ ਸਿੰਘ ਢਿੱਲੋਂ ਹੋਰਾਂ ਨੂੰ ਜਾਂ ਟਰਾਂਟੋ ਵਿਚਲੇ ਇੰਡੀਅਨ ਕਾਊਂਸਲੇਟ ਦਫਤਰ ਵਿਚੋਂ ਸ: ਦਵਿੰਦਰ ਸਿੰਘ ਹੋਰਾਂ ਤੋਂ ਜਾਣਕਾਰੀ ਮੰਗਾ ਸਕਦੇ ਹੋ। ਉਹ ਤਾਂ ਤੁਹਾਡੀ ਆਪਣੀ ਸਰਕਾਰ ਦੇ ਹੀ ਬੰਦੇ ਹਨ !

ਨੋਟ :— ਟਰਾਂਟੋ ਵਿਚ ਪਿਛਲੇ ਦਿਨੀ ਹੋਏ ਗੋਲੀਕਾਂਡ ਵਿਚ ਤੁਹਾਡੀਆਂ ਸੇਵਕ ਅਖਬਾਰਾਂ (ਕੈਨੇਡਾ ਵਿਚਲੀਆਂ) ਦਾ ਕੀ ਰੋਲ ਹੈ ? ਇਸ ਬਾਰੇ ਵੀ ਪਤਾ ਕਰ ਲੈਣਾ।

## 4. ਇਕ ਹੋਰ ਵਿਸ਼ਵ ਸੰਮੇਲਨ ਦੀ ਕਿਉਂ ਲੋੜ ਪਈ ?

ਪ੍ਰੀਤਮ ਸਿੰਘ P.C.S. ਜੀ ਤੁਸੀਂ ਲਿਖਿਆ ਹੈ "ਭਾਰਤ ਵਿਚ ਦੂਸਰਾ ਵਿਸ਼ਵ ਸੰਮੇਲਨ ਕਰਾਉਣ ਬਾਰੇ ਵੀ ਵਿਚਾਰ ਹੋਈ, ਪਰ 1981 ਵਿਚ ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਕੇਂਦਰੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਗਮ ਆਯੋਜਤ ਹੋਣ ਕਰਕੇ ਇਹ ਵਿਚਾਰ ਤਿਆਗਣਾ ਪਿਆ ਕਿਉਂਕਿ ਇਹ ਦੋਨੋਂ ਸਮਾਗਮ ਵੀ ਅੰਤਰ-ਰਾਸ਼ਟਰੀ ਪੱਧਰ ਦੇ ਸਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਵੀ ਨਵੰਬਰ ਵਿਚ ਵਿਸ਼ਵ ਸੰਮੇਲਨ ਕਰਾਉਣ ਦਾ ਐਲਾਣ ਸਮਾਚਾਰ ਪੱਤਰਾਂ ਵਿਚ ਕਰ ਦਿਤਾ ਸੀ।"

ਸ੍ਰੀਮਾਨ ਜੀ, ਜਦੋਂ ਹਿੰਦੁਸਤਾਨ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਸੰਮੇਲਨ ਹੋ ਹੀ ਰਹੇ ਸਨ ਤਾਂ ਤੁਸੀਂ ਮੂੰਹ ਚੁੱਕਕੇ ਬਦੇਸ਼ਾਂ ਵੱਲ ਤੁਰਨ ਨੂੰ ਕਿਉਂ ਕਾਹਲੇ ਸੋ ? ਕੀ ਇਸਦਾ ਇਹ ਮਤਲਬ ਤਾਂ ਨਹੀਂ ਕਿ ਤੁਹਾਨੂੰ ਅਤੇ ਤੁਹਾਡੀ ਚੰਡਾਲ ਚੌਂਕੜੀ ਨੂੰ ਭਾਰਤ ਦੇ ਪੰਜਾਬੀ ਲੇਖਕ ਮੂੰਹ ਨਹੀਂ ਲਾਉਂਦੇ ?

ਜੇਕਰ ਤੁਸੀਂ ਸਚਾਈ ਨਾ ਵੀ ਦੱਸਣੀ ਚਾਹੋ ਤਾਂ ਤੁਹਾਨੂੰ ਕੋਈ ਮਜਬੂਰੀ ਨਹੀਂ !

ਚੰਗਾ ਹੋਵੇ ਜੇਕਰ ਤੁਸੀਂ ਅੱਗੋਂ ਤੋਂ ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣ ਲਈ ਅਤੇ ਆਪਣੀ ਚੌਧਰ ਦੀ ਭੁੱਖ ਮਿਟਾਉਣ ਲਈ 'ਦਿੱਲੀ ਇੰਡਸਟਰੀਅਲ ਕੋਆਪਰੇਟਿਵ ਸੁਸਾਇਟੀ ਵਿਸ਼ਵ ਸੰਮਲੇਨ' ਹੀ ਕਰਿਆ ਕਰੋ ? ਕਿਉਂਕਿ ਤੁਹਾਡੇ ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਮੁਖ ਸੱਜਣ ਡਾ: ਮਹੀਪ ਸਿੰਘ, ਡਾ: ਉਪਲ, ਬੀਬੀ ਬਚਿੰਤ ਕੌਰ, ਤਰਲੋਚਨ ਸਿੰਘ ਗਿੱਲ, ਗੁਰਦੀਪ ਸਿੰਘ ਚੌਹਾਨ ਅਤੇ ਸਟੀਫਨ ਗਿੱਲ ਇਸੇ ਸੁਸਾਇਟੀ ਦੇ ਹੀ ਪੁਰਜ਼ੇ ਹਨ। ਉਂਜ ਭਾਵੇਂ ਤੁਸੀਂ ਇਸ ਵਿਚ ਡਾ: ਮਹਿੰਦਰ ਕੌਰ ਗਿੱਲ, ਮਿੱਤਰ ਰਾਸ਼ਾ ਅਤੇ ਸੰਤੋਖ ਸਿੰਘ ਛੀਨਾ ਨੂੰ ਵੀ ਸ਼ਾਮਲ ਕਰ ਲਵੋ।

## ਪ੍ਰੋ: ਪ੍ਰੀਤਮ ਸਿੰਘ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਕੈਨੇਡਾ ਪਹੁੰਚ ਕੇ ਵਿਸ਼ਵ ਸੰਮੇਲਨ ਵਿਚ ਸ਼ਾਮਲ ਨ ਹੋਣਾ

ਪ੍ਰੀਤਮ ਸਿੰਘ P.C.S.ਜੀ, ਪ੍ਰੋ: ਪ੍ਰੀਤਮ ਸਿੰਘ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਹਿੰਦੁਸਤਾਨ ਪਰਤਨ ਤੋਂ ਪਹਿਲਾਂ ਕੈਨੇਡਾ ਦੇ ਸਭਨਾਂ ਚਰਚਿਤ ਲੇਖਕਾਂ ਨੂੰ ਮਿਲੇ ਸਨ। ਮਿਸੀਸਾਗਾ ਵਿਚ ਮੇਰੇ, ਨਵਤੇਜ ਭਾਰਤੀ, ਸੁਰਿੰਦਰ ਭਾਰਤੀ ਅਤੇ ਇਕਬਾਲ ਰਾਮੂਵਾਲੀਆ ਨਾਲ ਗਲਬਾਤ ਕਰਦਿਆਂ ਉਨ੍ਹਾਂ ਦਸਿਆ ਕਿ ਜਦੋਂ ਕੈਨੇਡਾ ਦੇ ਲੇਖਕ ਹੀ ਇਕ ਸੁਰ ਨਹੀਂ ਤਾਂ ਉਹ ਆਪਣੀ ਇਕੱਲੀ ਪੀਪਣੀ ਕਿਉਂ ਵਜਾਈ ਫਿਰਨ ? ਅਤੇ ਉਹਨਾਂ ਨੇ ਮੇਰੇ ਸਾਹਮਣੇ 'ਸਾਂਝ ਸਵੇਰਾ' ਵਾਲਿਆਂ ਨੂੰ 'ਵਿਸ਼ਵ ਸੰਮੇਲਨ' ਬਾਰੇ ਆਪਣਾ ਬਿਆਨ ਦਿਤਾ। ਜੇਕਰ ਕੈਨੇਡਾ ਦੇ ਲੇਖਕ ਉਨ੍ਹਾਂ ਨੂੰ ਟਰਾਂਟੋ ਤੋਂ ਵੈਨਕੂਵਰ ਬੁਲਾ ਸਕਦੇ ਸਨ ਤਾਂ ਟਰਾਂਟੋ ਤੋਂ ਦਿੱਲੀ ਦੀ ਨਵੀਂ ਟਿਕਟ ਵੀ ਖਰੀਦ ਕੇ ਦੇ ਸਕਦੇ ਸਨ। ਪ੍ਰੋ: ਪ੍ਰੀਤਮ ਸਿੰਘ ਹੋਰਾਂ ਦੀ ਉਦਾਸੀਨਤਾ ਦਾ ਅਸਲ ਕਾਰਨ ਕੈਨੇਡਾ ਦੇ ਪੰਜਾਬੀ ਲੇਖਕਾਂ ਵਲੋਂ ਸੰਮੇਲਨ ਦਾ ਬਾਈਕਾਟ ਕੀਤਾ ਜਾਣਾ ਸੀ ਅਤੇ ਇਸ ਬਾਰੇ ਉਨ੍ਹਾਂ ਨੂੰ ਹਰ ਤਰਾਂ ਦੀ ਪੂਰੀ ਜਾਣਕਾਰੀ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਕੈਨੇਡਾ ਦੇ ਪੰਜਾਬੀਆਂ ਨੂੰ ਅਖੌਤੀ ਵਿਸ਼ਵ ਸੰਮੇਲਨ ਵਿਚ ਕੋਈ ਦਿਲਚਸਪੀ ਨਹੀਂ।

## 6. ਵਿਸ਼ਵ ਸੰਮੇਲਨ ਵਾਸਤੇ ਪ੍ਰਾਪਤ ਕੀਤੀਆਂ ਸਰਕਾਰ/ਗੈਰ ਸਰਕਾਰੀ ਗ੍ਰਾਂਟਾਂ ਕਿੱਥੇ ਗਈਆਂ ?

ਵਿਸ਼ਵ ਸੰਮੇਲਨ ਵਾਸਤੇ ਹਜ਼ਾਰਾਂ ਡਾਲਰਾਂ ਦੀਆਂ ਸਰਕਾਰੀ ਗ੍ਰਾਂਟਾਂ ਮਾਂਜੀਆਂ ਗਈਆਂ ਹਨ। ਪ੍ਰੀਤਮ ਸਿੰਘ P.C.S. ਜੀ, ਤੁਹਾਡੇ ਆਪਣੇ ਕਹਿਣੇ ਅਨੁਸਾਰ, ਹਰੇਕ ਡੈਲੀਗੇਟ ਦੀ ਰਹਾਇਸ਼ ਦਾ ਪ੍ਰਬੰਧ ਅਟਵਾ ਦੇ ਕਿਸੇ ਪੰਜਾਬੀ ਪਰਵਾਰ ਦੇ ਘਰ ਕੀਤਾ ਹੋਇਆ ਸੀ। ਸ਼੍ਰੀਮਾਨ ਜੀ, ਫਿਰ ਇਹਨਾਂ ਹਜ਼ਾਰਾਂ ਡਾਲਰਾਂ ਦਾ ਕੀ ਬਣਿਆ ? ਕੁਝ ਇਸਦੀ ਵੀ ਚਰਚਾ ਕਰੋ ? ਕੀ ਪੰਜਾਬ ਸਰਕਾਰ ਤੋਂ ਵੀ ਕੋਈ ਪੈਸਾ ਬਟੋਰਿਆ ਗਿਆ ਹੈ ?(ਖੁਦਾ ਖ਼ੈਰ ਕਰੇ! ਕਿਹੜੀਆਂ ਗੱਲਾਂ ਵਿਚ ਪੈ ਗਏ !) ਸੁਣਿਆ ਹੈ ਆਪਦੇ ਸੰਮੇਲਨ ਦੇ ਕੁਝ ਪ੍ਰਬੰਧਕ ਹੁਣ ਪਰਵਾਰਾਂ ਸਮੇਤ ਭਾਰਤ ਦਰਸ਼ਨ ਲਈ ਰਵਾਨਾ ਹੋ ਰਹੇ ਹਨ। ਕੀ ਇਹ ਇਹਨਾਂ ਗ੍ਰਾਂਟਾਂ ਦਾ ਹੀ ਕਮਾਲ ਤਾਂ ਨਹੀਂ ?

ਲੋਕਾਂ ਦੇ ਨਾਮ ਉਤੇ ਵਸੂਲ ਕੀਤੀਆਂ ਹਜ਼ਾਰਾਂ ਡਾਲਰਾਂ ਦੀਆਂ ਗ੍ਰਾਂਟਾਂ ਦਾ ਕੋਈ ਹਿਸਾਬ ਤਾਂ ਦਿਖਾਓ ?

## 7. ਬਾਹਰੋਂ ਆਏ ਲੇਖਕਾਂ ਦਾ ਘਟੀਆ ਪੱਧਰ ਅਤੇ ਉਨ੍ਹਾਂ ਦੀ ਦੁਰਦਸ਼ਾ ?

ਪ੍ਰੀਤਮ ਸਿੰਘ P.C.S. ਜੀ, ਤੁਹਾਡੇ ਅਖੌਤੀ ਸੰਮੇਲਨ ਦੇ ਕੁਝ ਪ੍ਰਬੰਧਕ ਹੁਣ ਤਾਂ ਏਥੋਂ ਤਕ ਵੀ ਕਹਿੰਦੇ ਸੁਣੇ ਗਏ ਹਨ ਕਿ ਬਾਹਰੋਂ ਆਏ ਲੇਖਕਾਂ ਨੂੰ ਕਿਸੇ ਸੰਮੇਲਨ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਕੈਨੇਡਾ ਵਿਚ ਸ਼ਰਾਬਾਂ ਪੀਣ ਤੇ ਰੰਗ ਰਲੀਆ ਮਨਾਉਣ ਆਏ ਸਨ। ਉਨ੍ਹਾਂ ਬਾਹਰੋਂ ਆਏ ਲੇਖਕਾਂ ਦਾ ਆਪਣਾ ਪੱਧਰ ਹੀ ਜਦੋਂ ਘਟੀਆ ਸੀ ਤਾਂ ਉਹ ਸੰਮੇਲਨ ਦੇ ਪ੍ਰਬੰਧਕਾਂ ਤੋਂ ਕੀ ਆਸ ਰਖਦੇ ਸਨ ? ਸੰਮੇਲਨ ਦੇ ਮੁਖ ਪ੍ਰਬੰਧਕਾਂ ਨੇ ਅਜਿਹੇ ਸ਼ੁਭ ਬਚਨ ਉਦੋਂ ਦੇ ਉਚਾਰਨੇ ਸ਼ੁਰੂ ਕੀਤੇ ਹੋਏ ਹਨ ਜਦੋਂ ਦਾ ਉਹਨਾ ਨੂੰ ਪਤਾ ਲੱਗਣਾ ਸ਼ੁਰੂ ਹੋ ਗਿਆ ਸੀ ਕਿ ਹਰਭਜਨ ਸਿੰਘ ਰਤਨ, ਦੀਪਕ ਮਨਮੋਹਨ ਸਿੰਘ ਅਤੇ ਬੀਬੀ ਬਚਿੰਤ ਕੌਰ ਹੋਰਾਂ ਨੇ ਕੈਨੇਡਾ ਵਿਚ ਆਪਣੇ ਰਿਸ਼ਤੇਦਾਰਾਂ/ਦੋਸਤਾਂ ਸਾਹਮਣੇ ਇਸ ਸੰਮੇਲਨ ਦੀ ਘਟੀਆ ਪੱਧਰ ਅਤੇ ਇਸ ਵਿਚ ਝੱਲੀ ਨਮੋਸ਼ੀ ਦਾ ਜ਼ਿਕਰ ਕਰਨਾ ਸ਼ੁਰੂ ਕਰ ਦਿਤਾ ਸੀ। ਟਰਾਂਟੋ ਦੀ ਸਿਖ ਯੂਥ ਫੈਡਰੇਸ਼ਨ ਦੇ ਕੁਝ ਪ੍ਰਬੰਧਕਾਂ ਨੇ ਵੀ ਇਸ ਗੱਲ ਦਾ ਇੰਕਸ਼ਾਫ ਕੀਤਾ ਹੈ ਕਿ ਬਾਹਰੋਂ ਆਏ ਲੇਖਕਾਂ ਨੂੰ ਟਰਾਂਟੋ ਵਿਚ ਦਿਤਾ ਗਿਆ ਡਿਨਰ ਵੀ (ਜਿਸਦਾ ਵਿਸ਼ਵ ਸੰਮੇਲਨ ਕਮੇਟੀ ਨਾਲ ਕੋਈ ਨਾਤਾ ਨਹੀਂ ) ਅਸਲ ਵਿਚ ਲੇਖਕਾਂ ਦੀ ਕੈਨੇਡਾ ਵਿਚ ਹੋਈ ਦੁਰਦਸ਼ਾ ਨੂੰ ਕੁਝ ਘਟਾਉਣ ਦਾ ਇਕ ਬਹਾਨਾ ਹੀ ਸੀ। (ਭਾਵੇਂ ਕਿ ਸਾਨੂੰ ਦੁੱਖ ਹੈ ਕਿ ਡਾ: ਜਗਤਾਰ ਹੋਰਾਂ ਵਰਗੇ ਸਤਿਕਾਰ ਯੋਗ ਲੇਖਕਾਂ ਨੂੰ ਵੀ ਕੈਨੇਡਾ ਵਿਚ ਅਜੇਹੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ)

## 8.'ਨਵੀਂ ਧਰਤੀ' ਅਤੇ 'ਕੈਨੇਡਾ ਦਰਪਣ' ਅਖਬਾਰਾਂ ਦਾ ਸ਼ੁਰੂ ਹੋਣਾ

ਕੈਨੇਡਾ ਦੀਆਂ ਖਾਲਿਸਤਾਨ ਪੱਖੀ ਅਖਬਾਰਾਂ ਨੇ ਜਿਸ ਤਰਾਂ ਅਖੌਤੀ ਵਿਸ਼ਵ ਸੰਮੇਲਨ ਦੀਆਂ ਝੂਠੀਆਂ ਅਤੇ ਮਨਘੜਤ ਰੀਪੋਰਟਾਂ ਬਣਾ ਬਣਾ ਕੇ ਛਾਪੀਆਂ ਹਨ ਉਨ੍ਹਾਂ ਦਾ ਪਰਦਾ ਫਾਸ਼ ਕਰਨ ਲਈ ਅਤੇ ਲੋਕਾਂ ਨੂੰ ਸਹੀ ਸੇਧ ਦੇਣ ਲਈ ਕੈਨੇਡਾ ਵਿਚੋਂ 'ਨਵੀਂ ਧਰਤੀ' ਅਤੇ 'ਕੈਨੇਡਾ ਦਰਪਣ' ਅਖਬਾਰਾਂ ਹੋਂਦ ਵਿਚ ਆਈਆਂ ਹਨ। ਤਾਂ ਕਿ ਕੈਨੇਡਾ ਦੇ ਪੰਜਾਬੀ ਪਾਠਕਾਂ/ਲੇਖਕਾਂ ਨੂੰ ਵਧੀਆ ਪਤਰਕਾਰੀ ਨਾਲ ਜੋੜਿਆ ਜਾ ਸਕੇ। ਅਤੇ ਲੋਕਾਂ ਨੂੰ ਭਾੜੇ ਦੇ ਟੱਟੂ ਕਿਸਮ ਦੇ ਸੰਪਾਦਕਾਂ ਤੋਂ ਬਚਾਇਆ ਜਾ ਸਕੇ। ਮਾਫ਼ ਕਰਨਾ ਇਹ ਮੇਰੀ ਰਾਇ ਨਹੀਂ,ਕੈਨੇਡਾ ਦੇ ਪੰਜਾਬੀਆਂ ਦੀ ਰਾਇ ਹੈ।

## 9. ਸੰਮੇਲਨ ਵਿਚ ਪੜ੍ਹੇ ਜਾਣ ਵਾਲੇ ਅਤੇ ਪੜ੍ਹੇ ਗਏ ਪਰਚੇ ?

ਪ੍ਰੀਤਮ ਸਿੰਘ P.C.S. ਜੀ, ਤੁਹਾਡੇ ਸੰਮੇਲਨ ਵਿਚ ਪਰਚੇ ਪੜ੍ਹਨ ਵਾਲੇ ਸੱਜਣ ਸੁਖਪਾਲਵੀਰ ਸਿੰਘ ਹਸਰਤ, ਸ਼ੇਰ ਸਿੰਘ ਕੰਵਲ, ਡਾ: ਐਚ. ਐਸ. ਢਿੱਲੋਂ ਤਾਂ ਪਹੁੰਚੇ ਹੀ ਨਹੀਂ ! ਸੁਣਿਆ ਹੈ ਕਿ ਹਫੜਾ ਦਫੜੀ ਵਿਚ ਬਹੁਤੇ ਲੇਖਕਾਂ (?) ਨੇ ਆਪਣੇ ਪਰਚੇ ਅਟਵਾ ਦੇ ਬੱਸ ਅੱਡੇ ਉਤੇ ਬੈਠਕੇ 15, 15 ਮਿੰਟਾਂ ਵਿਚ ਝਰੀਟੇ ਸਨ ? ਅਤੇ ਕਈਆਂ ਨੇ ਲਿਖਣ ਦੀ ਵੀ ਖੇਚਲ ਨਹੀਂ

(ਬਾਕੀ ਪੰਨਾ 19 ਤੇ)

**ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ**

ਇਨਕਮ ਟੈਕਸ ਫਾਰਮ ਭੇਜਣ ਦਾ ਵਕਤ ਜਲਦੀ ਆ ਰਿਹਾ ਹੈ—ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ .........ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....

ਟੈਲੀਫ਼ੋਨ : 321-2132

**BAINS TAX & ACCOUNTING SERVICE**

**6679 MAIN ST.—2nd FLOOR(at51st. Ave)**

**VANCOUVER, B.C.**

**TELEPHONE:321-2132**

**WE PROVIDE**

**YEAR ROUND PROFESSIONAL SERVICES**

**ACCOUNTING,BOOKKEEPING,COMPANY FORMATION & CONSULTATION**

**FEE REASONABLE**

## ਦਿੱਲੀ ਚੋਣਾਂ ਵਿਚ ਕਈ ਬਾਗੀ ਉਮੀਦਵਾਰ

ਨਵੀਂ ਦਿੱਲੀ— ਵੱਖ ਵੱਖ ਸਰਮਾਏਦਾਰ ਪਾਰਟੀਆਂ ਦੇ ਦਿੱਲੀ ਮੈਟਰੋਪੋਲੀਟਨ ਕੌਂਸਲ ਦੇ ਪੰਜ ਹਲਕਿਆਂ ਅਤੇ ਮਿਉਂਸਪਲ ਕਾਰਪੋਰੇਸ਼ਨ ਦੇ ਚਾਰ ਹਲਕਿਆਂ ਵਿਚ ਬਾਗੀ ਉਮੀਦਵਾਰ ਚੋਣ ਮੈਦਾਨ ਵਿਚ ਡਟੇ ਹੋਏ ਹਨ। ਇੰਕਾ ਦੇ ਸਭ ਤੋਂ ਵੱਧ 10 ਬਾਗੀ ਉਮੀਦਵਾਰ ਹਨ ਜਦੋਂ ਕਿ ਭਾਜਪਾ ਦੇ ਇਸਦੇ ਸਹਿਯੋਗੀ ਵੀ ਬਾਗੀ ਉਮੀਦਵਾਰਾਂ ਤੋਂ ਮੁਕਤ ਨਹੀਂ ਹਨ। ਇਸ ਦਾ ਸ਼ਕੂਰ ਬਸਤੀ ਮੈਟਰੋਪੁਲੀਟਨ ਹਲਕੇ ਵਿਚ ਇਕ ਬਾਗੀ ਉਮੀਦਵਾਰ ਮੈਦਾਨ ਵਿਚ ਅਤੇ ਇਸਦੇ ਭਾਈਵਾਲ ਲੋਕ(ਦ) ਦੇ ਈਸਾਪੁਰ ਵਾਰਡ ਹਲਕੇ ਵਿਚ 3 ਬਾਗੀ ਉਮੀਦਵਾਰ ਹਨ। ਜਨਤਾ ਪਾਰਟੀ ਦਾ ਸ਼ਾਦੀ ਪੁਰ ਮੈਟਰੋਪੋਲੀਟਨ ਸੀਟ ਤੇ ਇਕ ਅਤੇ ਅਨੰਦਪਰਬਤ ਵਾਰਡ ਤੋਂ ਤਿੰਨ ਬਾਗੀ ਉਮੀਦਵਾਰ ਮੈਦਾਨ ਵਿਚ ਹਨ।

## ਟੌਹੜਾ ਦਾ ਬਿਆਨ ਸ਼ਰਮਨਾਕ

ਜਲੰਧਰ — ਜਨਤਾ ਪਾਰਟੀ ਦੇ ਪੰਜਾਬ ਦੇ ਦਫਤਰ ਸਕੱਤਰ ਗਿਆਨ ਚੰਦ ਨੇ ਅਕਾਲੀ ਲੀਡਰਾਂ ਗੁਰਚਰਨ ਸਿੰਘ ਟੌਹੜਾ ਅਤੇ ਡਾਕਟਰ ਰਾਜਿੰਦਰ ਕੌਰ ਦੇ ਇਸ ਬਿਆਨ ਨੂੰ ਗੈਰ-ਜਮਹੂਰੀ ਜ਼ਿੰਮੇਵਾਰਨਾ ਅਤੇ ਫਿਰਕੂ ਦਸਿਆ ਹੈ ਕਿ ਜਾਇਦਾਦ ਬਿਨਾਂ ਗੈਰ ਪੰਜਾਬੀਆਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕੀਤਾ ਜਾਵੇ।

ਉਤਰ ਪਰਦੇਸ਼ ਕਲਿਆਨ ਪਰੀਸ਼ਦ ਦੇ ਪਰਧਾਨ ਸ੍ਰੀ ਜੇ. ਪੀ. ਸਿੰਘ ਅਤੇ ਜਨਰਲ ਸੈਕਟਰੀ ਸ੍ਰੀ ਸੁਗਰੀਵ ਸਿੰਘ ਨੇ ਵੀ ਟੌਹੜਾ ਦੇ ਬਿਆਨ ਨੂੰ ਨਾ ਸਿਰਫ ਸ਼ਰਮਨਾਕ ਸਗੋਂ ਵਿਧਾਨ ਦੇ ਬਿਲਕੁਲ ਖਿਲਾਫ ਕਰਾਰ ਦਿਤਾ।

## ਨੌਵੇਂ ਫਿਲਮੀ ਮੇਲੇ 'ਚ 50 ਦੇਸ਼ ਭਾਗ ਲੈਣਗੇ

ਨਵੀਂ ਦਿੱਲੀ :—ਭਾਰਤ ਵਿਚ ਹੋਣ ਵਾਲੇ ਨੌਵੇਂ ਅੰਤਰਰਾਸ਼ਟਰੀ ਫਿਲਮੀ ਮੇਲੇ ਵਿਚ 50 ਦੇਸ਼ਾਂ ਦੀਆਂ ਫਿਲਮਾਂ ਦਿਖਾਈਆ ਜਾਣਗੀਆਂ ਇਹਨਾ ਦੇਸ਼ਾਂ ਵਿਚ 22 ਦੇਸ਼ ਤੀਜੀ ਦੁਨੀਆ ਨਾਲ ਸਬੰਧਤ ਹਨ।

ਉਦਘਾਟਨੀ ਰਸਮ ਦੇ ਸਮਾਰੋਹਾਂ ਵਿਚ ਸ੍ਰੀ ਅਦੂਰ ਗੋਪਾਲਾ ਕ੍ਰਿਸ਼ਨਨ ਨੂੰ, ਜੋ ਕਿ ਫੈਸਟੀਵਲ ਜਿਊਰੀ ਦੇ ਮੈਂਬਰ ਹਨ ਅਤੇ ਜਿਹਨਾਂ ਦੀ ਫਿਲਮ 'ਐਲੀਪਾਖੱਯਾਮ' (ਦੀ ਰੇਟ ਟਰੇਪ) ਨੇ ਸ਼ਾਨਦਾਰ ਬ੍ਰਿਟਿਸ਼ ਫਿਲਮ ਇੰਸਟੀਚਿਊਟ ਅਵਾਰਡ ਜਿਤਿਆ ਹੈ, ਇਹ ਅਵਾਰਡ ਪਰਦਾਨ ਕੀਤਾ ਜਾਵੇਗਾ। ਸ੍ਰੀ ਗੋਪਾਲਾ ਕ੍ਰਿਸ਼ਨਨ ਇਹ ਅਵਾਰਡ ਪ੍ਰਾਪਤ ਕਰਨ ਵਾਲੇ ਦੂਜੇ ਭਾਰਤੀ ਹਨ. ਇਸਤੋਂ ਪਹਿਲਾਂ ਸ੍ਰੀ ਸਤਿਆਜੀਤ ਰੇਅ ਨੇ ਇਹ ਅਵਾਰਡ ਜਿਤਿਆ ਸੀ।

## ਮਹੰਤ ਨੇ ਸੰਤ ਤੋਂ ਅਸਤੀਫ਼ਾ ਮੰਗਿਆ

ਲੁਧਿਆਣਾ:—ਅਕਾਲੀ ਦਲ ਦੇ ਸਾਬਕ ਜਨਰਲ ਸਕੱਤਰ ਮਹੰਤ ਸੇਵਾਦਾਸ ਨੇ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਿਹਾ ਹੈ ਕਿ ਉਹ ਮੋਰਚੇ ਦੀ ਡਿਕਟੇਟਰੀ ਤੋਂ ਤੁਰੰਤ ਅਸਤੀਫ਼ਾ ਦੇ ਦੇਣ ਕਿਉਂਕਿ ਪੰਜਾਬੀਆਂ ਅਤੇ ਖਾਸ ਤੌਰ ਤੇ ਸਿਖਾਂ ਦੇ ਉਦੇਸ਼ ਨੂੰ ਧੱਕਾ ਲੱਗਣ ਦੀ ਜ਼ਿੰਮੇਵਾਰੀ ਉਹਨਾਂ ਉਤੇ ਹੈ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਮਹੰਤ ਨੇ ਸੰਤ ਨੂੰ ਕਿਹਾ ਜੇਕਰ ਕੇਂਦਰ ਅਕਾਲੀ ਵਾਰਤਾ ਫੇਲ ਹੋ ਜਾਂਦੀ ਹੈ ਤਾਂ ਉਹਨਾ ਨੂੰ ਚਾਹੀਦਾ ਹੈ ਕਿ ਉਹ 27 ਜਨਵਰੀ ਤੋਂ ਉਹਨਾ ਵਲੋਂ ਸ਼ੁਰੂ ਕੀਤੇ ਜਾ ਰਹੇ ਮਰਨ ਵਰਤ ਦੀ ਹਮਾਇਤ ਕਰਨ। ਮਹੰਤ ਨੇ ਕਿਹਾ ਸੰਤ ਸਿੱਖਾਂ ਲਈ ਮੁਝ ਵੀ ਪ੍ਰਾਪਤ ਕਰਨ ਵਿਚ ਅਸਫਲ ਰਿਹਾ ਹੈ।

## ਚੀਨ-ਸੋਵੀਅਤ ਗੱਲਬਾਤ

ਬੀਜਿੰਗ:—ਚੀਨ ਅਤੇ ਸੋਵੀਅਤ ਯੂਨੀਅਨ ਵਿਚਕਾਰ ਗੱਲਬਾਤ ਦੀ ਅਗਲੀ ਤਰੀਕ ਤੈਅ ਕਰਨ ਲਈ ਗਲਬਾਤ ਸ਼ੁਰੂ ਹੋ ਰਹੀ ਹੈ। ਇਸ ਮੀਟਿੰਗ ਵਿਚ ਚੀਨ ਸੋਵੀਅਤ ਸਬੰਧਾਂ ਨੂੰ ਹੋਰ ਸੰਘਣੇ ਅਤੇ ਮਜਬੂਤ ਬਣਾਉਣ ਲਈ ਅਗਲੇ ਗੇੜ ਦੀ ਗਲਬਾਤ ਸਬੰਧੀ ਮੁਢਲੀ ਵਾਰਤਾ ਹੋਵੇਗੀ

ਚੀਨੀ ਸੂਤਰਾਂ ਨੇ ਕਿਹਾ ਹੈ ਕਿ ਉਂਝ ਅਗਲੀ ਗੱਲਬਾਤ ਰਸਮੀ ਨਹੀਂ ਹੋਵੇਗੀ ਅਤੇ ਇਹ ਮਾਰਚ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਨਹੀਂ ਹੈ।

ਦੋਹਾਂ ਦੇਸ਼ਾਂ ਵਿਚਕਾਰ ਗਲਬਾਤ ਦਾ ਪਹਿਲਾ ਦੌਰ ਅਕਤੂਬਰ ਵਿਚ ਹੋਇਆ ਸੀ ਅਤੇ ਇਹ ਦਸੰਬਰ 1979 ਤੋਂ ਬਾਅਦ ਦੋਹਾਂ ਦੇਸ਼ਾਂ ਵਿਚਕਾਰ ਹੋਈ ਕਿਸੇ ਵੀ ਮੀਟਿੰਗ ਦਾ ਪਹਿਲਾ ਮੌਕਾ ਸੀ।

## ਪ੍ਰਾਈਵੇਟ ਕਾਲਜਾਂ ਤੇ ਮੁਲਾਜ਼ਮਾਂ ਦੇ ਸੇਵਾ ਸੁਰੱਖਿਆ ਕਾਨੂੰਨ ਵਿਚ ਸੋਧ

ਜਲੰਧਰ:—ਪੰਜਾਬ ਦੇ ਸਭ ਪ੍ਰਾਈਵੇਟ ਕਾਲਜਾਂ ਦੇ ਮੁਲਾਜ਼ਮਾਂ ਦੇ ਸੇਵਾ ਸੁਰਖਿਆ ਕਾਨੂੰਨ —1974 ਵਿਚ ਸੋਧ ਕਰ ਦਿਤੀ ਗਈ ਹੈ। ਇਹ ਸੋਧ ਮੁਅਤਲੀ ਅਤੇ ਤਰੱਕੀ ਦੇ ਨੇਮਾਂ ਵਿਚ ਕੀਤੀ ਗਈ ਹੈ। ਜਿਸ ਸੋਧ ਨਾਲ ਕਾਲਜਾਂ ਦੇ ਪ੍ਰਿੰਸੀਪਲਾਂ, ਲੈਕਚਰਾਰਾਂ, ਅਤੇ ਨਾਨ ਟੀਚਿੰਗ ਸਟਾਫ ਦੇ ਕੋਈ ਪੰਜ ਹਜ਼ਾਰ ਮੁਲਾਜ਼ਮਾਂ ਨੂੰ ਲਾਭ ਮਿਲੇਗਾ।

ਸਰਵਿਸ ਐਕਟ ਵਿਚ ਸੋਧ ਬਾਰੇ ਇਹ ਆਰਡੀਨੈਂਸ ਪੰਜਾਬ ਦੇ ਗਵਰਨਰ ਸ੍ਰੀ ਚੰਨਾ ਰੈਡੀ ਨੇ ਚੰਡੀਗੜ੍ਹ ਤੋਂ ਜਾਰੀ ਕੀਤਾ।

ਇਥੇ ਇਹ ਵਰਨਣਯੋਗ ਹੈ ਕਿ ਪ੍ਰਾਈਵੇਟ ਕਾਲਜ ਟੀਚਰ ਯੂਨੀਅਨ ਬੜੇ ਲੰਮੇ ਸਮੇਂ ਤੋਂ ਇਸ ਕਾਨੂੰਨ ਵਿਚ ਸੋਧ ਦੀ ਮੰਗ ਕਰ ਰਹੀ ਸੀ। ਅਤੇ ਯੂਨੀਅਨ ਨੇ ਇਸ ਸਾਲ ਵਿਚ ਇਸ ਮੰਗ ਲਈ ਕਈ ਹੜਤਾਲਾਂ ਤੇ ਮੁਜ਼ਾਹਰੇ ਵੀ ਕੀਤੇ ਹਨ।

## ਅਮਰੀਕਾ ਆਗਿਆਕਾਰ ਦੇਸ਼ਾਂ ਨਾਲ ਹੀ ਵਰਤਣਾ ਜਾਣਦਾ ਹੈ

### ਸਾਬਕਾ ਬਦੇਸ਼ ਸਕੱਤਰ ਕੌਲ ਦੀ ਰਾਏ

ਬੰਬਈ —ਭਾਰਤ ਦੇ ਸਾਬਕਾ ਬਦੇਸ਼ ਸਕੱਤਰ ਟੀ. ਐਨ. ਕੌਲ ਨੇ ਪ੍ਰਗਟਾਵਾ ਕੀਤਾ ਹੈ ਕਿ ਹਿੰਦ ਨੇ ਅਮਰੀਕਾ ਨੂੰ 1971 ਦੀ ਹਿੰਦ-ਸੋਵੀਅਤ ਦੋਸਤੀ ਸੰਧੀ ਦੇ ਢੰਗ ਦੀ ਸੰਧੀ ਦੀ ਪੇਸ਼ਕਸ਼ ਕੀਤੀ ਸੀ ਜੋ ਉਸਨੇ ਸਵੀਕਾਰ ਨਹੀਂ ਕੀਤੀ ਸੀ ਜੋ ਉਸਨੇ ਸਵੀਕਾਰ ਨਹੀਂ ਕੀਤੀ।

ਬੰਬਈ ਯੂਨੀਵਰਸਿਟੀ ਵਲੋਂ 'ਬਦਲ ਰਹੇ ਸੰਕਾਰ ਵਿਚ ਭਾਰਤ ਅਤੇ ਵੱਡੀਆਂ ਤਾਕਤਾਂ' ਵਿਸ਼ੇ ਤੇ ਕਰਾਈ ਗਈ ਗੋਸ਼ਟੀ ਵਿਚ ਬੋਲਦੇ ਹੋਏ ਉਹਨਾ ਕਿਹਾ ਕਿ ਅਮਰੀਕਾ ਦੀ ਸਮਸਿਆ ਇਹ ਹੈ ਕਿ ਉਹ ਆਪਣੇ ਇਤਿਹਾਦੀ ਜਾਂ ਆਗਿਆਕਾਰ ਦੇਸ਼ਾਂ ਨਾਲ ਹੀ ਵਰਤਣਾ ਗਿਝਿਆ ਹੋਇਆ ਹੈ। ਭਾਰਤ ਵਰਗੇ ਗੁਟਨਿਰਲੇਪ ਦੇਸ਼ ਨਾਲ ਦੋਸਤੀ ਅਤੇ ਆਪਸੀ ਆਦਰ ਮਾਣ ਦੇ ਆਧਾਰ ਉਤੇ ਨਹੀਂ।

ਅਮਰੀਕਾ ਅਤੇ ਸੋਵੀਅਤ ਸੰਘ ਵਿਚ ਰਾਜਦੂਤ ਰਹਿ ਚੁੱਕੇ ਸ੍ਰੀ ਕੌਲ ਨੇ ਕਿਹਾ ਕਿ ਪਾਕਿਸਤਾਨ ਵਿਚ ਅਮਰੀਕੀ ਹਥਿਆਰਾਂ ਦੀ ਭਰਮਾਰ ਨੇ ਉਪ ਮਹਾਂਦੀਪ ਵਿਚ ਫੌਜੀ ਸੰਤੁਲਨ ਨੂੰ ਵਿਗਾੜ ਦਿਤਾ ਹੈ ਅਤੇ ਹਥਿਆਰਾਂ ਦੀ ਦੌੜ ਸ਼ੁਰੂ ਕਰ ਦਿਤੀ ਹੈ। ਜਿਸਦੇ ਭਾਰ ਨੂੰ ਨਾ ਤਾਂ ਭਾਰਤ ਅਤੇ ਨਾ ਹੀ ਪਾਕਿਸਤਾਨ ਸਹਿ ਸਕਦਾ ਹੈ। ਉਹਨਾ ਚੀਨ ਅਤੇ ਪਾਕਿਸਤਾਨ ਨਾਲ ਆਮ ਵਰਗੇ ਅਤੇ ਦੋਸਤਾਨਾ ਸਬੰਧ ਕਾਇਮ ਕਰਨ ਦੇ ਯਤਨ ਦੀ ਪ੍ਰਸੰਸਾ ਕੀਤੀ।

## ਉਪ ਰਾਸ਼ਟਰਪਤੀ ਦਾ ਭਾਸ਼ਣ ਕੋਈ ਹੋਰ ਪੜ੍ਹ ਗਿਆ

ਬੰਬਈ —ਸਨਅਤਕਾਰ ਬਲਚੰਦ ਹੀਰਾ ਚੰਦ ਸ਼ਤਾਬਦੀ ਸਮਾਰੋਹ ਦੇ ਮੌਕੇ ਤੇ ਇਥੇ ਇਕ ਕਾਫੀ ਦਿਲਚਸਪ ਘਟਨਾ ਵਾਪਰੀ ਜਦੋਂ ਉਹ ਰਾਸ਼ਟਰਪਤੀ ਐਮ. ਹਦਾਇਤ ਉਲਾ ਵਲੋਂ ਆਪਣੇ ਲਈ ਤਿਆਰ ਕੀਤਾ ਗਿਆ ਤਿੰਨ ਸਫਿਆਂ ਦਾ ਭਾਸ਼ਣ ਉਹ ਨਾ ਪੜ੍ਹ ਸਕੇ ਕਿਉਂਕਿ ਉਹ ਭਾਸ਼ਣ ਸਨਅਤਕਾਰ ਭਰਤ ਰਾਮ ਨੇ ਭੁਲੇਖੇ ਨਾਲ ਪਹਿਲਾਂ ਹੀ ਪੜ੍ਹ ਦਿਤਾ ਸੀ। ਸ੍ਰੀ. ਹਦਾਹਿਤ ਉਲਾ ਨੂੰ ਬਿਨਾਂ ਤਿਆਰੀ ਦੇ ਹੀ ਭਾਸ਼ਣ ਦੇਣਾ ਪਿਆ। ਉਹਨਾ ਨੇ ਜਿਹੜਾ ਭਾਸ਼ਣ ਆਪਣੇ ਲਈ ਲਿਖਿਆ ਸੀ, ਜਦੋਂ ਸ੍ਰੀ ਭਰਤ ਰਾਮ ਨੇ ਉਸ ਭਾਸ਼ਣ ਦੇ ਦੋ ਸਫੇ ਪੜ੍ਹ ਲਏ ਪਰ ਸ੍ਰੀ ਭਰਤ ਰਾਮ ਨੂੰ ਇਸਦਾ ਪਤਾ ਨਾ ਲੱਗਾ ਕਿ ਉਹ ਕਿਹੜਾ ਭਾਸ਼ਣ ਪੜ੍ਹ ਰਹੇ ਹਨ। ਪਰ ਉਥੇ ਬੈਠੇ ਪੱਤਰਕਾਰਾਂ ਨੂੰ ਪਤਾ ਲੱਗ ਗਿਆ ਕਿ ਸ੍ਰੀ ਭਰਤ ਰਾਮ ਗਲਤ ਭਾਸ਼ਣ ਪੜ੍ਹ ਰਹੇ ਹਨ। ਸ੍ਰੀ ਹਦਾਇਤ ਉਲਾ ਜਦੋਂ ਆਪਣਾ ਭਾਸ਼ਣ ਦੇਣ ਲਈ ਉਠੇ ਤਾਂ ਉਹਨਾ ਇਸਦਾ ਜ਼ਿਕਰ ਨਹੀਂ ਕੀਤਾ ਪਰ ਕਿਹਾ ਕਿ ਉਹ, ਉਹ ਗੱਲਾਂ ਨਹੀਂ ਦੁਹਰਾਉਣਾ ਚਾਹੁੰਦੇ ਜਿਹੜੀਆਂ ਪਿਹਲੇ ਬੁਲਾਰੇ ਨੇ ਕਹੀਆਂ ਹਨ।

## ਮੇਨਕਾ ਗਾਂਧੀ

ਜਲੰਧਰ —ਸੰਜੇ ਗਾਂਧੀ ਵਿਚਾਰ ਮੰਚ ਦੇ ਪ੍ਰਧਾਨ ਸ੍ਰੀ ਸ਼ਿਵਕਰਨ ਸਿੰਘ ਸੰਧੂ ਨੇ ਦਸਿਆ ਕਿ ਸ੍ਰੀਮਤੀ ਮੇਨਕਾ ਗਾਂਧੀ 23 ਮਾਰਚ ਨੂੰ ਪੰਜਾਬ ਆ ਰਹੀ ਹੈ।

## ਸੋਵੀ: ਯੂਨੀਅਨ ਤੇ ਪੀ. ਐਲ. ਓ. ਐਲਾਨ ਇਸਰਾਈਲ ਫ਼ੌਜਾਂ ਦੀ ਫ਼ੌਰਨ ਵਾਪਸੀ ਦੀ ਮੰਗ

ਮਾਸਕੋ —ਸੋਵੀਅਤ ਯੂਨੀਅਨ ਅਤੇ ਫਲਸਤੀਨੀ ਮੁਕਤੀ ਜਥੇਬੰਦੀ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਫੈਸਲਿਆਂ ਅਨੁਸਾਰ ਲਿਬਨਾਨ ਵਿਚੋਂ ਇਸਰਾਈਲ ਫੌਜਾਂ ਦੀ ਵਾਪਸੀ ਦੀ ਮੰਗ ਕੀਤੀ ਹੈ। ਤਾਸ ਦੀ ਖਬਰ ਅਨੁਸਾਰ ਪੀ. ਐਲ. ਓ. ਚੇਅਰਮੈਨ ਯਾਸਰ ਅਰਾਫਾਤ ਦੇ ਦੌਰੇ ਦੀ ਸਮਾਪਤੀ ਉਤੇ ਜਾਰੀ ਕੀਤੇ ਗਏ ਇਕ ਸਾਂਝੇ ਐਲਾਨਨਾਮੇ ਵਿਚ ਫਲਸਤੀਨੀ ਸ਼ਰਨਾਰਥੀ ਕੈਂਪਾਂ ਵਿਚ ਕਤਲੇਆਮ ਹਜ਼ਾਰਾਂ ਫਲਸਤੀਨੀਆਂ ਤੇ ਲਿਬਨਾਨੀਆਂ ਨੂੰ ਕੈਦੀ ਬਣਾਉਣ ਅਤੇ ਉਹਨਾਂ ਨੂੰ ਜੰਗੀ ਕੈਦੀ ਸਮਝਣ ਤੋਂ ਇਲਕਾਰ ਕਰਨ ਲਈ ਇਸਰਾਈਲ ਦੀ ਨਿਖੇਧੀ ਕੀਤੀ। ਐਲਾਨਨਾਮੇ ਵਿਚ ਕਿਹਾ ਗਿਆ ਕਿ ਦੋਹਾਂ ਧਿਰਾਂ ਨੇ ਇਸਰਾਈਲ ਨੂੰ ਹਥਿਆਰ ਅਤੇ ਮਾਲੀ ਮਦਦ ਦੇਣ ਕਰਕੇ ਅਮਰੀਕਾ ਨੂੰ ਵੀ ਦੋਸ਼ੀ ਠਹਿਰਾਇਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਪਰਧਾਨ ਰੋਨਾਲਡ ਰੀਗਨ ਦੀ ਅਮਨ ਯੋਜਨਾ ਦਾ ਮਕਸਦ ਫਲਸਤੀਨੀ ਰਾਜ ਨੂੰ ਕਾਇਮ ਹੋਣ ਤੋਂ ਰੋਕਣਾ ਅਤੇ ਪੱਛਮੀ ਏਸ਼ੀਆ ਸਮਝੌਤੇ ਵਿਚੋਂ ਪੀ. ਐਲ. ਓ. ਨੂੰ ਖਾਰਜ ਕਰਨਾ ਹੈ।

## ਅਮਰੀਕਾ ਵਿਚ ਵਸਦੇ ਭਾਰਤੀ

ਜਲੰਧਰ — ਅਮਰੀਕਾ ਵਿਚ ਛਪਦੇ ਇਕ ਪੰਦਰਾ ਰੋਜ਼ਾ ਅਖਬਾਰ 'ਲੰਦਨ ਦੇ ਸੰਪਾਦਕ ਸ੍ਰੀ ਮੁਕੰਦ ਮਹਿਰਾ ਜੋ ਕਿ ਭਾਰਤ ਗਏ ਹਨ ਨੇ ਦਸਿਆ ਕਿ ਅਮਰੀਕ ਵਿਚ ਰਹਿ ਰਹੇ 80000 ਭਾਰਤੀ ਲੋਕਾਂ ਵਿਚ 70 ਪ੍ਰਤੀਸ਼ਤ ਵਿਅਕਤੀਆਂ ਨੂੰ ਭਾਰਤ ਬਾਰੇ ਬਿਲਕੁਲ ਪਤਾ ਹੀ ਨਹੀਂ ਹੈ ਉਹਨਾਂ ਕਿਹਾ ਕਿ ਅਮਰੀਕਾ ਵਿਚ ਰਹਿੰਦੇ ਭਾਰਤੀ ਬਹੁਤ ਜ਼ਿਆਦਾ "ਸਵੈ-ਸੰਤੁਸ਼ਟ" ਹਨ ਅਤੇ ਉਹ ਭਾਰਤ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਜਾਣਕਾਰੀ ਲੈਣ ਦੀ ਵੀ ਕੋਸ਼ਿਸ਼ ਨਹੀਂ ਕਰਦੇ।

## ਨਵੀਂ ਨਿਆਂ ਪ੍ਰਣਾਲੀ ਦੀ ਲੋੜ

### ਜਸਟਿਸ ਭਗਵਤੀ ਵਲੋਂ ਮੌਜੂਦਾ ਨਿਆਂ ਪ੍ਰਣਾਲੀ ਪ੍ਰਬੰਧ ਤੇ ਵਾਰ

ਅਹਿਮਦਾਬਾਦ:— ਸੁਪਰੀਮ ਕੋਰਟ ਦੇ ਜਸਟਿਸ ਪੀ. ਐਨ. ਭਗਵਤੀ ਨੇ ਗਰੀਬਾਂ ਵਾਸਤੇ ਸਰਗਰਮ ਅਤੇ ਪ੍ਰਭਾਵਸ਼ਾਲੀ ਕਾਨੂੰਨੀ ਸਹਾਇਤਾ ਦੀ ਲੋੜ ਉਤੇ ਜ਼ੋਰ ਦਿਤਾ ਹੈ।

ਇਥੇ "ਸਰਗਰਮ ਸਮਾਜੀ ਗਰੁਪਾਂ ਵਲੋਂ ਕਾਨੂੰਨ ਦੀ ਪ੍ਰਭਾਵਸਾਲੀ ਵਰਤੋਂ" ਉਤੇ ਇਕ ਪੰਜ ਦਿਨਾ ਕੌਮਾਂਤਰੀ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਹੋਇਆਂ ਜਸਟਿਸ ਭਗਵਤੀ ਨੇ ਕਿਹਾ ਗਰੀਬੀ ਦੇਸ਼ ਦੀਆਂ ਸਮਾਜੀ ਆਰਥਿਕ ਸੰਸਥਾਵਾਂ ਦੇ ਕੰਮ ਦਾ ਢੰਗ ਦਾ ਨਤੀਜਾ ਹੈ।

ਜਸਟਿਸ ਭਗਵਤੀ ਨੇ ਕਿਹਾ ਕੇਂਦਰ ਅਤੇ ਸੂਬਾਈ ਸਰਕਾਰਾਂ ਵਲੋਂ ਸ਼ੁਰੂ ਕੀਤੇ ਗਏ ਬਹੁਤ ਸਾਰੇ ਆਰਥਿਕ ਸੁਧਾਰਾਂ ਵਲੋਂ ਪ੍ਰੋਗਰਾਮ ਗਰੀਬ ਲੋਕਾਂ ਤਤਕ ਪਹੁੰਚੇ ਨਹੀਂ ਹਨ। ਉਹਨਾ ਕਿਹਾ ਗਰੀਬ ਲੋਕ ਨਾ ਸਿਰਫ ਅਦਾਲਤਾ ਵਿਚ ਹੀ ਵੱਡੇ ਲੋਕਾਂ ਤੋਂ ਹਾਰ ਖਾਂਦੇ ਹਨ। ਸਗੋਂ ਆਮ ਕਾਰੋਬਾਰ ਵਿਚ ਵੀ ਵਡੇ ਲੋਕਾਂ ਤੋਂ ਹਾਰ ਖਾਂਦੇ ਹਨ। ਜਦੋਂ ਆਮ ਕਾਰੋਬਾਰ ਵਿਚ ਵੀ ਉਹ ਦਬਾਏ ਜਾਂਦੇ ਹਨ। ਉਹਨਾ ਨਾਲ ਪੁਲਸ ਵਲੋਂ ਕਦੇ ਚੰਗਾ ਸਲੂਕ ਨਹੀਂ ਕੀਤਾ ਜਾਂਦਾ —ਹਰੀਜਨਾਂ ਅਤੇ ਆਦਿਵਾਸੀਆਂ ਦੀਆਂ ਰੀਪੋਰਟਾਂ ਹੀ ਦਰਜ ਨਹੀਂ ਕੀਤੀਆਂ ਜਾਂਦੀਆਂ।

ਸ੍ਰੀ ਭਗਵਤੀ ਨੇ ਨਵੀਂ ਕਿਸਮ ਦੀ ਕਾਨੂੰਨ ਪ੍ਰਣਾਲੀ ਉਤੇ ਜ਼ੋਰ ਦਿਤਾ ਅਜੇਹੀ ਕਾਨੂੰਨ ਪ੍ਰਣਾਲੀ ਜਿਹੜੀ ਸਮਾਜੀ ਤਬਦੀਲੀ ਅਤੇ ਮੁੜਆਰਥਿਕ ਉਸਾਰੀ ਲਈ ਅਧਾਰ ਕਾਇਮ ਕਰੇ।

## 'ਨਹਿਰੂ' ਦੀ ਸ਼ੂਟਿੰਗ ਛੇਤੀ

ਨਵੀਂ ਦਿੱਲੀ— ਜਵਾਹਰ ਲਾਲ ਨਹਿਰੂ ਦੇ ਜੀਵਨ ਉਤੇ ਫਿਲਮ ਅਗਲੇ ਮਹੀਨੇ ਦੇ ਸ਼ੁਰੂ ਵਿਚ ਬਣਨੀ ਸ਼ੁਰੂ ਹੋ ਜਾਵੇਗੀ। ਇਹ ਫਿਲਮ ਹਿੰਦ ਤੇ ਸੋਵੀਅਤ ਯੂਨੀਅਨ ਮਿਲ ਕੇ ਬਣਾ ਰਹੇ ਹਨ।

ਸੋਵੀਅਤ ਯੂਨੀਅਨ ਦੀ ਸਿਨੇਮਾ ਫੋਟੋਗਰਾਫੀ ਬਾਰੇ ਕਮੇਟੀ ਦੇ ਡਿਪਟੀ ਚੀਫ ਐਡੀਟਰ ਸਾਥੀ ਈਗੋਰ ਸਾਦਚੀਕੋਵ, ਜਿਹੜੇ ਕਿ ਕੌਮਾਂਤਰੀ ਫਿਲਮ ਮੇਲੇ ਦੇ ਸਬੰਧ ਵਿਚ ਦਿੱਲੀ ਗਏ ਹਨ ਨੇ ਦਸਿਆ ਕਿ ਜਵਾਹਰ ਲਾਲ ਨਹਿਰੂ ਬਾਰੇ ਡਾਕੂਮੈਂਟਰੀ ਦੀ ਸ਼ੂਟਿੰਗ ਲਈ ਸੋਵੀਅਤ ਟੀਮ ਫਰਵਰੀ ਦੇ ਪਹਿਲੇ ਹਫਤੇ ਦਿੱਲੀ ਪੁੱਜ ਰਹੀ ਹੈ।

ਇਹ ਫਿਲਮ ਜਿਹੜੀ ਹਿੰਦ ਤੇ ਸੋਵੀਅਤ ਯੂਨੀਅਨ ਵਿਚ ਫਿਲਮਾਈ ਜਾਵੇਗੀ, ਹਿੰਦ ਦੇ ਸ਼ਿਆਮ ਬੈਨੇਗਲ ਤੇ ਸੋਵੀਅਤ ਯੂਨੀਅਨ ਦੇ ਇਕ ਹਦਾਇਤਕਾਰ ਦੀ ਅਗਵਾਈ ਵਿਚ ਬਣੇਗੀ।

## ਇਸ 'ਦਹਾਕੇ ਦੀ ਅਮਨ ਔਰਤ' ਅਤੇ 1982 ਦੇ ਮਹੱਤਵਪੂਰਨ ਵਿਅਕਤੀ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਦਿੱਲੀ ਦੀ ਇਕ ਸੰਸਥਾ ਕੌਮੀ ਉਸਾਰੀ ਅਸੰਬਲੀ ਵਲੋਂ "ਦਹਾਕੇ ਦੀ ਅਮਨ ਇਸਤਰੀ" ਦਾ ਖਿਤਾਬ ਦਿਤਾ ਗਿਆ ਹੈ।

ਅਸੰਬਲੀ ਦੀ ਅੱਜ ਹੋਈ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਅਤੇ ਕਿਹਾ ਗਿਆ ਕਿ 1971-89 ਦੀ ਦਹਾਕੇ ਦੀ 'ਮਹਾਨ' ਔਰਤ ਸ਼੍ਰੀਮਤੀ ਇੰਦਰਾ ਗਾਂਧੀ ਹੈ। ਉਸਨੇ ਅਮਨ ਦੇ ਸੰਘਰਸ਼ ਵਿਚ ਅਤੇ ਕੌਮਾਂਤਰੀ ਵਿਕਾਸ ਦੀ ਸੂਝ-ਸਮਝ ਨੂੰ ਹੋਰ ਤੇਜ਼ ਕਰਨ ਵਿਚ ਭਾਰੀ ਯੋਗਦਾਨ ਦਿਤਾ ਹੈ ਬਿਆਨ ਅਨੁਸਾਰ ਜੱਜਾਂ ਨੇ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੇ ਮੈਂਬਰਾਂ ਉਘੇ ਪੱਤਰਕਾਰਾਂ ਅਤੇ ਮਹੱਤਵਪੂਰਨ ਆਗੂਆਂ ਬਾਰੇ ਵਿਚਾਰ ਕੀਤਾ ਅਤੇ ਸਭਨਾਂ ਵਿਚੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਚੁਣਿਆ ਹੈ।

ਅਸੰਬਲੀ ਵਲੋਂ 1982 ਦੇ ਮਨੁੱਖ ਵਜੋਂ ਪੁਸਰਕਾਰ ਫਰਾਂਸ ਦੇ ਪ੍ਰਧਾਨ ਸ੍ਰੀ ਫਰਾਂਕੋ ਮਿਤਰਾਂ ਨੂੰ ਦਿਤਾ ਗਿਆ ਹੈ। ਇਹਨਾ ਤੋਂ ਬਿਨਾਂ ਸਾਊਦੀ ਅਰਬ. ਦੇ ਸ਼ਾਹ ਅਬਦੁਲ ਅਜ਼ੀਜ਼ ਇਰਾਕੀ ਪ੍ਰਧਾਨ ਸਦਾਮ ਹੁਸੈਨ ਅਤੇ ਦਖਣੀ ਕੋਰੀਆ ਦੇ ਪ੍ਰਧਾਨ ਚੁਨ ਦੂ ਹਵਾਨ ਨੂੰ ਵੀ ਵਿਸ਼ੇਸ਼ ਵਿਅਕਤੀ ਐਲਾਨ ਕੀਤਾ ਗਿਆ—'ਮੈਨ ਆਫ ਦੀ ਨੇਸ਼ਨ—1982' ਵਜੋਂ ਪਾਰਲੀਮੈਂਟ ਮਾਮਲਿਆਂ ਬਾਰੇ ਰਾਜ ਮੰਤਰੀ ਕੇ. ਐਲ. ਭਗਤ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੂੰ ਚੁਣਿਆ ਗਿਆ ਹੈ।

## ਦਰਬਾਰਾ ਸਿੰਘ ਨਾਲ ਮਤਭੇਦ ਨਹੀਂ--ਸ਼ਰਮਾ

ਨਵੀਂ ਦਿੱਲੀ—ਪੰਜਾਬ ਪਰਦੇਸ਼ ਕਾਂਗਰਸ ਕਮੇਟੀ (ਆਈ) ਦੇ ਪਰਧਾਨ ਹੰਸ ਰਾਜ ਸ਼ਰਮਾ ਨੇ ਇਹਨਾ ਖਬਰਾਂ ਦਾ ਖੰਡਨ ਕੀਤਾ ਹੈ ਕਿ ਉਸਦੇ ਮੁਖ ਮੰਤਰੀ ਦਰਬਾਰਾ ਸਿੰਘ ਨਾਲ ਕੁਛ ਮਤਭੇਦ ਹਨ। ਪਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨਾਲ ਮੀਟਿੰਗ ਤੋਂ ਬਾਅਦ ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ਼ਰਮਾ ਨੇ ਕਿਹਾ ਕਿ ਪੰਜਾਬ ਇੰਕਾ ਕਮੇਟੀ ਤੇ ਪਾਰਟੀ ਦੇ ਵਧਾਇਕ ਵਿੰਗ ਵਿਚ ਕੋਈ ਮਤਭੇਦ ਨਹੀਂ। ਉਹਨਾ ਕਿਹਾ ਕਿ ਇੰਕਾ ਪਾਰਟੀ ਨੂੰ ਅਕਾਲੀ ਲੀਡਰਾਂ ਦੀਆਂ ਧਾਰਮਿਕ ਮੰਗਾਂ ਸਵੀਕਾਰੇ ਜਾਣ ਤੇ ਕੋਈ ਇਤਰਾਜ਼ ਨਹੀਂ ਹੈ। ਉਹਨਾ ਕਿਹਾ ਕਿ ਆਥਿਕ ਆਰਥਿਕ ਤੇ ਰਾਜਨੀਤਕ ਮੰਗਾਂ ਬਾਰੇ ਇੰਕਾ ਪਾਰਟੀ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਮਕਸਦ ਦਾ ਹਿਕ ਮੈਮੋਰੰਡਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸ੍ਰੀ ਰਾਜੀਵ ਗਾਂਧੀ ਅਤੇ ਗ੍ਰਹਿ ਮੰਤਰੀ ਸੇਠੀ ਨੂੰ ਦਿਤਾ ਗਿਆ

ਆਰ ਪਾਰ ਆਪਾਂ, ਹਵਾ ਦਾ ਤੇਜ਼ ਦਰਿਆ,
ਧੂੜ ਦੀ ਮੰਝਧਾਰ ਸੀ ਸਾਡੇ ਵਿਚਾਲੇ।

**PATEL CONSTRUCTION**
**5088 VICTORIA DTIVE**
**VANCOUVER, B.C.**
**PH. 876-4580**
**Direct Pager 667-9887**

**For New & Old Houses Renovation—Sun Decks—Kitchens—Anything You want to Build**

ਨਵੇਂ ਘਰ ਬਣਾਉਣ ਲਈ, ਪੁਰਾਣੇ ਘਰਾਂ ਨੂੰ ਨਵਿਆਂ ਵਿਚ ਬਦਲਣ ਲਈ, ਪੁਰਾਣੇ ਘਰਾਂ ਦੀ ਮੁਰੰਮਤ ਲਈ ਸਨਡੈੱਕ - ਕਿਚਨ ਆਦਿ ਬਣਾਉਣ ਲਈ ਹਮੇਸ਼ਾ ਯਾਦ ਰੱਖੋ

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ, ਜ਼ਿਲਾ ਜਲੰਧਰ) ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨੇਡਾ ਦੀ ਜੀਵਨ ਗਾਥਾ।

(ਲੜੀਵਾਰ)

**ਕਿਸ਼ਤ ਛੇਵੀਂ**

ਕੇਸਰ ਸਿੰਘ ਨਾਵਲਿਸਟ



### ਕਾਂਡ 14

"ਅੱਧੀ ਰਾਤ ਲੰਘ ਚੁੱਕੀ ਹੋਣੀ ਐ, ਸ਼ੈਂਤ ਤੀਜਾ ਪਹਿਰ ਹੀ ਹੋ ਗਿਆ ਹੋਵੇ। ਮੈਂ ਜਾਗੋ ਉਤੇ ਬੈਠਾ ਬੈਠਾ ਊਂਘਲਾ ਰਿਹਾ ਸਾਂ। ਭਾਈ ਭਗਵਾਨ ਸਿਹੁੰ ਘੂਕ ਸੁੱਤਾ ਪਿਆ ਸੀ। ਅਚਾਨਕ ਵੱਡੇ ਗੇਟ ਦਾ ਬੂਹਾ ਖੜਕਿਆ। ਚੀਨੇ ਤੌਕੀ ਦਾ ਵੱਡਾ ਮੁੰਡਾ ਕਦੇ ਕਦੇ, ਕੋਈ ਮੁਟਿਆਰ ਲੈ ਕੇ ਕਾਰਖਾਨੇ ਆ ਵੜਦੇ। ਮੈਂ ਸੋਚਿਆ ਉਹੋ ਹੋਣੈ। ਜਦ ਬਾਹਰ ਤੱਕਿਆ ਤਾਂ ਇਕ ਚੀਨਾ ਖੜਾ ਸੀ ਕਹਿਣ ਲੱਗਾ—ਬੋਟ ਤਿਆਰ ਐ। ਝੱਟ ਪੱਟ ਕਰੋ।ਮੈਂ ਸਮਝ ਗਿਆ। ਮੈਂ ਭਾਈ ਨੂੰ ਜਗਾਇਆ। ਉਹ ਆਪਣੇ ਸੂਟ ਵਿਚ ਹੀ ਸੁੱਤਾ ਪਿਆ ਸੀ। ਉਹ ਝੱਟ ਪੱਟ ਉਠ ਕੇ ਖੜਾ ਹੋ ਗਿਆ। ਉਹਦੇ ਤੁਰਨ ਲਗਿਆਂ ਮੈਂ ਪੁਛਿਆ—ਕੋਈ ਸੁਨੇਹਾ ਪਤਾ। ਕਹਿਣ ਲੱਗਾ ਜ਼ਿੰਦਗੀ ਹੋਈ ਤਾਂ ਫਿਰ ਮਿਲਾਂਗੇ। ਚਤਰ ਸਿਹੁੰ ਉਡੀਕਦਾ ਹੋਣੈ। ਉਸੇ ਨੇ ਬੋਟ ਦਾ ਬੰਦੋਬਸਤ ਕੀਤੇ। ਇਕ ਵਾਰੀ ਸਿੰਘਾਂਪੁਰੋਂ ਨਿਕਲ ਜਾਵਾਂ। ਫੇਰ ਨਹੀਂ ਮੈਂ ਤੇਰੇ "ਮਾਤਾ ਗਲਾਵਾਂ" (ਖੁਫੀਆ ਪੁਲਸ) ਦੇ ਹੱਥ ਆਉਂਦਾ। ਜੋਗਾ ਸਿਹੁੰ ਨੂੰ ਹੋਰ ਪੱਕਾ ਕਰੀਂ।" ਕਹਿੰਦਾ ਉਹ ਬਿਨਾਂ ਹੱਥ ਮਿਲਾਏ, ਬਿਨਾਂ ਜੱਫੀ ਪਾਏ ਤੁਰਦਾ ਹੋਇਆ। ਮੈਂ ਉਹਨੂੰ ਚੀਨੇ ਨਾਲ ਭੱਜਾ ਜਾਂਦਾ ਵੇਖਦਾ ਰਹਿ ਗਿਆ। ਮੈਂ ਆਪਣੇ ਮਨ ਵਿਚ ਸੋਚਿਆ ਕਿ ਇਹਨਾਂ ਸਿਰਲੱਥ ਜੋਧਿਆਂ ਨੂੰ ਮੋਹ-ਪਿਆਰ ਦੀ ਕੀ ਗਿਆਨ ਹੋ ਸਕਦੈ। ਮੇਰੇ ਮਨ ਨੇ ਹੀ ਉਤਰ ਦਿਤਾ ਕਿ ਇਹਨਾਂ ਦਾ ਸਾਰਾ ਮੋਹ-ਪਿਆਰ ਦੇਸ਼-ਭਗਤੀ ਦੇ ਪਵਿਤਰ ਸਰੋਵਰ ਵਿਚ ਹੀ ਜਾ ਜਮ੍ਹਾ ਹੋਇਐ।"

ਬਖਤੌਰ ਸਿੰਘ ਨੂੰ ਭਾਵਕ ਹੋਇਆ ਜਾਣ ਕੇ ਭਾਈ ਸਾਹਬ ਨੇ ਉਸਦਾ ਧਿਆਨ ਦੂਜੇ ਪਾਸੇ ਪਾਉਣ ਲਈ ਪੁਛਿਆ—"ਬਖਤੌਰ ਸਿੰਘ ਜੀ! ਪਿਛੇ ਤੁਹਾਡਾ ਪਿੰਡ ਕਿਹੜਾ?"

"ਜੀ ਭਦੌੜ। ਰਿਆਸਤ ਪਟਿਆਲੇ ਵਿਚ।"

"ਫੇਰ ਤਾਂ ਤੁਸੀਂ ਦੋਹਰੇ ਗੁਲਾਮ ਹੋਏ। ਪਹਿਲੋਂ ਰਾਜੇ ਦੇ ਤੇ ਫੇਰ ਫਰੰਗੀ ਦੇ।"

"ਜੀ ਪੁੱਛੋ ਕੁਝ ਨਾ। ਰਾਜੇ ਦੇ ਕੁੱਤੇ ਸਾਡੇ ਨਾਲੋਂ ਚੰਗੇ। ਰੱਜ ਕੇ ਮਾਸ ਖਾਂਦੇ। ਰੱਜ ਕੇ ਦੁਧ ਪੀਂਦੇ। ਨਿਵਾਰੀ ਪਲੰਘਾਂ ਉਤੇ ਸੌਂਦੇ। ਗਰਮੀਆਂ ਵਿਚ ਨੌਕਰ ਚਾਕਰ ਉਹਨਾਂ ਨੂੰ ਮਲ ਮਲ ਨੁਹਾਂਦੇ। ਸਰਦੀਆਂ ਵਿਚ ਉਹਨਾਂ ਦੀਆਂ ਪਿਠਾਂ ਉਤੇ ਗਰਮ ਗੱਦੀਆਂ ਬੰਨ੍ਹਦੇ। ਸਾਡੇ ਬੱਚੇ ਖੰਨੀ ਖੰਨੀ ਰੋਟੀ ਨੂੰ ਤਰਸਦੇ। ਲੱਸੀ ਪੀਣ ਲਈ ਸਹਿਕਦੇ। ਸਰਦੀਆਂ ਵਿਚ ਵੀ ਇਕੋ ਝੱਗੇ ਵਿਚ ਠੁਰ ਠੁਰ ਕਰਦੇ। ਪੈਰੋਂ ਨੰਗੇ, ਸਿਰੋਂ ਨੰਗੇ, ਢਿਡੋਂ ਅੱਧੇ ਭੁੱਖੇ, ਵਾਹਣੀਆਂ ਮੰਜੀਆਂ ਉਤੇ ਲੇਟਦੇ।" ਬਖਤੌਰ ਸਿੰਘ ਕੁਝ ਰੁਕ ਗਿਆ। ਭਾਈ ਸਾਇਬ ਨੇ ਉਸਦੇ ਚਿਹਰੇ ਉਤੇ ਭਰਵੀਂ ਨਜ਼ਰ ਸੁੱਟੀ। ਬਖਤੌਰ ਸਿੰਘ ਫਿਰ ਬੋਲ ਪਿਆ—"ਰਾਜੇ ਦੇ ਕਰਮਚਾਰੀ ਗੋਰਿਆਂ ਨਾਲੋਂ ਵੀ ਮਾੜੇ। ਅਵਾਰਾ ਕੁਤਿਆਂ ਵਾਗੂੰ ਘੁਰ ਘੁਰ ਸੁੰਘਦੇ ਫਿਰਦੇ। ਜਿਹੜਾ ਕੋਈ ਖਾਂਦਾ ਪੀਂਦਾ ਜੱਟ ਦਿਸਦਾ ਉਹ ਤੋਂ ਵਟੇਰਿਆ ਮੰਗਦੇ। ਨਾ ਦੇਵੇ ਤਾਂ ਥਾਣਾ ਚੜ੍ਹਾ ਲਿਆਂਦੇ। ਉਹਨਾਂ ਦੇ ਡਰ ਤੋਂ ਘਰਾਂ ਦੀਆਂ ਬਹੂਆਂ ਬੇਟੀਆਂ ਦਿਨੇ ਬਾਹਰ ਨਹੀਂ ਨਿਕਲਦੀਆਂ। ਜੇ ਕੋਈ ਸੋਹਣੀ ਸਨੁੱਖੀ ਮੁਟਿਆਰ ਤਕ ਲੈਣ ਤਾਂ ਬਸ ਉਹਦਾ ਖਹਿੜਾ ਨਹੀਂ ਛੱਡਦੇ। ਜੇ ਉਹ ਨਾ ਕਾਬੂ ਆਵੇ ਤਾਂ ਉਹਦੇ ਪਿਉ ਜਾਂ ਭਰਾ ਨੂੰ ਝੂਠੇ ਮੂਠੇ ਚੋਰੀ ਡਾਕੇ ਵਿਚ ਬੰਨ੍ਹ ਲਿਜਾਣਗੇ। ਇਨਸਾਫ ਤਾਂ ਖੰਭ ਲਾ ਕੇ ਉਡ ਗਿਆ। ਕੌਣ ਕਿਸੇਦੀ ਸੁਣਦੈ! ਕੌਣ ਪੁਕਾਰ ਕਰੇ? ਕਹਿੰਦੇ ਕੋਲ ਕਰੇ। ਰਾਜੇ ਕਸਾਈ, ਰਾਜਿਆਂ ਦੇ ਅਹਿਲਕਾਰ ਕਸਾਈ। ਲੁਕਾਈ! ਵਿਚਾਰੀ ਲੁਕਾਈ! ਕੌਣ ਬਾਂਹ ਫੜੇ ਲੁਕਾਈ ਦੀ! ਕੌਣ ਸਣੇ ਕਿਸੇ ਦੀ ਪੁਕਾਰ?"

ਬਖਤੌਰ ਸਿੰਘ ਨੂੰ ਫੇਰ ਬਹੁਤ ਭਾਵਕ ਹੁੰਦਾ ਵੇਖਕੇ ਭਾਈ ਸਾਹਬ ਨੇ ਪੁੱਛਿਆ:—ਬਖਤੌਰ ਸਿੰਘ ਜੀ! ਤੁਸੀਂ ਕਿੰਨੀਆਂ ਜਮਾਤਾਂ ਪੜ੍ਹੀਐ?"

"ਜੀ ਮੈਂ ਚੌਥੀ ਵਿਚੋਂ ਹਟ ਗਿਆ ਸਾਂ ਸਰਦਾਰਾਂ ਦੀਆਂ ਮੱਝਾਂ ਚਾਰਨ ਲੱਗ ਪਿਆ। ਸਰਦਾਰ, ਹੋਰ ਮੁਟਿਆਰਾਂ ਘਰ ਲੈ ਆਉਂਦਾ ਸੀ। ਸਰਦਾਰਨੀ ਚੰਗੀ ਸੀ। ਉਹ ਮੇਰੀ ਮਾਂ ਨਾਲ ਆਪਣਾ ਦੁੱਖ ਸੁੱਖ ਫੋਲ ਲੈਂਦੀ ਸੀ। ਕਦੇ ਕਦਾਈ ਮੈਨੂੰ ਵੀ ਰੋਕ ਕੇ ਕਿੰਨੀ ਕਿੰਨੀ ਦੇਰ ਗੱਲਾਂ ਕਰਦੀ ਰਹਿੰਦੀ ਸੀ। ਬੜੀ ਭਲੀ ਲੋਕ ਸੀ। ਐਂਤ ਕੇ ਵੱਸ ਪਈ ਹੋਈ ਸੀ। ਉਹਦਾ ਆਪਣਾ ਇਕ ਮੁੰਡਾ ਸੀ। ਉਹ ਵੀ ਚੌੜ ਚਾਨਣ। ਅਜੇ ਸੋਲਾਂ ਦੀ ਵੀ ਨਹੀਂ ਸੀ ਹੋਇਆ ਕਿ ਇਕ ਰਾਤ ਨਸ਼ੇ ਵਿਚ ਚੂਰ ਆਪਣੇ ਨਾਲੋਂ ਕਿਤੇ ਵੱਡੀ ਗੋਹਾ ਕੂੜਾ ਕਰਨ ਵਾਲੀ ਫੜ ਕੇ ਅੰਦਰ ਲੈ ਵੜਿਆ।"

ਠਾਕਰ ਸਿੰਘ ਨੂੰ ਅੰਦਰ ਆਉਂਦਿਆਂ ਵੇਖਕੇ ਕੁਝ ਰੁਕ ਕੇ ਬਖਤੌਰ ਸਿੰਘ ਨੇ ਕਿਹਾ—"ਕੁਝ ਨਾ ਪੁੱਛੋ। ਮੈਂ ਮਾਂ ਦੀਆਂ ਟੂਬਾਂ ਵੇਚੀਆਂ। ਨਾਲ ਲਿਆ ਮਾਂ ਨੂੰ। ਮਾਂ ਨਾ ਮੰਨੇ ਪਰ ਮੈਂ ਮੱਲੋ ਮੱਲੀ ਲੈ ਤੁਰਿਆ ਉਹਨੂੰ ਆਪਣੇ ਨਾਲ। ਪਹਿਲੋਂ ਗੱਡੀ ਚੜ੍ਹਨੋਂ ਡਰੇ। ਧੱਕੋ ਧੱਕੀ ਜਹਾਜ਼ ਵਿਚ ਚੜ੍ਹਾਈ। ਜਹਾਜ਼ ਡੋਲੇ। ਉਹ ਉਕਾਰੀਆਂ ਕਰਦੀ ਨਾ ਹਟੇ। ਪਹਿਲੋਂ ਪਿਲਾਂਗ ਉਤਰੇ। ਦੋ ਦਿਨ ਗੁਰਦੁਆਰੇ ਰਹੇ। ਭਾਈ ਭਗਵਾਨ ਸਿਹੁੰ ਮੇਰਾ ਉਦੋਂ ਦਾ ਵਾਕਫ ਹੈ। ਉਹਨੇ ਮਾਂ ਨੂੰ ਕਿਸੇ ਜੜੀ ਬੂਟੀ ਦੀ ਚੂਟਕੀ ਦੇਕੇ ਖੜੀ ਕਰ ਦਿਤਾ। ਮੈਨੂੰ ਪਤਾ ਸੀ ਉਹ ਚੂਰਨ ਸੀ। ਮਾਂ ਚੂਰਨ ਚੱਟਦੀ ਨਾ ਥੱਕੇ। ਘੜੀ ਮੁੜੀ ਭਾਈ ਅੱਗੇ ਤਲੀ ਜਾ ਅੱਡੇ। ਭਾਈ ਅੱਗੋਂ ਹੱਸਕੇ ਉਸਦੀ ਤਲੀ ਉਤੇ ਹੋਰ ਚੂਰਨ ਰੱਖ ਦਏ।

ਬਖਤੌਰ ਸਿੰਘ ਦਾ ਚਿਹਰਾ ਕੁਝ ਖਿੜਿਆ ਤਕ ਕੇ ਭਾਈ ਸਾਹਬ ਨੇ ਪੁਛਿਆ—"ਤੁਸੀਂ ਮਾਈ ਦੇ ਦਰਸ਼ਨ ਨਹੀਂ ਕਰਾਏ।"

"ਮਾਈ ਬੜੀ ਡਾਢੀ ਐ। ਨਿੱਕੀ ਨਿੱਕੀ ਗੱਲ ਪੁਛਦੀ ਐ। ਭਾਈ ਨੂੰ ਤਾਂ ਉਹ ਆਪਣਾ ਦੂਜਾ ਪੁੱਤ ਮੰਨਦੀ ਐ। ਇਕ ਦਿਨ ਕਹਿਣ ਲੱਗੀ—ਜਿਹੜੇ ਭਾਈ ਸਮੁੰਦਰੋਂ ਪਾਰ ਆਏ ਐ ਤੂੰ ਮੈਨੂੰ ਉਹਨਾ ਨਾਲ ਪਿੰਡ ਵਾੜ। ਮੈਂ ਨਹੀਂ ਰਹਿਣਾ ਏਥੇ। ਕਹਿੰਦੀ ਐ ਪਿੰਡ ਜਾਕੇ, ਆਲੇ ਦੁਆਲੇ ਦੇ ਪਿੰਡਾਂ ਵਿਚੋਂ ਕੋਈ ਮੁਟਿਆਰ ਲਿਆਊਂ। ਮੈਥੋਂ ਨਹੀਂ ਹੁਣ ਚੁਲ੍ਹਾ ਚੌਕਾ ਫੂਕਣ ਹੁੰਦਾ

"ਫੇਰ ਤਾਂ ਮਾਈ ਠੀਕ ਕਹਿੰਦੀ ਐ।" ਭਾਈ ਸਾਹਿਬ ਨੇ ਆਪਣੀ ਰਾਏ ਦਿਤੀ।

"ਜਦ ਮੈਨੂੰ ਏਥੇ ਆਕੇ ਜਾਗੋ ਦਾ ਕੰਮ ਮਿਲਿਆ ਤਾਂ ਮੈਂ ਇਕ ਕਮਰਾ ਕਿਰਾਏ ਉਤੇ ਲੈ ਲਿਆ। ਮੈਂ ਤਕਾਲੀਂ ਬਿਜਲੀ ਜਗਾਈ ਤਾਂ ਮਾਈ ਨੇ ਅੱਖਾਂ ਉਤੇ ਹੱਥ ਰੱਖ ਲਏ। ਕਹਿਣ ਲੱਗੀ—ਵੇ ਬਖਤੌਰਿਆ। ਮੇਰੀਆਂ ਅੱਖਾਂ ਵਿਚ ਕਿਹਾ ਲਿਸ਼ਕਾਰਾ ਪਿਆ ਈ। ਮੈਨੂੰ ਅੰਨ੍ਹਾਂ ਕਰਨਾ ਈ।" ਤੇ ਹੁਣ ਉਹ ਏਨੀ ਚਤਰ ਹੋ ਗਈ ਐ ਕਿ ਗੱਲ ਨਹੀਂ ਕਰਨ ਦੇਂਦੀ। ਇਕ ਦਿਨ ਮੈਂ ਠੱਠੇ ਨਾਲ ਕਿਹਾ—"ਭਾਈ ਪਟਿਆਲੇ ਵਾਲੇ ਰਾਜੇ ਨੂੰ ਮਾਰਨ ਦੀ ਵਿਉਂਤ ਬਣਾਈ ਫਿਰਦੇ।" ਪਹਿਲੋਂ ਤਾਂ ਡਰਕੇ ਗੁੰਮ ਸੁੰਮ ਹੋ ਗਈ। ਦੂਜੇ ਦਿਨ ਮੈਨੂੰ ਸੁੱਤੇ ਨੂੰ ਜਗਾ ਕੇ ਕਹਿਣ ਲੱਗੀ—"ਭਗਵਾਨ ਸਿਹੁੰ ਨੂੰ ਕਹੀਂ ਛੁਰਾ ਬਣਾਉਣ ਦੇ ਪੈਸੇ ਮੈਂ ਦਊਂ। ਤਿੱਖਾ ਛੁਰਾ ਬਣਾਵੇ। ਉਹਦੇ ਮੋਟੇ ਢਿੱਡ ਵਿਚ ਖੋਭੇ। ਨਾਲੇ ਸਾਡੇ ਸਰਦਾਰ ਨੂੰ ਵੀ ਵੱਢੇ। ਸਾਡੀ ਸਰਦਾਰਨੀ ਨੂੰ ਕੁਝ ਨਾ ਆਖੇ।" ਬਖਤੌਰ ਸਿੰਘ ਹੱਸਣ ਲੱਗ ਪਿਆ।

ਏਨੇ ਨੂੰ ਕਰਤਾਰ ਸਿੰਘ ਨੇ ਬੂਹਾ ਖੋਲ੍ਹ ਕੇ ਅੰਦਰ ਝਾਤੀ ਮਾਰਦਿਆਂ ਦੱਸਿਆ:—"ਚਤਰ ਸਿਹੁੰ ਸੜਕੋਂ ਪਾਰ ਖਲੋਤਾ, ਇਸ਼ਾਰਾ ਕਰਕੇ ਅੱਗੇ ਲੰਘ ਗਿਆ।" ਬਖਤੌਰ ਸਿੰਘ ਨੇ ਕਿਹਾ—"ਮੈਂ ਜਾਂਦਾ। ਕੋਈ ਖਾਸ ਗੱਲ ਹੋਣੀ ਐ ਜੁ ਏਧਰ ਆਇਐ। ਮੈਂ ਉਹਨੂੰ ਏਧਰ ਆਉਣ ਤੋਂ ਰੋਕਿਆ ਹੋਇਆ

ਭਾਈ ਸਾਹਬ ਨੇ ਕਿਹਾ "ਮਾਈ ਦੀ ਰੱਜ ਕੇ ਸੇਵਾ ਕਰਨੀ।" "ਸਤ ਬਚਨ ਜੀ, ਸਤ ਬਚਨ।" ਕਹਿੰਦਾ ਉਹ ਬਾਹਰ ਨਿਕਲ ਤੁਰਿਆ।

### ਕਾਂਡ 15

ਜੋਗਾ ਸਿੰਘ ਜਮੂੰ ਸ਼ਹਿਰ ਤੋਂ ਲਗਪਗ ਦਸ ਮੀਲ ਪੂਰਬ ਵੱਲ ਇਕ ਨਿੱਕੇ ਜਿਹੇ ਗਿਰਾਂ ਵਿੱਚ ਪੈਦਾ ਹੋਇਆ ਸੀ। ਉਸਦੇ ਮਾਤਾ ਪਿਤਾ ਹੱਦੋਂ ਵੱਧ ਗਰੀਬ ਸਨ। ਉਨ੍ਹਾਂ ਦੀ ਆਪਣੀ ਦੋ ਵਿਘੇ ਜ਼ਮੀਨ ਸੀ। ਧਾਨਾਂ ਦੀ ਖੇਤੀ ਵਿਚੋਂ ਉਹਨਾ ਦੇ ਘਰ ਵਾਸਤੇ ਚਾਵਲ ਹੋ ਜਾਂਦੇ। ਥੋੜੀ ਜਿਹੀ ਸਬਜ਼ੀ ਵੀ ਘਰ ਦੀ ਹੋ ਜਾਂਦੀ। ਗਾਜਰਾਂ, ਮੂਲੀਆਂ, ਕੱਦੂ, ਪਾਲਕ, ਆਲੂ, ਤੋਰੀਆਂ ਥੋੜੇ ਥੋੜੇ ਉਗਾਅ ਲੈਂਦੇ। ਗੁੜ, ਖੰਡ, ਦਾਲਾਂ, ਲੂਣ ਤੇ ਹੋਰ ਅਜਿਹੀਆਂ ਹਰ ਰੋਜ਼ ਲੋੜੀਂਦੀਆਂ ਚੀਜ਼ਾਂ ਖਰੀਦਣ ਲਈ ਜੋਗਾ ਸਿੰਘ ਦਾ ਪਿਤਾ ਪਹਾੜੇ ਦਾ ਕੰਮ ਕਰਦਾ ਸੀ। ਉਸ ਪਾਸ ਇਕ ਟੱਟੂ ਸੀ। ਉਹ ਆਪਣੇ ਗਿਰਾਂ ਤੋਂ ਟੱਟੂ ਉਤੇ ਚੜ੍ਹਕੇ ਜਮੂੰ ਜਾਂਦਾ। ਕਦੇ ਕਦੇ ਗਿਰਾਂ ਤੋਂ ਕੋਈ ਸਵਾਰੀ ਸ਼ਹਿਰ ਵੱਲ ਜਾਣ ਲਈ ਮਿਲ ਜਾਂਦੀ ਤਾਂ ਉਸਨੂੰ ਟੱਟੂ ਦੇ ਨਾਲ ਨਾਲ ਤੁਰਨਾ ਪੈਂਦਾ। ਵਾਪਸੀ ਉਤੇ ਟੱਟੂ ਲੱਦਿਆ ਹੁੰਦਾ ਸੀ। ਇਸ ਤਰਾਂ ਉਹਨੂੰ ਕਈ ਵਾਰੀ ਵੀਹ ਮੀਲ ਦਿਨ ਵਿਚ ਤੁਰਨਾ ਪੈਂਦਾ। ਫਿਰ ਵੀ ਕਪੜੇ ਲੱਤੇ ਲਈ ਪੈਸੇ ਥੁੜੇ ਰਹਿੰਦੇ।

ਗਰਮੀਆਂ ਵਿਚ ਤਾਂ ਜੋਗਾ ਸਿੰਘ ਤੇ ਉਸਤੋਂ ਤਿੰਨ ਸਾਲ ਵੱਡੀ ਭੈਣ ਨੰਗੇ ਪੈਰੀਂ ਫਿਰਦੇ ਰਹਿੰਦੇ ਪਰ ਸਰਦੀਆਂ ਵਿਚ ਉਹ ਮਾਂ ਦੀਆਂ ਬੁਣੀਆਂ ਪੁਰਾਣੀਆਂ ਜੁਰਾਬਾਂ ਪਾ ਲੈਂਦੇ। ਉਨਾਂ ਦੇ ਪੈਰੀਂ ਕੱਖਾਂ ਜਿਹਿਆਂ ਦੀਆਂ ਬਣੀਆਂ ਚਪਲਾਂ-ਜਿਹੀਆਂ ਹੁੰਦੀਆਂ। ਠੰਢ ਕਰਕੇ ਉਨਾਂ ਦੇ ਪੈਰਾਂ ਦੀਆਂ ਅੱਡੀਆਂ ਵਿਚ ਬਿਆਈਆਂ ਪੈ ਜਾਂਦੀਆਂ। ਹੱਥਾਂ ਦੀਆਂ ਉਂਗਲਾਂ ਦੇ ਪੋਟੇ ਫਲ ਜਾਂਦੇ। ਸੁੱਕੀ ਠੰਢ ਕਾਰਨ ਉਹਨਾਂ ਦੇ ਬੁੱਲ੍ਹ ਫੱਟ ਜਾਂਦੇ। ਉਹ ਮੋਮਬੱਤੀ ਜਮਾ ਕੇ, ਢਲਦੀ ਮੋਮਬੱਤੀ ਦੀਆਂ ਬੂੰਦਾਂ ਨਾਲ, ਪੈਰਾਂ ਦੀਆਂ ਬਿਆਈਆਂ ਭਰਦੇ ਰਹਿੰਦੇ। ਜੇ ਕਦੇ ਘਿਓ ਜੁੜਦਾ ਤਾਂ ਉਹ ਤੱਤਾ ਕਰਕੇ ਹੱਥਾਂ ਦੀਆਂ ਉਂਗਲਾਂ ਦਿਆਂ ਪੋਟਿਆਂ ਤੇ ਸੁੱਕੇ-ਫੱਟੇ ਬੁਲ੍ਹਾਂ ਉਤੇ ਮਲਦੇ।

ਪਿੰਡ ਵਿਚ ਇਕੋ ਖੂਹ ਸੀ। ਗਰਮੀਆਂ ਵਿਚ ਖੂਹ ਦਾ ਪਾਣੀ ਹੋਰ ਥੱਲੇ ਚਲਾ ਜਾਂਦਾ। ਗਿਰਾਂ ਦੇ ਲੋਕਾਂ ਲਈ ਮਸਾਂ ਪੀਣ ਵਾਸਤੇ ਪਾਣੀ ਹੁੰਦਾ। ਕਪੜੇ ਧੋਣ, ਨਹਾਉਣ ਤੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਇਕੋ ਤਲਾਅ ਸੀ। ਤਲਾਅ ਦਾ ਪਾਣੀ ਸਰਦੀਆਂ ਵਿਚ ਠੰਢਾ ਠਾਰ ਹੁੰਦਾ। ਬੱਚਿਆਂ ਦੇ ਪਿੰਡੇ ਸੁੱਕੇ ਤੇ ਠਰੇ ਰਹਿੰਦੇ। ਜੋਗਾ ਸਿੰਘ ਤੇ ਉਸਦੀ ਭੈਣ ਨੂੰ ਉਹਨਾਂ ਦੀ ਮਾਂ ਕਪੜੇ ਧੋਣ ਵਾਲੇ ਸਾਬਣ ਨਾਲ ਹੀ, ਸਿਰ ਨੁਹਾ ਦੇਂਦੀ। ਘਰ ਦੇ ਧਰੋਖੇ ਵਿਚੋਂ ਬਲਦੇ ਸਰ੍ਹੋਂ ਦੇ ਤੇਲ ਵਿਚੋਂ ਉਹਨਾਂ ਦੇ ਕੇਸਾਂ ਨੂੰ ਥੋੜਾ ਥੋੜਾ ਤੇਲ ਲਾ ਦੇਂਦੀ। ਉਨ੍ਹਾਂ ਦੇ ਕੇਸਾਂ ਵਿਚ ਪਏ ਅੜੇ ਕੰਘੀ ਨਾਲ ਨਾ ਖੁਲ੍ਹਦੇ ਤਾਂ ਉਂਗਲਾਂ ਪਾ ਪਾ ਕੇ ਖੋਲ੍ਹਦੀ।

ਜੋਗਾ ਸਿੰਘ ਮੋਟੇ ਖੱਦਰ ਦੀ ਤੰਬੀ ਤੇ ਕੁੜਤੇ ਵਿਚ ਠਰਦਾ ਰਹਿੰਦਾ। ਉਸਦੇ ਪੈਰਾਂ ਦੀਆਂ ਖੁਰੀਆਂ ਤੇ ਗਿੱਟਿਆਂ ਉਤੇ ਮੈਲ ਜੰਮੀ ਰਹਿੰਦੀ। ਗਰਮੀਆਂ ਵਿਚ ਝਾਂਵੇ ਨਾਲ ਕੁਝ ਮੈਲ ਲਾਹੁੰਦਾ। ਅਗਲੇ ਸਿਆਲ ਹੋਰ ਮੈਲ ਜੰਮ ਜਾਂਦੀ। ਨਾਹ ਉਨ੍ਹਾਂ ਦੇ ਗਿਰਾਂ ਵਿਚ ਤੇ ਨਾਹ ਹੀ ਆਲੇ ਦੁਆਲੇ ਵਿਚ ਕੋਈ ਸਕੂਲ ਸੀ। ਗਿਰਾਂ ਦੇ ਇਕ ਕਮਰੇ ਵਾਲੇ ਗੁਰਦੁਆਰੇ ਵਿਚ ਘੰਟਾ ਦੋ ਘੰਟੇ ਗੁਰਮੁਖੀ ਪੜ੍ਹਕੇ ਉਹ ਸਾਰਾ ਦਿਨ ਖੇਡਦਾ ਰਹਿੰਦਾ। ਕਦੇ ਉਹ ਮੁੰਡਿਆਂ ਨਾਲ ਗੁਲੀਡੰਡਾ ਖੇਡਣ ਲੱਗ ਜਾਂਦਾ ਤੇ ਕਦੇ ਖਿਦੋ-ਖੂੰਡੀ ਖੇਡਣ ਲੱਗ ਪੈਂਦਾ।

ਉਸਦੀ ਮਾਂ ਸਾਰਾ ਦਿਨ ਪੂਣੀਆਂ ਵੱਟਦੀ, ਚਰਖਾ ਕੱਤਦੀ ਤੇ ਅਟੇਰਨ ਅਟੇਰਦੀ ਰਹਿੰਦੀ। ਡੀਹਣੀਆਂ ਡਾਹ ਕੇ ਅੱਗ ਭਖਾਂਦੀ। ਧੂੰਏ ਦੀ ਕੁੜੱਤਣ ਨਾਲ ਅੱਖਾਂ ਵਿਚੋਂ ਵਗਦੇ ਪਾਣੀ ਨੂੰ ਪੱਲੇ ਨਾਲ ਪੂੰਝਦੀ। ਆਪਣੀ ਗਰੀਬੀ ਉਤੇ ਝੁਰਦੀ, ਆਪਣੇ ਪਤੀ ਦੀ, ਸ਼ਹਿਰੋਂ ਮੁੜਨ ਦੀ ਉਡੀਕ ਵਿਚ ਸੁੱਕ ਸੁੱਕ ਜਾਂਦੀ। ਸੂਰਜ ਡੁੱਬਣ ਤੇ ਆ ਜਾਂਦਾ। ਤਕਾਲਾਂ ਪੈ ਜਾਂਦੀਆਂ। ਹਨੇਰਾ ਉਤਰ ਆਉਂਦਾ। ਉਹ ਆਪਣੀਆਂ ਮੁਹਾਠਾਂ ਉਤੇ ਬੈਠੀ ਉਸਦੀ ਉਡੀਕ ਵਿਚ ਡਰਦੀ ਰਹਿੰਦੀ।

ਜੋਗਾ ਸਿੰਘ ਆਪਣੇ ਪਿਓ ਨਾਲ ਸੌਂਦਾ। ਉਸਦੀ ਭੈਣ ਆਪਣੀ ਮਾਂ ਨਾਲ ਸੌਂਦੀ। ਇਕ ਰਾਤੀ, ਉਹ ਕਿੰਨੀ ਦੇਰ, ਦੀਵੇ ਦੀ ਨਿੰਮ੍ਹੀ ਨਿੰਮ੍ਹੀ ਲੋਅ ਵਿਚ ਆਪਣੀ ਧੀ ਦੇ ਗੋਰੇ-ਨਸ਼ੋ ਚਿਹਰੇ ਵੱਲ ਤੱਕਦੀ ਰਹੀ। ਉਸਦੇ ਸਿਰ ਦੀਆਂ ਗੁੰਦੀਆਂ ਮੀਢੀਆਂ ਵੱਲ ਤੱਕਦੀ ਤੱਕਦੀ ਊਂਘਲਾਉਣ ਲੱਗ ਪਈ। ਕੋਈ ਅਵਾਜ਼ ਸੁਣ ਕੇ ਉਹ ਤ੍ਰਭਕ ਕੇ ਉਠੀ। ਉਸ ਨੇ ਤੱਕਿਆ ਕਿ ਉਸਦੀ ਧੀ ਦਾ ਸਾਹ ਫੁਲ ਰਿਹਾ ਸੀ। ਉਸਦੀ ਛਾਤੀ ਲੁਹਾਰ ਦੀ ਖਲ ਵਾਂਗੂੰ ਘੜੀ ਮੁੜੀ ਫੁਲ ਰਹੀ ਸੀ। ਉਹ ਉੱਚੀ ਉੱਚੀ ਬੁੜਾ ਰਹੀ ਸੀ। ਨਾਲੇ ਹੱਥ ਪੈਰ ਮਾਰਨ ਲੱਗ ਪਈ। ਮਾਂ ਨੇ ਆਪਣੀ ਧੀ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਉਸ ਵੇਲੇ ਉਸਨੂੰ ਪ੍ਰਤੀਤ ਹੋਇਆ ਕਿ ਉਸਦੀ ਧੀ ਜੁਆਨ ਹੋ ਰਹੀ ਹੈ। ਉਹ ਘੜੀ ਮੁੜੀ ਆਪਣੀ ਧੀ ਨੂੰ ਆਪਣੀ ਛਾਤੀ ਨਾਲ ਘੁੱਟਦੀ ਰਹੀ। ਉਸਦੀ ਜੁਆਨੀ ਪੁੰਗਰ ਆਉਣ ਦੀ ਚਿੰਤਾ ਵਿਚ ਡੋਬੇ ਖਾਂਦੀ ਰਹੀ।

ਅੰਮ੍ਰਿਤ ਵੇਲਾ ਹੋਇਆ। ਸੰਖ ਪੂਰਨ ਦੀ ਅਵਾਜ਼ ਆਈ। ਸੰਖ ਦੀ ਅਵਾਜ਼ ਸੁਣ ਕੇ ਜੋਗਾ ਸਿੰਘ ਦੀ ਮਾਂ ਤੇ ਪਿਓ ਜਾਗ ਪਏ। ਜੋਗਾ ਸਿੰਘ ਵੀ ਸੁੱਤਾ ਹੋਇਆ ਸੀ ਤੇ ਉਸਦੀ ਭੈਣ ਵੀ। ਮਾਂ ਨੇ ਅੱਖਾਂ ਮਲਦਿਆਂ ਮਲਦਿਆਂ ਕਿਹਾ—"ਜੀ! ਅੱਜ ਕੱਤਕ ਦੀ ਪੂਰਨਮਾਸ਼ੀ ਹੈ।"

"ਮੈਨੂੰ ਪਤਾ ਹੈ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਗੁਰਪੁਰਬ ਹੈ। ਮੈਂ ਆੜ੍ਹਤੀਆਂ ਨੂੰ ਦੱਸ ਆਇਆ ਸਾਂ ਕਿ ਅੱਜ ਮੈਂ ਸ਼ਹਿਰ ਨਹੀਂ ਆਉਣਾ। ਅੱਜ ਅਸੀਂ ਗੁਰਦੁਆਰੇ ਚੱਲਾਂਗੇ। ਸੁਣਿਆ ਹੈ ਕਿ ਹਰਾ ਸਿੰਘ ਦਾ ਮੁੰਡਾ ਅੰਬਰਸਰ ਰਹਿਕੇ ਵਾਜਾ ਸਿਖ ਕੇ ਆਇਆ ਹੈ।"

"ਤੁਸੀਂ ਤਾਂ ਆਉਂਦੇ ਹੀ ਘੂਕ ਸੌਂ ਗਏ। ਈਸੋ ਰਾਤ ਬਹੁਤ ਬੜਾਂਦੀ ਰਹੀ। ਕਦੇ ਹੱਥ ਛੰਡੇ ਕਦੇ ਲੱਤਾਂ ਮਾਰੇ।"

"ਕਿਧਰੇ ਤਾਪ ਤਾਂ ਨਹੀਂ 'ਸ ਚੜ੍ਹ ਗਿਆ?"

"ਨਹੀਂ! ਈਸੋ ਦੀਆਂ ਜੁਆਨੀਆਂ ਪੁੰਗਰਨ ਲੱਗ ਪਈਐ। ਮੈਨੂੰ ਤਾਂ ਫਿਕਰ ਲੱਗ ਗਿਐ।" ਈਸੋ ਨੂੰ ਉਠਦਿਆਂ ਵੇਖ ਕੇ ਉਹ ਚੁੱਪ ਹੋ ਗਏ। ਉਸਨੇ ਮਾਂ ਨੂੰ ਜੱਫੀ ਪਾਂਦਿਆਂ ਕਿਹਾ—"ਅੱਜ ਧਰਮਸਾਲੇ ਜ਼ਰੂਰ ਜਾਣੈ। ਸੁਣਿਐ ਹਰੀਏ ਦਾ ਮੁੰਡਾ ਵਾਜਾ ਸਿਖ ਕੇ ਆਇਐ।" ਉਸਨੇ ਮੰਜੀ ਉਤੋਂ ਉਠਕੇ ਜੋਗਾ ਸਿੰਘ ਨੂੰ ਝੰਜੂਣ ਕੇ ਜਗਾਂਦਿਆਂ ਕਿਹਾ—"ਜੋਗਿਆ ਉਠ ਅੱਜ ਧਰਮਸਾਲੇ ਚਲੀਏ। ਹਰੀਏ ਦੇ ਮੁੰਡੇ ਨੇ ਵਾਜਾ ਵਜਾਉਣੈ।"

ਅਜੇ ਮੂੰਹ ਹਨੇਰਾ ਹੀ ਸੀ ਕਿ ਸੰਖ ਦੀ ਦੋਹਰੀ ਅਵਾਜ਼ ਆਈ। ਨਾਲ ਹੀ ਢੋਲਕੀ-ਛੈਣੇ ਖੜਕਣ ਲੱਗ ਪਏ। ਵਾਜੇ ਦੀ ਸੁਰ ਨਿਕਲੀ ਹੀ ਸੀ ਕਿ ਭੈਣ-ਭਰਾ ਉਛਲ ਕੇ ਉਠ ਬੈਠੇ। ਘੜੇ ਦੇ ਠੰਢੇ ਪਾਣੀ ਨਾਲ ਉਨ੍ਹਾਂ ਮੂੰਹ ਗਿੱਲੇ ਕੀਤੇ। ਲੋਈਆਂ ਦੀਆਂ ਬੁਕਲਾਂ ਮਾਰ ਕੇ ਗੁਰਦੁਆਰੇ ਜਾ ਪਹੁੰਚੇ। ਹੁਣ ਉਹਨਾ ਨੂੰ ਪਤਾ ਲੱਗਾ ਕਿ ਉਹ ਬਾਕੀ ਲੋਕਾਂ ਨਾਲੋਂ ਪੱਛੜ ਕੇ ਗੁਰਦੁਆਰੇ ਪਹੁੰਚੇ ਹਨ। ਗੁਰਦੁਆਰੇ ਵਾਲਾ ਕਮਰਾ ਸੰਗਤ ਨਾਲ ਭਰਿਆ ਹੋਇਆ ਸੀ। ਮਰਦ, ਔਰਤਾਂ ਤੇ ਬੱਚੇ ਰਲ ਮਿਲ ਕੇ ਵੀ ਸੌ ਤੋਂ ਘੱਟ ਹੀ ਹੋਣਗੇ। ਸਭ ਇਕ ਦੂਜੇ ਦੇ ਨਾਲ ਗੋਡੇ ਨਾਲ ਗੋਡਾ ਜੋੜ ਕੇ ਬੈਠੇ ਸਨ। ਹਰਾ ਸਿੰਘ ਦਾ ਪੁੱਤਰ ਕੀਰਤਨ ਕਰ ਰਿਹਾ ਸੀ। ਉਸਦੀ ਸੁਰੀਲੀ ਤੇ ਭਰਵੀਂ ਅਵਾਜ਼ ਦੂਰ ਦੂਰ ਤਕ ਜਾ ਰਹੀ ਸੀ। ਪਿੰਡ ਦਾ ਕੋਈ ਜੀਅ ਆਪਣੇ ਘਰ ਨਹੀਂ ਸੀ ਰਹਿ ਗਿਆ। ਕੁਝ ਲੋਕ ਗੁਰਦੁਆਰੇ ਦੇ ਬੂਹੇ ਅੱਗੇ ਬੈਠੇ ਠੁਰ ਠੁਰ ਕਰਦੇ ਕੀਰਤਨ ਦਾ ਆਨੰਦ ਮਾਣ ਰਹੇ ਸਨ। ਸਭ ਲੋਕ ਮਨ ਹੀ ਮਨ ਵਿਚ ਹਰਾ ਸਿੰਘ ਦੇ ਪੁੱਤਰ ਦੀਆਂ ਸਿਫਤਾਂ ਕਰ ਰਹੇ ਸਨ।

ਜੋਗਾ ਸਿੰਘ, ਇਕ ਟਿਕ ਕੀਰਤਨ ਕਰਨ ਵਾਲੇ ਨੌਜਵਾਨ ਵੱਲ ਤਕ ਰਿਹਾ ਸੀ। ਉਸਦੀ ਮਾਂ ਸੋਚ ਰਹੀ ਸੀ ਕਿ ਉਹ ਵੀ ਆਪਣੇ ਪੁੱਤਰ ਨੂੰ ਅੰਮ੍ਰਿਤਸਰ ਭੇਜੇਗੀ ਤੇ ਉਹ ਵੀ ਵਾਜਾ ਸਿਖ ਕੇ, ਕੀਰਤਨ ਕਰਿਆ ਕਰੇਗਾ। ਜਦ ਭੋਗ ਪਿਆ ਤਾਂ ਸਭ ਸੰਗਤ ਨੇ ਤੱਕਿਆ ਕਿ ਹਰਾ ਸਿੰਘ, ਉਸਦੀ ਪਤਨੀ ਤੇ ਉਸ ਦੀਆਂ ਦੋਵੇਂ ਨਿੱਕੀਆਂ ਨਿੱਕੀਆਂ ਧੀਆਂ ਨੇ ਨਵੇਂ ਕੱਪੜੇ ਪਾਏ ਹੋਏ ਸਨ। ਜੋਗਾ ਸਿੰਘ ਦੀ ਮਾਂ ਉਹਨਾ ਦੇ ਨਵੇਂ ਕੱਪੜਿਆਂ ਵੱਲ ਤਕਦੀ ਰਹਿ ਗਈ।

ਘਰ ਦੀ ਮੁਹਾਠ ਟੱਪਦਿਆਂ ਹੀ ਜੋਗਾ ਸਿੰਘ ਦੀ ਮਾਂ ਬੋਲ ਪਈ—"ਜੀ ਅਸੀਂ ਵੀ ਜੋਗੇ ਨੂੰ ਅੰਬਰਸਰ ਭੇਜ ਦਈਏ। ਕੁਝ ਅਕਲ ਸਿਖ ਕੇ ਆਵੇਗਾ। ਮੈਂ ਤਾਂ ਕਹਿੰਦੀ ਹਾਂ ਕਿ ਵਾਜਾ ਜੋੜੀ ਜ਼ਰੂਰ ਸਿਖੇ।"

"ਭਲੀਏ ਲੋਕੇ। ਜਰਾ ਵੱਡਾ ਹੋ ਲਵੇ। ਇਸ ਨੂੰ ਵੀ ਇਕ ਟੱਟੂ ਲੈ ਦਿਆਂਗਾ। ਦੋਵੇਂ ਪਿਓ-ਪੁੱਤਰ ਪਹਾੜਾਂ ਵਾਹਾਂਗੇ। ਚੰਗਾ ਗੁਜ਼ਾਰਾ ਤੁਰ ਪਵੇਗਾ।

"ਨਹੀਂ ਮੈਂ ਤਾਂ ਜੋਗੇ ਨੂੰ ਭੇਜਣਾ ਹੈ, ਜ਼ਰੂਰ ਭੇਜਣਾ ਹੈ।"

"ਅਜੇ ਤਾਂ ਮਸਾਂ ਬਾਰਾਂ ਸਾਲਾਂ ਦਾ ਹੋਇਆ ਹੈ।"

"ਜਦੋਂ ਹਰੀਏ ਦਾ ਮੁੰਡਾ ਗਿਆ ਸੀ, ਉਹ ਵੀ ਬਾਰਾਂ ਤੇਰਾਂ ਦਾ ਹੀ ਸੀ। ਤੁਸਾਂ ਵੇਖੇ ਨਹੀਂ ਸਭ ਦੇ ਨਵੇਂ ਨਵੇਂ ਲਿਸ਼ਕਦੇ ਕੱਪੜੇ। ਮੈਂ ਨਹੀਂ ਜੋਗੇ ਨੂੰ ਟੱਟੂ ਵਾਹੁਣ ਦੇਣਾ।"

ਵਿਚੋਂ ਹੀ ਜੋਗਾ ਸਿੰਘ ਬੋਲ ਪਿਆ:—"ਮੈਂ ਹਰੀਏ ਦੇ ਮੁੰਡੇ ਨਾਲ ਹੀ ਚਲਾ ਜਾਂਗਾ।"

ਜੋਗਾ ਸਿੰਘ ਦੀ ਮਾਂ ਨੇ ਉਠਕੇ ਉਸਨੂੰ ਆਪਣੀ ਜੱਫੀ ਵਿਚ ਘੁੱਟ ਲਿਆ।

ਜੋਗਾ ਸਿੰਘ ਅੰਮ੍ਰਿਤਸਰ ਪਹੁੰਚ ਗਿਆ। ਉਸਦੀ ਮਾਂ ਨੇ ਤੁਰਨ ਲੱਗਿਆਂ ਉਸਨੂੰ ਦੋ ਤੰਬੀਆਂ, ਦੋ ਕੁੜਤੇ, ਇਕ ਲੋਈ ਤੇ ਜੁਰਾਬਾਂ ਦਾ ਨਵਾਂ ਜੋੜਾ ਉਣ ਕੇ ਦਿਤਾ ਸੀ। ਉਸਦੇ ਪਿਓ ਨੇ ਉਸਨੂੰ ਜਮੂੰ ਤੋਂ ਧੌੜੀ ਦੀ ਜੁੱਤੀ ਵੀ ਲੈ ਦਿਤੀ ਸੀ। ਆਪਣੀ ਇਕ ਅਧੋਰਾਣੀ ਪੱਗ ਵੀ ਉਸਨੂੰ ਦੇ ਦਿਤੀ ਸੀ। ਉਸਨੇ ਅੰਮ੍ਰਿਤਸਰ ਪਹੁੰਚਦਿਆਂ ਹੀ ਮੀਢੀਆਂ ਖੋਲ੍ਹ ਕੇ ਸਿਰ ਉਤੇ ਜੂੜਾ ਕਰਨਾ ਸ਼ੁਰੂ ਕਰ ਦਿਤਾ। ਛੋਟੀ ਜਿਹੀ ਪੱਗ ਬੰਨ੍ਹ ਕੇ ਉਹ ਲੋਕਾਂ ਦੇ ਨਵੇਂ ਨਵੇਂ ਕੱਪੜਿਆਂ ਵੱਲ ਤਕਦਾ ਰਹਿੰਦਾ। ਹਰਾ ਸਿੰਘ ਦੇ ਮੁੰਡੇ ਨੇ ਉਸਨੂੰ ਆਪਣਾ ਡੇਰਾ ਵਿਖਾਇਆ ਸੀ ਤੇ ਫਿਰ ਉਸਨੂੰ ਗੁਰੂ ਰਾਮਦਾਸ ਲੰਗਰ ਵਿਚ ਛੱਡ ਗਿਆ ਸੀ। ਉਹ ਲੰਗਰ ਵਿਚੋਂ ਦੋਵੇਂ ਵੇਲੇ ਰੋਟੀ ਖਾ ਲੈਂਦਾ। ਰਾਤ ਨੂੰ ਮੰਜੀ ਸਾਹਿਬ ਦੀ ਕੰਧ ਨਾਲ ਢੋਅ ਲਾਕੇ, ਲੋਈ ਵਿਚ ਲਪੇਟਿਆ ਊਂਘਦਾ ਊਂਘਦਾ, ਲੇਟ ਜਾਂਦਾ।

ਹੌਲੀ ਹੌਲੀ ਉਸਨੇ ਆਪਣੇ ਵਰਗੇ ਚਾਰ ਪੰਜ ਹੋਰ ਮੁੰਡੇ ਲੱਭ ਲਏ। ਉਹ ਲੰਗਰ ਵਿਚੋਂ ਰੋਟੀ ਖਾ ਲੈਂਦੇ। ਫਿਰ ਸਾਰਾ ਦਿਨ ਇਧਰ ਉਧਰ ਫਿਰਦੇ ਰਹਿੰਦੇ। ਇਕ ਦਿਨ ਲੰਗਰ ਦੇ ਸੇਵਾਦਾਰ ਨੇ ਜੋਗਾ ਸਿੰਘ ਨੂੰ ਬਾਂਹੋ ਫੜਕੇ, ਪੰਗਤ ਵਿਚੋਂ ਉਠਾਂਦਿਆਂ ਕਿਹਾ—"ਤੂੰ ਕੋਈ ਕੰਮ ਕਿਉਂ ਨਹੀਂ ਕਰ ਲੈਂਦਾ?"

"ਮੈਨੂੰ ਕੋਈ ਕੰਮ ਕਰਨਾ ਨਹੀਂ ਆਉਂਦਾ।"

ਸੇਵਾਦਾਰ ਨੇ ਸਮਝਿਆ ਕਿ ਉਹ ਪੁਣਛ ਤੋਂ ਆਇਆ ਹੋਵੇਗਾ। ਉਸਨੇ ਕਿਹਾ—"ਸਭ ਪੁਣਛੀਏ ਭਾਂਡੇ ਮਾਂਜਦੇ ਹਨ। ਤੂੰ ਵੀ ਮਾਂਜ ਸਕਦਾ ਹੈਂ

ਜੋਗਾ ਸਿੰਘ ਨੇ ਕਦੇ ਭਾਂਡੇ ਨਹੀਂ ਸਨ ਮਾਂਜੇ। ਸੇਵਾਦਾਰ ਦੀ ਗੱਲ ਸੁਣਕੇ ਉਸਦੇ ਰੋਮ ਖੜੇ ਹੋ ਗਏ।

ਦੂਜੇ ਦਿਨ ਉਸੇ ਸੇਵਾਦਾਰ ਨੇ ਉਸਨੂੰ ਇਕ ਹਲਵਾਈ ਕੋਲ ਨੌਕਰ ਕਰਵਾ ਦਿਤਾ। ਉਹ ਸਾਰਾ ਦਿਨ ਹਲਵਾਈ ਦੀਆਂ ਜੂਠੀਆਂ ਬਾਟੀਆਂ ਮਾਂਜਦਾ ਰਿਹਾ ਕਰੇ। ਦਿਨ ਖੁਲ੍ਹ ਗਏ ਸਨ। ਠੰਢ ਹਟ ਗਈ ਸੀ। ਰਾਤੀਂ ਉਹ ਹਲਵਾਈ ਦੀ ਦੁਕਾਨ ਅੱਗੇ ਵਾਣ ਦੀ ਮੰਜੀ ਉਤੇ ਕਪੜਿਆ ਸਮੇਤ ਹੀ ਸੌਂ ਜਾਇਆ ਕਰੇ! ਇਕ ਮਹੀਨੇ ਪਿਛੋਂ ਹਲਵਾਈ ਨੇ ਉਸਨੂੰ ਚਾਂਦੀ ਦਾ ਇਕ ਰੁਪਿਆ ਦੇਕੇ ਕਿਹਾ—"ਇਹ ਤੇਰੀ ਮਜੂਰੀ ਹੈ। ਗਵਾ ਨਾ ਲਈ।" ਜੋਗਾ ਸਿੰਘ ਨੂੰ ਸਮਝ ਨਾ ਆਈ ਕਿ ਰੁਪਿਆ ਕਿਥੇ ਰੱਖੇ। ਉਸਨੇ ਪਹਿਲੋਂ ਰੁਪਏ ਦਾ ਸਿਕਾ ਕਦੇ ਵੀ ਆਪਣੇ ਹੱਥ ਵਿਚ ਫੜ ਕੇ ਨਹੀਂ ਸੀ ਵੇਖਿਆ। ਉਹ ਬੜਾ ਖੁਸ਼ ਸੀ। ਹਲਵਾਈ ਨੇ ਰੁਪਿਆ ਉਸਦੇ ਹੱਥੋਂ ਫੜਕੇ ਕਿਹਾ—"ਤੂੰ ਗਵਾ ਲਏਂਗਾ। ਮੈਂ ਤੇਰੀ ਇਮਾਨਤ ਆਪਣੇ ਕੋਲ ਰੱਖ ਲੈਂਦਾ ਹਾਂ।"

ਬਹਾਰ ਦਾ ਮੌਸਮ ਲੰਘ ਗਿਆ। ਗਰਮੀਆਂ ਮੁੱਕ ਗਈਆਂ। ਪਤਝੜ ਦਾ ਮੌਸਮ ਖਤਮ ਹੋ ਗਿਆ ਸੀ। ਮੁੜ ਸਿਆਲ ਆਗਿਆ। ਜੋਗਾ ਸਿੰਘ ਦੇ ਦਸ ਰੁਪਏ ਜਮ੍ਹਾ ਹੋ ਗਏ। ਉਸਨੇ ਪੰਜ ਰੁਪਏ ਆਪਣੇ ਘਰ ਭੇਜਣੇ ਚਾਹੇ। ਹਲਵਾਈ ਨੇ ਉਸਨੂੰ ਪੁਛਿਆ—"ਜੋਗਿਆ ਤੂੰ ਸਾਰੀ ਉਮਰ ਬਾਟੀਆਂ ਮਾਂਜਦਾ ਰਹੇਗਾ?"

(ਪੰਨਾ ੧੪ ਦੀ ਬਾਕੀ)

ਉਸਨੇ ਉੱਤਰ ਦਿਤਾ—"ਮੈਂ ਤਾਂ ਵਾਜਾ ਸਿੱਖਣ ਆਇਆ ਹਾਂ।"

ਹਲਵਾਈ ਦੀ ਆਪਣੀ ਔਲਾਦ ਕੋਈ ਨਹੀਂ ਸੀ। ਉਸਨੇ, ਉਸਨੂੰ ਵਾਜਾ ਸਿਖਣ ਲਈ, ਹਰ ਰੋਜ਼, ਦੋ ਘੰਟੇ ਦੀ ਛੁੱਟੀ ਦੇਣੀ ਸ਼ੁਰੂ ਕਰ ਦਿਤੀ। ਉਹ ਹਲਵਾਈ ਦੀਆਂ ਬਾਟੀਆਂ ਮਾਂਜਦਾ ਰਿਹਾ ਤੇ ਹਾਰਮੋਨੀਅਮ ਉੱਤੇ ਕੀਰਤਨ ਸਿਖਦਾ ਰਿਹਾ। ਉਹ ਕੀਰਤਨ ਸਿਖਣ ਲਈ ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਇਕ ਸੂਰਮੇ ਰਾਗੀ ਤੋਂ ਕੀਰਤਨ ਸਿਖਣ ਜਾਂਦਾ। ਸੂਰਮਾ ਸਿੰਘ ਨੂੰ ਇਕ ਅਜਿਹੇ ਸ਼ਗਿਰਦ ਦੀ ਲੋੜ ਸੀ ਜੋ ਉਸਦੀ ਡੰਗੋਰੀ ਫੜਕੇ ਉਸ ਨਾਲ ਤੁਰਦਾ। ਇਸ ਤਰਾਂ ਉਸਨੇ ਹਲਵਾਈ ਦਾ ਕੰਮ ਛਡਕੇ ਸੂਰਮਾ ਸਿੰਘ ਪਾਸ ਰਹਿਣਾ ਸ਼ੁਰੂ ਕਰ ਦਿਤਾ। ਹੁਣ ਉਸ ਪਾਸ ਆਪਣੀ ਰਜਾਈ ਤਲਾਈ ਸੀ। ਉਸਨੇ ਇਕ ਸਿਰਹਾਣਾ ਵੀ ਭਰਵਾ ਲਿਆ ਸੀ। ਉਹ ਸੂਰਮਾ ਸਿੰਘ ਦੇ ਕਮਰੇ ਵਿਚ ਹੀ ਭੁੰਜੇ ਬਿਸਤਰਾ ਲਗਾ ਕੇ ਸੌਂ ਜਾਂਦਾ। ਜਿੰਨਾ ਸਮਾਂ ਮਿਲਦਾ ਕੀਰਤਨ ਸਿਖਣ ਵਿਚ ਤੇ ਅਭਿਆਸ ਕਰਨ ਵਿਚ ਲਗਾ ਦੇਂਦਾ।

ਉਹ ਘਰ ਪੈਸੇ ਭੇਜਦਾ ਰਹਿੰਦਾ। ਲਗਭਗ ਸੱਤ ਸਾਲ ਨਾ ਉਹ ਘਰ ਗਿਆ। ਨਾ ਹੀ ਉਸਨੂੰ ਘਰੋਂ ਕੋਈ ਮਿਲਣ ਆਇਆ। ਉਨ੍ਹਾਂ ਈਸੋ ਦਾ ਵਿਆਹ ਵੀ ਉਸਦੀ ਗੈਰਹਾਜ਼ਰੀ ਵਿਚ ਕਰ ਦਿਤਾ ਸੀ। ਜਦ ਉਹ ਆਪਣੇ ਗਿਰਾਂ ਗਿਆ ਤਾ ਘਰ ਦੇ ਸਭ ਜੀਆਂ ਲਈ ਕੱਪੜਾ—ਲੱਤਾ ਲੈ ਕੇ ਗਿਆ। ਜਦ ਉਸਨੇ ਗੁਰਦੁਆਰੇ ਵਿਚ ਕੀਰਤਨ ਕੀਤਾ ਤਾਂ ਲੋਕੀਂ ਕਹਿਣ ਲੱਗੇ— "ਜੋਗੇ ਨੇ ਤਾਂ ਹਰੀਏ ਦੇ ਪੁੱਤਰ ਨੂੰ ਵੀ ਪਿਛੇ ਛੱਡ ਦਿਤਾ ਹੈ।" ਮਾਂ ਪਿਓ ਨੇ ਜੋਗਾ ਸਿੰਘ ਦੇ ਵਿਆਹ ਦੀ ਗੱਲ ਚਲਾਈ। ਜੋਗਾ ਸਿੰਘ ਨੇ ਉਸ ਪਾਸੇ ਧਿਆਨ ਨਾ ਦਿਤਾ।

ਉਸਨੂੰ ਗੁਰਬਾਣੀ ਪੜ੍ਹਨ ਤੇ ਕੀਰਤਨ ਕਰਨ ਦਾ ਇਨਾ ਚਾਅ ਸੀ ਕਿ ਬਹੁਤਾ ਸਮਾਂ ਇਸੇ ਪਾਸੇ ਲਾਂਦਾ। ਇਸੇ ਤਰਾਂ ਤਿੰਨ ਚਾਰ ਸਾਲ ਹੋਰ ਨਿਕਲ ਗਏ। ਇਕ ਦਿਨ ਉਸਦੇ ਸੂਰਮੇ ਉਸਤਾਦ ਨੇ ਉਸਨੂੰ ਦੱਸਿਆ ਕਿ ਉਹ ਸਮੁੰਦਰੋਂ ਪਾਰ ਪਰਦੇਸਾਂ ਵਿਚ ਕੀਰਤਨ ਕਰਨ ਜਾ ਰਿਹਾ ਹੈ। ਉਸਦਾ ਇਕ ਸ਼ਗਿਰਦ ਵੀ ਉਸ ਨਾਲ ਤਬਲਾ ਵਜਾਉਣ ਲਈ ਜਾ ਰਿਹਾ ਹੈ। ਜੇ ਉਸਨੇ ਉਹਨਾਂ ਨਾਲ ਜਾਣਾ ਹੋਵੇ ਤਾਂ ਉਹ ਵੀ ਤਿਆਰ ਹੋ ਜਾਏ। ਉਹ ਕਈ ਦਿਨ ਸੋਚਦਾ ਰਿਹਾ। ਉਸਨੂੰ ਈਸੋ ਤੇ ਮਾਂ ਬਾਪ ਦੀ ਯਾਦ ਤਾਜ਼ਾ ਹੋ ਆਈ। ਉਹ ਮਨ ਹੀ ਮਨ ਵਿਚ ਆਪਣੇ ਉਸਤਾਦ ਨਾਲ ਪਰਦੇਸ ਜਾਣ ਲਈ ਤਿਆਰ ਹੋ ਗਿਆ। ਉਹ ਗਿਰਾਂ ਗਿਆ ਉਸਨੇ ਆਪਣੇ ਬਾਪ ਨੂੰ ਦੋ-ਵਿਘੇ ਜ਼ਮੀਨ ਹੋਰ ਖਰੀਦ ਦਿਤੀ। ਇਕ ਨਵਾਂ ਟੱਟੂ ਲੈ ਦਿਤਾ। ਜਦ ਉਹ ਵਾਪਸ ਅੰਮ੍ਰਿਤਸਰ ਮੁੜਿਆ ਤਾਂ ਉਸਦਾ ਉਸਤਾਦ ਉਸਦੀ ਉਡੀਕ ਕਰਕੇ ਪਰਦੇਸ ਜਾਣ ਨੂੰ ਤਿਆਰ ਹੋ ਗਿਆ ਸੀ। ਉਹ ਵੀ ਜਾਣ ਲਈ ਤਿਆਰ ਹੋ ਗਿਆ।

ਜਦ ਜੋਗਾ ਸਿੰਘ ਦਾ ਉਸਤਾਦ ਲਗਭਗ ਇਕ ਸਾਲ, ਪੀਨਾਂਗ, ਤੈਪਿੰਗ, ਕੁਆਲਾਕੈਂਗਸਰ, ਈਪੋ, ਕੁਆਲਾਲੰਪਰ, ਸਰੰਬਨ, ਮਲਾਕਾ ਤੇ ਸਿੰਘਾਪੁਰ ਕੀਰਤਨ ਕਰਨ ਪਿਛੋਂ ਦੇਸ ਮੁੜਨ ਲਈ ਤਿਆਰ ਹੋਇਆ ਤਾਂ ਉਸਨੇ ਜੋਗਾ ਸਿੰਘ ਨੂੰ ਸਲਾਹ ਦਿਤੀ ਕਿ ਉਹ ਕਿਸੇ ਗੁਰਦੁਆਰੇ ਵਿਚ ਕੀਰਤਨੀਆਂ ਲੱਗ ਜਾਵੇ, ਤਾਂ ਕਿ ਉਹ ਆਪਣੇ ਘਰ ਦਿਆਂ ਨੂੰ ਗਰੀਬੀ ਤੋਂ ਛੁਟਕਾਰਾ ਕਰਾ ਸਕੇ। ਉਹ ਰਹਿਣ ਨੂੰ ਤਿਆਰ ਨਾ ਹੋਇਆ। ਉਸਦਾ ਮਨ ਝਟ ਪਟ ਘਰ ਪਹੁੰਚਣ ਨੂੰ ਕਰ ਆਇਆ। ਉਸ ਪਾਸ ਉਸਦੀ ਆਸ ਤੋਂ ਵੱਧ ਪੈਸੇ ਜਮ੍ਹਾਂ ਹੋ ਗਏ ਸਨ। ਕਦੇ ਉਹ ਸੋਚਦਾ ਕਿ ਕੁਝ ਪੈਸੇ ਉਹ ਘਰ ਭੇਜ ਦੇਵੇ ਤੇ ਹੋਰ ਪੈਸੇ ਕਮਾਉਣ ਲਈ ਮਲਾਯਾ ਵਿਚ ਹੀ ਟਿਕਿਆ ਰਹੇ। ਕਦੇ ਉਹ ਸੋਚਦਾ ਕਿ ਦੇਸ ਜਾਕੇ ਵਿਆਹ ਕਰਵਾ ਕੇ ਮੁੜ ਵਾਪਸ ਆ ਜਾਏ। ਉਸਦਾ ਮਨ ਦੁਚਿਤੀ ਵਿਚ ਪਿਆ ਰਿਹਾ।

ਉਹ ਸਿੰਘਾਪੁਰ ਤੋਂ ਪੀਨਾਂਗ ਵੱਲ ਵਾਪਸ ਜਾਂਦੇ ਕੀਰਤਨ ਕਰਦੇ ਜਾ ਰਹੇ ਸਨ। ਜਦ ਉਹ ਤੈਪਿੰਗ ਪਹੁੰਚੇ ਤਾਂ ਉਸਦੇ ਸੂਰਮੇ ਉਸਤਾਦ ਨੇ ਫਿਰ ਉਸਦੇ ਮਲਾਯਾ ਵਿਚ ਰਹਿ ਜਾਣ ਦੀ ਗੱਲ ਚਲਾ ਦਿਤੀ—"ਜੋਗਾਂ ਸਿਹਾਂ। ਜੇ ਤੂੰ ਰਹਿ ਜਾਏਗਾ ਤਾਂ ਸਾਡਾ ਪੱਕਾ ਟਿਕਾਣਾ ਬਣ ਜਾਏਗਾ। ਦੋਹਾਂ ਚੌਹਾਂ ਸਾਲਾਂ ਨੂੰ ਫਿਰ ਆਵਾਂਗੇ ਫਿਰ ਇਕ ਹੋਰ ਸ਼ਗਿਰਦ ਛੱਡ ਜਾਂਗੇ।"

ਉਨ੍ਹਾਂ ਦੇ ਕੋਲ ਬੈਠੇ ਗੁਰਦੁਆਰੇ ਦੇ ਪ੍ਰਬੰਧਕ ਬਾਬੂ ਕਿਹਰ ਸਿੰਘ ਜੀ ਨੇ ਵੀ ਸੂਰਮਾ ਸਿੰਘ ਦੀ ਰਾਏ ਵਿਚ ਰਾਏ ਮਿਲਾ ਦਿਤੀ—"ਮੇਰਾ ਖਿਆਲ ਐ ਕਿ ਭਾਈ ਜੋਗਾ ਸਿੰਘ ਹੋਰੀਂ ਖੁਲ੍ਹੇ ਤੌਰ ਤੇ ਕੀਰਤਨ ਕਰਨ। ਕਿਸੇ ਨੌਕਰੀ ਦੇ ਬੰਧਨ ਵਿਚ ਨਾ ਪੈਣ ਤਾਂ ਚੰਗੇ ਰਹਿਣਗੇ।"

ਜਦ ਪੀਨਾਂਗ ਤੋਂ ਸੂਰਮਾ ਸਿੰਘ ਤੇ ਉਨ੍ਹਾਂ ਦਾ ਦੂਜਾ ਸ਼ਗਿਰਦ ਜਹਾਜ਼ ਚੜ੍ਹਨ ਲੱਗੇ ਤਾਂ ਜੋਗਾ ਸਿੰਘ ਦਰੁੱਵ ਪਿਆ। ਉਸਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਸੂਰਮਾ ਸਿੰਘ ਨੇ ਕਿਹਾ "ਜੋਗਾ ਸਿਹਾਂ। ਜੇ ਤੇਰਾ ਮਨ ਨਾ ਲੱਗੇ ਤਾਂ ਕਿਸੇ ਹੋਰ ਜਹਾਜ਼ ਤੇ ਤੁਰ ਆਈਂ। ਜਹਾਜ਼ ਤੁਰੇ ਹੀ ਰਹਿੰਦੇ ਐ।"

ਗੁਰਦੁਆਰਾ ਪੀਨਾਂਗ ਵਿਚ ਥੋੜੇ ਦਿਨ ਕੀਰਤਨ ਕਰਨ ਮਗਰੋਂ ਉਹ ਤੈਪਿੰਗ ਬਾਬੂ ਕਿਹਰ ਸਿੰਘ ਹੋਰਾ ਦੇ ਜ਼ੋਰ ਦੇਣ ਤੇ ਉਥੇ ਹੀ ਗਰੰਥੀ ਦਾ ਕੰਮ ਕਰਨ ਲਗ ਪਿਆ। ਉਨ੍ਹਾਂ ਦਿਨਾ ਵਿਚ ਹੀ ਬਾਬੂ ਕਿਹਰ ਸਿੰਘ ਨੂੰ ਮਿਲਣ ਆਇਆ ਪੀਨਾਂਗ ਦਾ ਗਰੰਥੀ ਭਾਈ ਭਗਵਾਨ ਸਿੰਘ ਉਸਨੂੰ ਮਿਲ ਪਿਆ। ਵਾਪਸ ਜਾਂਦਾ ਉਹ ਜੋਗਾ ਸਿੰਘ ਨੂੰ ਆਪਣੇ ਲਾਲ ਲੈ ਗਿਆ।

ਜੋਗਾ ਸਿੰਘ ਦਾ ਲਗਭਗ ਪੌਣੇ ਛੇ ਫੁੱਟ ਲੰਮਾ ਕੱਦ, ਢੁਕਵਾਂ ਸਰੀਰ, ਨਾ ਪਤਲਾ ਨਾ ਮੋਟਾ। ਗੋਰਾ-ਦੁੱਧ ਰੰਗ। ਵੱਡੀਆਂ ਵੱਡੀਆਂ ਅੱਖਾਂ। ਲੰਮਾਂ ਨੱਕ ਤੇ ਚੌਵੀ ਪੰਝੀ ਸਾਲਾਂ ਦੀ ਖੁਲ੍ਹੀ ਦਾੜ੍ਹੀ। ਦਾੜ੍ਹੀ ਦਾ ਕੱਕਾ ਰੰਗ। ਸਿਰ ਉਤੇ ਦੋਹਰੀ ਬੱਧੀ ਦਸਤਾਰ। ਕਾਲੀ ਅਚਕਨ ਤੇ ਤੰਗ ਪਜਾਮਾ। ਪੈਰੀਂ ਕਾਲੇ-ਸ਼ਾਹ ਨਵੇਂ ਨਕੋਰ ਬੂਟ। ਜੋ ਕੋਈ ਉਸਨੂੰ ਮਿਲਦਾ, ਬਿਨਾਂ ਜਾਣ ਪਛਾਣ ਦੇ, ਉਸਦੀ ਦਿੱਖ-ਪੁੱਖ ਤੇ ਪਹਿਰਾਵੇ ਦੇ ਰੋਹਬ ਵਿਚ ਆਕੇ ਸਤਿ ਸ੍ਰੀ ਅਕਾਲ ਬੁਲਾ ਦੇਂਦਾ। ਜਿਸ ਦਿਨ ਪਹਿਲੀ ਵਾਰੀ, ਭਾਈ ਭਗਵਾਨ ਸਿੰਘ ਨੇ ਉਸਦਾ ਇਕੱਲੇ ਦਾ ਕੀਰਤਨ ਸੁਣਿਆ ਸੀ ਉਸੇ ਦਿਨ ਤੋਂ ਉਹ ਉਸਨੂੰ ਚਾਹੁਣ ਲੱਗ ਪਿਆ ਸੀ। ਭਾਈ ਭਗਵਾਨ ਸਿੰਘ ਆਪ ਜਦ ਲੈਕਚਰ ਕਰਦਾ ਸੀ ਤਾਂ ਲੋਕਾਂ ਨੂੰ ਕੀਲ ਲੈਂਦਾ ਸੀ ਜਿਵੇਂ ਮਦਾਰੀ, ਸੱਪ ਨੂੰ ਕੀਲ ਲੈਂਦਾ ਹੈ ਪਰ ਉਹ ਕੀਰਤਨ ਕਰਨਾ ਨਹੀਂ ਸੀ ਜਾਣਦਾ। ਜੋਗਾ ਸਿੰਘ ਦੇ ਕੀਰਤਨ ਨਾਲ ਉਹ ਆਪ ਕੀਲਿਆ ਗਿਆ ਸੀ। ਉਹ ਦੋਵੇਂ ਕੁਝ ਦਿਨਾਂ ਵਿਚ ਹੀ ਘਿਓ ਖਿਚੜੀ ਹੋ ਗਏ। ਭਾਈ ਭਗਵਾਨ ਸਿੰਘ ਰਾਜਨੀਤਕ ਵਿਚਾਰਾਂ ਵਾਲਾ ਸੀ। ਉਹ ਅੰਗਰੇਜ਼ਾਂ ਦੇ ਸਖਤ ਖਿਲਾਫ ਤੇ ਦੇਸ ਦੀ ਆਜ਼ਾਦੀ ਦਾ ਇੱਛਕ ਸੀ। ਉਸਦੇ ਵਿਚਾਰਾਂ ਦਾ ਜੋਗਾ ਸਿੰਘ ਉਤੇ ਵੀ ਅਸਰ ਹੋਇਆ।

ਭਾਈ ਭਗਵਾਨ ਸਿੰਘ ਪੀਨਾਂਗ ਛੱਡਕੇ ਹਾਂਗਕਾਂਗ ਜਾ ਗ੍ਰੰਥੀ ਲੱਗਾ। ਫਿਰ ਉਹ ਕੈਨੇਡਾ ਜਾ ਪਹੁੰਚਾ। ਉੱਥੋਂ ਦੀ ਸਰਕਾਰ ਨੇ ਉਸਦੀਆਂ ਮੁਸ਼ਕਾਂ ਬਨ੍ਹਾ ਕੇ ਉਸਨੂੰ ਉੱਥੋਂ ਕੱਢ ਦਿਤਾ। ਉਹ ਅਮਰੀਕਾ ਜਾ ਪਹੁੰਚਾ। ਗ਼ਦਰ ਪਾਰਟੀ ਦਾ ਪ੍ਰਧਾਨ ਨੀਯਤ ਹੋ ਗਿਆ। ਜਦ ਭਗਵਾਨ ਸਿੰਘ ਮਨੀਲੇ ਤੋਂ ਸਿੰਘਾਂਪੁਰ ਭਾਈ ਬਲਵੰਤ ਸਿੰਘ ਹੋਰਾਂ ਨੂੰ ਮਿਲਣ ਆਇਆ ਉਸ ਸਮੇਂ ਜੋਗਾ ਸਿੰਘ, ਸਿੰਘਾਪੁਰ ਗੁਰਦੁਆਰੇ ਵਿਚ ਟਿਕਿਆ ਸੀ। ਉੱਥੋਂ ਦਾ ਗ੍ਰੰਥੀ ਦੇਸ ਗਿਆ ਹੋਇਆ ਸੀ। ਭਾਈ ਭਗਵਾਨ ਸਿੰਘ ਜਦ ਉਸਨੂੰ ਮਿਲਿਆ ਤਾਂ ਜੋਗਾ ਸਿੰਘ ਉਸਨੂੰ ਦਸਤਾਰ ਤੇ ਕੇਸਾਂ ਤੋਂ ਬਿਨਾਂ ਤਕ ਕੇ ਕੰਬ ਉਠਿਆ। ਉਸਦੇ ਰੋਮ ਖੜੇਹੋ ਗਏ। ਭਗਵਾਨ ਸਿੰਘ ਰਾਤ ਉਸ ਪਾਸ ਰਹਿ ਕੇ, ਉਸਨੂੰ ਦੇਸ ਦੀ ਆਜ਼ਾਦੀ ਦੀ ਜੰਗ ਛੇੜ ਦੇਣ ਦੀ ਸਾਰੀ ਗੱਲ ਸਮਝਾਈ ਪਰ ਭਗਵਾਨ ਸਿੰਘ ਨੂੰ ਜਾਪਿਆ ਕਿ ਉਹ ਉਸਦੀ ਕਿਸੇ ਗੱਲ ਵੱਲ ਧਿਆਨ ਨਹੀਂ ਦੇ ਰਿਹਾ। ਭਗਵਾਨ ਸਿੰਘ ਮੁੜ ਕੇ ਉਸਨੂੰ ਮਿਲਣ ਨਾ ਗਿਆ। ਹੁਣ ਭਗਵਾਨ ਸਿੰਘ ਨੂੰ ਮਿਲਣ ਦੀ ਜੋਗਾ ਸਿੰਘ ਦੀ ਇੱਛਾ ਬਹੁਤ ਹੀ ਤੀਬਰ ਹੋ ਉਠੀ।

ਜਦ ਉਹ ਸੁਣਦਾ ਕਿ ਅਮਰੀਕਾ, ਕੈਨੇਡਾ, ਸ਼ੰਘਾਈ, ਹਾਂਗਕਾਂਗ ਤੇ ਮਨੀਲੇ ਤੋਂ ਲੋਕ ਧੜਾ ਧੜ ਦੇਸ ਜਾ ਰਹੇ ਹਨ ਤਾਂ ਉਸਦਾ ਮਨ ਵੀ ਦੇਸ ਜਾਣ ਲਈ ਉਤਾਵਲਾ ਹੋ ਉਠਦਾ। ਜੰਗ ਲੱਗੀ ਹੋਣ ਕਰਕੇ ਉਸਨੂੰ ਘਰੋਂ ਚਿੱਠੀ ਆਉਣੀ ਵੀ ਬੰਦ ਹੋ ਗਈ ਸੀ। ਉਹ ਭਗਵਾਨ ਸਿੰਘ ਨੂੰ ਮਿਲਣ ਲਈ ਕਾਹਲਾ ਪੈ ਰਿਹਾ ਸੀ। ਉਸਨੂੰ ਦੇਸ ਦੀ ਆਜ਼ਾਦੀ ਦੀ ਗੱਲ ਵੀ ਕੁਝ ਕੁਝ ਸਮਝ ਆਉਣ ਲੱਗ ਪਈ ਸੀ।

## ਸਮਾਨਤਾ ਦੀ ਨਵੀਂ ਅਗਜ਼ੈਕਟਿਵ ਦੀ ਪਹਿਲੀ ਮੀਟਿੰਗ

ਸਮਾਨਤਾ ਦੀ ਨਵੀਂ ਅਗਜ਼ੈਕਟਿਵ ਦੀ ਪਹਿਲੀ ਮੀਟਿੰਗ 26 25 ਜਨਵਰੀ 1983 ਨੂੰ ਵੈਨਕੂਵਰ ਵਿਚ ਹੋਈ ਜਿਸ ਵਿਚ ਪਿਛਲੇ ਸਾਲ ਦੀ ਅਗਜ਼ੈਕਟਿਵ ਦੇ ਮੈਂਬਰਾਂ ਨੂੰ ਵੀ ਸੱਦਿਆ ਗਿਆ ਤੇ ਉਹਨਾਂ ਨੂੰ ਵਿਦਾਇਗੀ ਦਿਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਨਵੀਂ ਪ੍ਰਧਾਨ ਹਰਬੰਸ ਢਿੱਲੋਂ ਨੇ ਕੀਤੀ। ਕਾਰਵਾਈ ਦੇ ਦੌਰਾਨ ਪਿਛਲੀ ਅਗਜ਼ੈਕਟਿਵ ਦੇ ਮੈਂਬਰਾਂ ਨੇ ਸਮਾਨਤਾ ਦੇ ਹੁਣ ਤਕ ਕੀਤੇ ਕੰਮਾਂ ਉਤੇ ਰੋਸ਼ਨੀ ਪਾਈ ਅਤੇ ਇਸ ਦਾ ਮੁਖ ਉਦੇਸ਼ — ਔਰਤਾਂ ਉਤੇ ਤਸ਼ੱਦਦ ਦੀ ਰੋਕਥਾਮ — ਵਧੇਰੇ ਵਿਸਥਾਰ ਵਿਚ ਪਰਗਟ ਕੀਤਾ। ਨਵੀਂ ਅਗਜ਼ੈਕਟਿਵ ਵਲੋਂ ਸਰਵ ਸੰਮਤੀ ਨਾਲ ਕੁਝ ਫੈਸਲੇ ਕੀਤੇ ਗਏ ਜੋ ਇਸ ਪਰਕਾਰ ਹਨ :

1. ਅਗਜ਼ੈਕਟਿਵ ਦੇ ਸਾਰੇ ਦੇ ਸਾਰੇ ਮੈਂਬਰ Victom Support Committee ਯਾਨੀ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਨੂੰ ਸਹਾਰਾ ਦੇਣ ਵਾਲੀ ਕਮੇਟੀ ਵਿਚ ਹਿਸਾ ਪਾਉਣਗੇ ਕਿਉਂਕਿ ਸਮਸਿਆ ਸਿਰਫ ਵੈਨਕੂਵਰ ਵਿਚ ਹੀ ਨਹੀਂ ਸਗੋਂ ਸਰੀ, ਡੈਲਟਾ, ਕੁਕਿਟਲਮ, ਐਬਸਫੋਰਡ ਤਕ ਔਰਤਾਂ ਨੂੰ ਮਦਦ ਦੀ ਲੋੜ ਹੈ ਸੋ ਸਾਰੇ ਮੈਂਬਰ ਵੱਖ ਵੱਖ ਥਾਵਾਂ ਤੇ ਔਰਤਾਂ ਦੀ ਮਦਦ ਕਰਨਗੇ।
2. ਸਮਾਨਤਾ ਦੇ ਮੈਂਬਰਾਂ ਵਿਚ ਅਤੇ ਕਮਿਊਨਿਟੀ ਵਿਚ ਤਸ਼ੱਦਦ ਦੇ ਖਿਲਾਫ ਵਿਦਿਆ ਫੈਲਾਉਣ, ਇਸ ਸਮਸਿਆ ਬਾਰੇ ਜਾਗਰਤੀ ਲਿਆਉਣ ਤੇ ਇਸ ਸਮਸਿਆ ਨੂੰ ਕਿਵੇਂ ਹੱਲ ਕੀਤਾ ਜਾਏ ਬਾਰੇ ਕੁਝ ਵਰਕਸ਼ਾਪਾਂ ਲਾਈਆਂ ਜਾਣਗੀਆਂ।
3. ਅੰਤਰਰਾਸ਼ਟਰੀ ਔਰਤਾਂ ਦੇ ਸਮੁੱਚੇ ਘੋਲ ਵਿਚ ਹਿਸਾ ਪਾਉਣ ਲਈ ਸਮਾਨਤਾ, ਔਰਤਾਂ ਦੇ ਅੰਤਰਰਾਸ਼ਟਰੀ ਦਿਵਸ ਨੂੰ ਪੂਰੀ ਮਿਲਵਰਤਣ ਦੇਵੇਗੀ। ਇਹ ਦਿਵਸ 5 ਮਾਰਚ 1983 ਨੂੰ ਹੈ ਅਤੇ ਉਸ ਦਿਨ ਔਰਤਾਂ ਦੀ ਇਕ ਰੈਲੀ ਤੇ ਮਾਰਚ ਹੋਏਗੀ ਜਿਸ ਵਿਚ ਸਮਾਨਤਾ ਦੀਆਂ ਮੈਂਬਰ ਜਾਣਗੀਆਂ। ਮਾਰਚ 6, 1983 ਨੂੰ ਜਾਣਕਾਰੀ ਦਿਵਸ ਵਾਲੇ ਦਿਨ ਸਮਾਨਤਾ ਬਾਰੇ ਤੇ ਔਰਤਾਂ ਉਤੇ ਤਸ਼ੱਦਦ ਰੋਕਣ ਬਾਰੇ ਜਾਣਕਾਰੀ ਟੇਬਲ ਲਾਏ ਜਾਣਗੇ।
4. ਸਮਾਨਤਾ ਦੇ ਕੁਝ ਮੈਂਬਰ ਬੀ. ਸੀ. ਯੂਕੋਨ ਸੁਸਾਇਟੀ ਆਫ ਟ੍ਰਾਂਜ਼ੀਸ਼ਨ ਹਾਊਸਜ਼ ਦੀ ਸਾਲਾਨਾ ਕਨਵੈਨਸ਼ਨ ਵਿਚ ਹੋਣ ਵਾਲੀਆਂ ਵਰਕਸ਼ਾਪਾਂ ਵਿਚ ਜਾਣਗੀਆਂ। ਇਹ ਵਰਕਸ਼ਾਪਾਂ 26 ਤੇ 27 ਫਰਵਰੀ ਨੂੰ ਹੋ ਰਹੀਆਂ ਹਨ।
5. ਤਸ਼ੱਦਦ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਅਗੇ ਵਾਂਗ ਹੀ ਅਖਬਾਰਾਂ ਵਿਚ ਆਰਟੀਕਲ ਲਿਖੇ ਜਾਣਗੇ, ਗੁਰਦੁਆਰਿਆਂ ਤੇ ਹੋਰ ਅਦਾਰਿਆਂ ਨਾਲ ਸੰਪਰਕ ਕੀਤਾ ਜਾਏਗਾ ਤੇ ਉਨ੍ਹਾਂ ਦੀ ਮਿਲਵਰਤਣ ਪ੍ਰਾਪਤ ਕੀਤੀ ਜਾਏਗੀ।
6. ਸਮਾਨਤਾ ਦੇ ਸਾਰੇ ਮੈਂਬਰਾਂ ਦੀ ਮੀਟਿੰਗ ਹਰ ਚੌਥੇ ਮਹੀਨੇ ਹੋਇਆ ਕਰੇਗੀ, ਜਿਸ ਵਿਚ ਸਾਰੇ ਮੈਂਬਰ ਤੇ ਉਨ੍ਹਾਂ ਦੇ ਪਰਵਾਰ ਇਕੱਠੇ ਹੋ ਕੇ ਇਕ ਦੂਸਰੇ ਨਾਲ ਸਮਾਜਕ ਮੇਲ ਜੋਲ ਵਧਾ ਸਕਣ।
7. ਸਮਾਨਤਾ ਦੀ ਅਗਜ਼ੈਕਟਿਵ ਦੀ ਮੀਟਿੰਗ ਹਰ ਮਹੀਨੇ ਹੋਇਆ ਕਰੇਗੀ। ਅਗਲੀ ਮੀਟਿੰਗ 26 ਫਰਵਰੀ ਸ਼ਾਮ ਨੂੰ ਰੱਖੀ ਗਈ ਹੈ। ਥਾਂ ਤੇ ਸਮੇਂ ਬਾਰੇ ਜਾਣਕਾਰੀ ਫੋਨ ਤੇ ਦੇ ਦਿਤੀ ਜਾਏਗੀ।

ਸਮਾਨਤਾ ਅਗਜ਼ੈਕਟਿਵ ਕਮੇਟੀ
P.O. BOX 67626 Stn. 'O'
VANCOUVER, B.C. V5W 3V1

(ਪੰਨਾ 18 ਦੀ ਬਾਕੀ)

ਕੀਤੀ ਉਂਜ ਹੀ ਬੁੱਤਾ ਸਾਰ ਲਿਆ ? ਤੁਸੀਂ ਗਲਤੀ ਨਾਲ Culture ਦੀ ਬਜਾਏ Agriculture ਬਾਰੇ ਹੀ ਪੇਪਰ ਪੜ੍ਹ ਦਿਤਾ ? ਕੀ ਤੁਸੀਂ ਖੇਤਾਂ ਵਿਚ ਟਰੈਕਟਰਾਂ ਨਾਲ ਸਾਹਿਤ ਦੀ ਬਜਾਈ ਕਰਨ ਦਾ ਇਰਾਦਾ ਰਖਦੇ ਸੋ ? ਉਂਜ ਚੰਗਾ ਹੈ ਤੁਸੀਂ ਸਵੀਕਾਰ ਕਰ ਹੀ ਲਿਆ ਕਿ ਤੁਹਾਡੇ ਸੰਮੇਲਨ ਦਾ ਮਾਹੌਲ Cultural ਨਾਲੋਂ Agricultural ਵਧੇਰੇ ਸੀ। ਸਾਹਿਤ ਵਿਚ ਆਈ ਹਰੀ ਕਰਾਂਤੀ ਲਈ ਮੁਬਾਰਕਾਂ !! "ਸਾਹਿਤ ਵਿਚ ਵਧੇਰੇ ਝਾੜ ਕਿਵੇਂ ਪੈਦਾ ਕੀਤਾ ਜਾਵੇ"— ਉਮੀਦ ਹੈ ਤੁਹਾਡਾ ਅਗਲਾ ਲੇਖ ਇਸੇ ਵਿਸ਼ੇ ਨਾਲ ਸਬੰਧਤ ਹੋਵੇਗਾ !!!

### 10. ਤੀਜਾ ਵਿਸ਼ਵ ਸੰਮੇਲਨ ਵੈਨਕੂਵਰ ਵਿਚ ?

ਤੁਹਾਡੀ ਚੰਡਾਲ ਚੌਂਕੜੀ ਦੇ ਸਾਥੀ ਦੀਪਕ ਮਨਮੋਹਨ ਸਿੰਘ, ਬੀਬੀ ਬਚਿੰਤ ਕੌਰ ਅਤੇ ਹਰਭਜਨ ਸਿੰਘ ਰਤਨ — ਇਨ੍ਹਾਂ ਸਭਨਾਂ ਨੇ ਟਰਾਂਟੋ ਵਿਚ ਆਪਣੇ ਮਿਤਰਾਂ ਕੋਲ ਕਿਹਾ ਹੈ ਕਿ ਕਾਰਨਵਾਲ ਵਿਚ ਵਿਸ਼ਵ ਸੰਮੇਲਨ ਦੀ ਵਾਕਿਆ ਹੀ ਗਰਬ-ਪਾਤ ਹੋਇਆ ਹੈ। ਪਰ ਇਸਦੇ ਉਲਟ ਤੁਸੀਂ ਇਸ ਸੰਮੇਲਨ ਦੀ ਮਹਾਂ ਕਾਮਯਾਬੀ ਦਾ ਰਾਗ ਵੀ ਅਲਾਪ ਰਹੇ ਹੋ ? ਅਤੇ ਅਜੇ ਵੀ ਹਾਏ ਕੈਨੇਡਾ ! ਹਾਏ ਕੈਨੇਡਾ, ਵੀ ਕਰ ਰਹੇ ਹੋ ?

ਪ੍ਰੀਤਮ ਸਿੰਘ P.C.S. ਜੀ, ਜੇਕਰ ਤੁਹਾਡੇ ਵਿਸ਼ਵ ਸੰਮੇਲਨ ਦੀ ਏਨੀ ਹੀ ਕਾਮਯਾਬੀ ਸੀ ਤਾਂ ਤੀਜੇ ਵਿਸ਼ਵ ਸੰਮੇਲਨ ਦੀ ਫੇਰ ਕੈਨੇਡਾ ਵਿਚ ਕੀ ਲੋੜ ਪੈ ਗਈ ? ਕੈਨੇਡਾ ਦੇ ਲੇਖਕਾਂ ਨੂੰ ਤਾਂ ਪੁੱਛ ਵੇਖੋ ? ਹੁਣ ਤਾਂ ਤੁਹਾਡੇ ਕੈਨੇਡਾ ਵਿਚਲੇ ਸੇਵਕ ਵੀ ਤੁਹਾਡਾ ਵਿਰੋਧ ਕਰਦੇ ਹਨ।

ਦੀਪਕ ਮਨਮੋਹਨ ਸਿੰਘ, ਹਰਭਜਨ ਸਿੰਘ ਰਤਨ ਅਤੇ ਬੀਬੀ ਬਚਿੰਤ ਕੌਰ ਜੀ, ਤੁਸੀਂ ਟਰਾਂਟੋ ਵਿਚ ਦੋਸਤਾਂ/ਰਿਸ਼ਤੇਦਾਰਾਂ ਨੂੰ ਕਹਿ ਚੁੱਕੇ ਹੋ ਕਿ ਅਟਵਾ ਵਿਸ਼ਵ ਸੰਮੇਲਨ ਬਹੁਤ ਘਟੀਆ ਪੱਧਰ ਦਾ ਸੀ ਅਤੇ ਲੇਖਕਾਂ ਦੀ ਬੜੀ ਦੁਰਦਸ਼ਾ ਹੋਈ ਹੈ। ਫੇਰ ਤੁਸਾਂ ਮੁੜ ਅਜਿਹੇ ਛੜਯੰਤਰ ਰਚਾਉਣ ਲਈ ਕੈਨੇਡਾ ਵੱਲ ਹੀ ਕਿਉਂ ਮੂੰਹ ਚੁਕਿਆ ਹੋਇਆ ਹੈ ? ਤੁਹਾਡੀ ਸੋਚ ਵਿਚ ਅਜਿਹਾ ਦਵੰਦ ਕਿਉਂ ?

ਹੇ ਦਿੱਲੀ ਇੰਡਸਟਰੀਅਲ ਕੋਆਪਰੇਟਿਵ ਸੁਸਾਇਟੀ ਦੇ ਵਪਾਰੀ ਲੇਖਕੋ !! ਕੁਝ ਤਾਂ ਸ਼ਰਮ ਕਰੋ। ਏਨੀ ਵੀ ਢੀਠਤਾਈ ਕੀ ? ਹਿਦੁਸਤਾਨ ਅਤੇ ਪਾਕਿਸਤਾਨ ਵਿਚ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਨਾਵਲਿਸਟ, ਅੰਮ੍ਰਿਤਾ ਪ੍ਰੀਤਮ, ਡਾ: ਜਸਵੰਤ ਸਿੰਘ ਨੇਕੀ, ਡਾ: ਹਰਭਜਨ ਸਿੰਘ, ਸੁਰਜੀਤ ਪਾਤਰ, ਕਰਤਾਰ ਸਿੰਘ ਦੁਗਲ, ਪਾਸ਼, ਮੋਹਨਜੀਤ, ਪ੍ਰੇਮ ਪਰਕਾਸ਼, ਮੋਹਨ ਕਾਹਲੋਂ, ਬਲਵੰਤ ਗਾਰਗੀ, ਗੁਰਸ਼ਰਨ ਸਿੰਘ, ਹਰਨਾਮ, ਸ. ਸ. ਮੀਸ਼ਾ, ਜਸਵੰਤ ਸਿੰਘ ਵਿਰਦੀ, ਸੰਤੋਖ ਸਿੰਘ ਧੀਰ, ਡਾ: ਸੁਤਿੰਦਰ ਨੂਰ, ਡਾ: ਅਤਰ ਸਿੰਘ, ਸੰਤ ਸਿੰਘ ਸੇਖੋਂ, ਡਾ: ਵੀ. ਐਨ. ਤਿਵਾੜੀ, ਪ੍ਰੋ: ਪ੍ਰੀਤਮ ਸਿੰਘ (ਪਟਿਆਲੇ ਵਾਲੇ), ਅਜੀਤ ਕੌਰ, ਫਖਰ ਜ਼ਮਾਨ, ਸਿਬਤੁਲ ਜੈਗਮ, ਹਨੀਫ ਚੌਧਰੀ, ਅਹਿਮਦ ਸਲੀਮ, ਮੁਨੀਰ ਨਿਆਜ਼ੀ ਜਿਹੀਆਂ ਸਤਿਕਾਰ ਯੋਗ ਹਸਤੀਆਂ ਰਹਿੰਦੀਆਂ ਹਨ। ਏਨ੍ਹਾਂ ਸਤਿਕਾਰ ਯੋਗ ਸਾਹਿਤਕ ਮਹਾਨ ਹਸਤੀਆਂ ਦੀ ਹੀ ਕੁਝ ਸ਼ਰਮ ਕਰੋ ? ਉਨ੍ਹਾਂ ਨਾਲ ਹੀ ਗੱਲ ਕਰ ਵੇਖੋ !!

ਪ੍ਰੀਤਮ ਸਿੰਘ P.C.S. ਜੀ, ਤੁਸੀਂ ਆਪਣੀ 'ਮੈਂ ਨ ਮਾਨੂੰ ਵਾਲੀ' ਆਦਤ ਨੂੰ ਬਦਲੋ। ਅਤੇ ਸਾਹਿਤ ਅਤੇ ਕਲਚਰ ਦੇ ਮਸਲੇ, ਵਿਸ਼ਵ ਦੇ ਸਹਿਤਕਾਰਾਂ ਅਤੇ ਕਲਚਰ ਦੇ ਜਾਣਕਾਰਾਂ ਉਤੇ ਹੀ ਛੱਡ ਦਿਓ। ਮੇਰੀ ਰਾਇ ਵਿਚ ਤੁਸੀਂ ਹੁਣ Culture ਨਾਲੋਂ Agriculture ਵੱਲ ਹੀ ਵਧੇਰੇ ਧਿਆਨ ਦਿਓ। ਕਿਉਂਕਿ ਤੁਸੀਂ ਖੁਦ ਹੀ ਸਮਝਦੇ ਹੋ ਕਿ Agriculture ਹੀ ਤੁਹਾਡਾ ਵਧੇਰੇ ਬਹੁਤਾ ਵਿਸ਼ਾ ਹੈ ! ਬਾਕੀ ਰਹੀ ਗੱਲ ਸਾਹਿਤ ਦੀ ਸਾਹਿਤਕਾਰ, ਸਾਹਿਤਕ ਮਸਲੇ ਤਾਂ ਆਪੇ ਹੀ ਨਜਿੱਠ ਲੈਣਗੇ !!! ਤੁਸੀਂ ਇਸ ਵਿਸ਼ੇ ਉਤੇ ਹੀ ਹਾਲ ਦੀ ਘੜੀ ਪੂਰਾ ਧਿਆਨ ਦਿਓ ਕਿ ਖੇਤਾਂ ਵਿਚੋਂ ਹੋਰ ਵਧੇਰੇ ਨਵੀਂ ਕਿਸਮ ਦਾ ਬੁਰਜੂਆ ਸਾਹਿਤ ਉਗਾਣ ਲਈ ਕਿਸ ਕਿਸ ਕਿਸਮ ਦੀਆਂ ਮਸ਼ੀਨਾਂ ਅਤੇ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ !!!!

ਸੰਗ ਪਹਿਰੇਦਾਰ ਸੀ ਸਾਡੇ ਵਿਚਾਲੇ,
ਪਿਆਰ ਉਲਝਿਆ ਹਾਰ ਸੀ ਸਾਡੇ ਵਿਚਾਲੇ।

ਇਕ ਸਿਰੇ ਤੇ ਉਹ ਤੇ ਮੈਂ ਦੂਜੇ ਸਿਰੇ ਤੇ,
ਟਿਕਟਿਕੀ ਦੀ ਤਾਰ ਸੀ ਸਾਡੇ ਵਿਚਾਲੇ।

ਕੈਮਲੂਪਸ ਵਿਚ 'ਕੈਨੇਡਾ ਦਰਪਣ'
ਤੁਹਾਨੂੰ
ਲਵਲੀ ਫੈਬਰਿਕ ਤੋਂ ਮਿਲ ਸਕਦਾ ਹੈ
LOVELY FABRIC
14—750 Fortune Drive
KAMLOOPS—B.C.
PHONE: 376-9820

ਕੈਲਗਰੀ ਵਿਚ 'ਕੈਨੇਡਾ ਦਰਪਣ'
ਤੁਹਾਨੂੰ
ਰੀਨਾ ਸਾੜ੍ਹੀ ਫੈਬਰਿਕ ਤੋਂ ਮਿਲ ਸਕਦਾ ਹੈ
REENA SAREE FABRIC
#5—5320 8th Ave. S.E.
CALGARY—ALTA

ਵਿਲੀਅਮਜ਼ ਲੇਕ ਵਿਚ
ਤੁਹਾਡਾ ਆਪਣਾ ਗਰੌਸਰੀ ਸਟੋਰ
ਜਨਤਾ ਫੂਡ ਸਪਲਾਈ
ਜਿਥੋਂ ਆਪਣੀ ਗਰੌਸਰੀ ਵੀ ਲਓ ਤੇ 'ਕੈਨੇਡਾ ਦਰਪਣ' ਵੀ ਖਰੀਦੋ
JANTA FOOD SUPPLY
1261, WESTERN AVE.
WILLIAMS LAKE—B.C. V2G 2P3

SONI & SONS
JEWELLERS
ORIENTAL GOLD AND
SILVER JEWELLERY
REPAIRS
SPECIALIST IN EAST
INDIAN JEWELLERY

NANUBHAI
Bus. 324-1012
Res. 327-0783
6538 MAIN STREET
(Entrance at back door)

VANCOUVER,B.C.
V5X 3G9

# ਸੁਭਾਸ਼ ਚੰਦਰ ਬੋਸ

ਸੁਭਾਸ਼ ਦਾ ਜਨਮ 23 ਜਨਵਰੀ, 1897 ਨੂੰ ਕੱਟਕ (ਉੜੀਸਾ) ਵਿਖੇ ਪਿਤਾ ਜਾਨਕੀ ਨਾਥ ਬੋਸ ਤੇ ਮਾਤਾ ਪ੍ਰਭਾਵਤੀ ਬੋਸ ਦੇ ਘਰ ਹੋਇਆ। ਉਹ ਉਹਨਾਂ ਦਾ ਛੇਵਾਂ ਪੁੱਤਰ ਦੇ ਨੌਵੀਂ ਸੰਤਾਨ ਸੀ। ਸੁਭਾਸ਼ ਦਾ ਖਾਨਦਾਨ ਮੌਰੂਸੀ ਰਵਾਇਤਾਂ ਵਾਲਾ ਪਰਵਾਰ ਸੀ। ਇਹ ਆਪਣਾ ਪਿਛਾ 27 ਪੀੜ੍ਹੀਆਂ ਪਹਿਲੇ ਹੋਏ ਦਸ਼ਰਥ ਬੋਸ ਨਾਲ ਜੋੜਦੇ ਸਨ, ਜਿਸਨੇ ਕਿ ਬੋਸਾਂ ਦੀ ਦਖਸ਼ਿਨ—ਰਾੜ੍ਹੀ (ਦੱਖਣੀ ਬੰਗਾਲ) ਗੋਤ ਦਾ ਮੁੱਢ ਬੰਨ੍ਹਿਆਂ ਸੀ। ਉਸਦਾ ਇਕ ਉਤਰ-ਅਧਿਕਾਰੀ ਕਲਕੱਤੇ ਦੇ ਨੇੜੇ ਮਾਹੀ ਨਗਰ ਵਿਚ ਆ ਵਸਿਆ ਸੀ ਅਤੇ ਉਸਦਾ ਪਰਵਾਰ ਮਾਹੀਨਗਰ ਦੇ ਬੋਸਾਂ ਦੇ ਨਾਂ ਨਾਲ ਪ੍ਰਸਿਧ ਹੋ ਗਿਆ। ਪਿਤਾ ਵਲੋਂ ਸੁਭਾਸ਼ ਦਾ ਇਕ ਪੁਰਖਾ ਮਹੀਪਤੀ ਆਪਣੇ ਸਮੇਂ ਦੇ ਬੰਗਾਲ ਦੇ ਰਾਜੇ ਦਾ ਮਾਲ ਮੰਤਰੀ ਤੇ ਜੰਗ ਮੰਤਰੀ ਰਿਹਾ ਸੀ ਅਤੇ ਇਕ ਹੋਰ ਪੁਰਖਾ, ਗੋਪੀਨਾਥ ਇਕ ਹੋਰ ਪਿਛਲੇਰੇ ਰਾਜਾ ਦਾ ਮਾਲ ਮੰਤਰੀ ਤੇ ਉਸਦੀ ਨਾਉਸੈਨਾ ਦਾ ਕਮਾਂਡਰ ਰਿਹਾ। ਸੁਭਾਸ਼ ਚੰਦਰ ਬੋਸ ਦੇ ਬਾਬੇ ਹਰਾਨਾਥ ਦੇ ਚਾਰ ਪੁੱਤਰ ਸਨ ਅਤੇ ਉਸਦਾ ਪਿਤਾ ਜਾਨਕੀ ਨਾਥ ਆਪਣੇ ਭਰਾਵਾਂ ਚੋਂ ਸਭ ਤੋਂ ਛੋਟਾ ਸੀ।

ਸੁਭਾਸ਼ ਦੀ ਮਾਤਾ ਪ੍ਰਭਾਵਤੀ ਉਤਰੀ ਕਲਕੱਤੇ ਵਿਚ ਹਠਕੋਲਾ ਦੇ ਦੱਤ ਪਰਵਾਰ ਦੀ ਧੀ ਸੀ; ਉਸਦੇ ਪੇਕਿਆਂ ਬਾਰੇ ਮਸ਼ਹੂਰ ਸੀ ਕਿ ਉਹ ਆਪਣੀਆਂ ਕੁੜੀਆਂ ਲਈ ਵਰ ਚੁਣਨ ਦੇ ਮੁਆਮਲੇ ਵਿਚ ਬਹੁਤ ਸਿਆਣੇ ਹਨ। ਜਾਨਕੀ ਨਾਥ ਨੂੰ ਕਠਨ ਪ੍ਰੀਖਿਆ ਚੋਂ ਲੰਘਣਾ ਪਿਆ ਤਾਂ ਜਾਕੇ ਉਸਨੂੰ ਪ੍ਰਭਾਵਤੀ ਦੇ ਪਿਤਾ ਦੀ ਮਨਜ਼ੂਰੀ ਮਿਲੀ।

ਜਾਨਕੀ ਨਾਥ ਨੇ ਕਲਕੱਤੇ ਤੇ ਕੱਟਕ ਵਿਚ ਵਿਦਿਆ ਪ੍ਰਾਪਤ ਕੀਤੀ ਅਤੇ 1885 ਵਿਚ ਕਟਕ ਵਿਖੇ ਵਕਾਲਤ ਸ਼ੁਰੂ ਕਰਕੇ ਉਥੇ ਹੀ ਵਸ ਗਏ। ਉਹ 1912 ਵਿਚ ਵਿਚ ਬੰਗਾਲ ਵਿਧਾਨ ਪ੍ਰੀਸ਼ਦ ਦੇ ਮੈਂਬਰ ਬਣੇ ਅਤੇ ਰਾਏ ਬਹਾਦਰ ਦਾ ਖਿਤਾਬ ਹਾਸਲ ਕੀਤਾ। ਜ਼ਿਲਾ ਮੈਜਿਸਟਰੇਟ ਨਾਲ ਉਹਨਾਂ ਦੇ ਕੁਝ ਮਤਭੇਦ ਹੋ ਗਏ ਤੇ ਇਸ ਕਰਕੇ ਉਹਨਾਂ ਨੇ ਸਰਕਾਰੀ ਵਕੀਲ ਤੇ ਪਬਲਿਕ ਪਰਾਸੀਕਿਊਟਰ ਦੀ ਪਦਵੀ ਤੋਂ ਤਿਆਗ-ਪਤਰ ਦੇ ਦਿਤਾ। ਬਆਦ ਵਿਚ ਉਹਨਾਂ ਨੇ ਸਰਕਾਰ ਦੀ ਦਮਨ ਕਾਰੀ ਨੀਤੀ ਦੇ ਵਿਰੁਧ ਰੋਸ ਵਜੋਂ ਰਾਏ ਬਹਾਦਰ ਦਾ ਖਿਤਾਬ ਵਾਪਸ ਕਰ ਦਿਤਾ। ਜਾਨਕੀ ਨਾਥ ਕਟਕ ਦੀਆਂ ਸਮਾਜਕ ਅਤੇ ਵਿਦਿਅਕ ਸੰਸਥਾਵਾਂ ਵਿਚ ਸਰਗਰਮੀ ਨਾਲ ਦਿਲਚਸਪੀ ਲੈਂਦੇ ਸਨ। ਉਹਨਾਂ ਨੇ ਬਹੁਤ ਸਾਰੇ ਖੈਰਾਤੀ ਕੰਮ ਕੀਤੇ ਅਤੇ ਇਕ ਚੋਖਾ ਹਿਸਾ ਗਰੀਬਾਂ ਤੇ ਲੋੜਵੰਦ ਵਿਦਿਆਰਥੀਆਂ ਦੇ ਲੇਖੇ ਲਾਇਆ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਵਾਰਸ਼ਕ ਜਲਸਿਆਂ ਵਿਚ ਬਾਕਾਇਦਗੀ ਨਾਲ ਸ਼ਾਮਲ ਹੁੰਦੇ ਸਨ ਜਿਹੜੀ ਕਿ ਉਦੋਂ ਦੇਸ਼ ਦੀ ਪਰਮੁਖ ਰਾਜਨੀਤਕ ਪਾਰਟੀ ਹੁੰਦੀ ਸੀ। ਉਹ ਕਾਂਗਰਸ ਦੀ ਵਿਚਾਰ ਚਰਚਾ ਵਿਚ ਸਰਗਰਮੀ ਨਾਲ ਹਿਸਾ ਤਾਂ ਨਹੀਂ ਸਨ ਲੈਂਦੇ ਪਰ ਜਦੋਂ ਮਹਾਤਮਾ ਗਾਂਧੀ ਨੇ ਨਾਮਿਲਵਰਤਨ ਦੀ ਲਹਿਰ ਚਲਾਈ ਤਾਂ ਜਾਨਕੀ ਨਾਥ ਬੋਸ ਖਾਦੀ ਤੇ ਕੌਮੀ ਵਿਦਿਆ ਵਰਗੀਆਂ ਉਸਾਰੂ ਕਾਰਵਾਈਆਂ ਵਿਚ ਜੁਟ ਗਏ। ਉਹ ਧਾਰਮਿਕ ਸੁਭਾਅ ਦੇ ਮਾਲਕ ਤੇ ਗਰੀਬਾਂ ਦੇ ਹਮਦਰਦ ਸਨ। ਅੰਤਮ ਸੁਆਸ ਲੈਣ ਤੋਂ ਪਹਿਲਾਂ ਉਹਨਾਂ ਨੇ ਆਪਣੇ ਪੁਰਾਣੇ ਨੌਕਰਾਂ ਤੇ ਆਸ਼ਰਿਤਾਂ ਦੇ ਗੁਜ਼ਾਰੇ ਦਾ ਚੋਖਾ ਪ੍ਰਬੰਧ ਕਰ ਦਿਤਾ ਸੀ।

ਇਕ ਵਧਦੇ ਤੇ ਵੱਡੇ ਹੁੰਦੇ ਬੱਚੇ ਦੇ ਤੌਰ ਤੇ ਸੁਭਾਸ਼ ਨੂੰ ਕੱਟਕ ਬਿਲਕੁਲ ਸੁਖਾਵਾਂ ਲੱਗਾ। ਉਸਦਾ ਖਾਨਦਾਨ ਇਕ ਰੱਜਿਆ ਪੁਜਿਆ ਮਧਵਰਗੀ ਪਰਵਾਰ ਸੀ ਪਰ ਬੱਚਿਆਂ ਦੀ ਪਰਵਰਿਸ਼ ਦੇ ਸਬੰਧ ਵਿਚ ਉਸਦੇ ਮਾਤਾ ਪਿਤਾ ਸਾਦਗੀ ਤੋਂ ਕੰਮ ਲੈਣ ਵਿਚ ਵਿਸ਼ਵਾਸ ਰਖਦੇ ਸਨ। ਅੱਠ ਭੈਣ ਭਰਾ ਉਸ ਤੋਂ ਵੱਡੇ ਸਨ ਤੇ ਪੰਜ ਉਸਤੋਂ ਛੋਟੇ। ਇਸ ਚੀਜ਼ ਦਾ ਸੁਭਾਸ਼ ਦੇ ਹਸਾਸ ਮਨ ਉਤੇ ਇਕ ਮਨੋਵਿਗਿਆਨਕ ਪ੍ਰਭਾਵ ਹੋਇਆ; ਉਹ ਆਪਣੇ ਆਪਨੂੰ ਤੁੱਛ ਮਹਿਸੂਸ ਕਰਨ ਲੱਗ ਪਿਆ। ਉਨ੍ਹਾਂ ਦੇ ਵਿਚਕਾਰ ਕਈ ਵਾਰੀ ਉਹ ਆਪਣੇ ਆਪਨੂੰ ਗੁਆਚਾ-ਗੁਆਚਾ ਤੇ ਇਕੱਲਾ ਇਕੱਲਾ ਮਹਿਸੂਸ ਕਰਦਾ। ਵੱਡੇ ਭਰਾ ਤੇ ਭੈਣਾਂ ਸੁਭਾਸ਼ ਦੇ ਉਨ੍ਹਾਂ ਨਾਲ ਜਾਂ ਰਲਣ ਦੇ ਰਾਹ ਵਿਚ ਹਰ ਵੇਲੇ ਇਕ ਵੰਗਾਰ ਬਣੇ ਰਹਿੰਦੇ। ਉਹ ਆਪਣੇ ਮਾਤਾ ਪਿਤਾ ਨਾਲ ਵਧੇਰੇ ਨੇੜਤਾ ਦੇ ਸਬੰਧ ਲਈ ਤਰਸਦਾ ਰਿਹਾ, ਪਰ ਉਸਦਾ ਪਿਤਾ ਸੁਭਾਵਕ ਹੀ ਘੱਟ-ਬੋਲੜਾ ਸੀ ਅਤੇ ਘਰ ਵਿਚ ਮਾਤਾ ਦਾ ਹਕੂਮ ਚਲਦੀ ਸੀ।

ਇਕ ਵੱਡੇ ਪਰਵਾਰ ਵਿਚ ਪਲਣ ਕਰਕੇ, ਨਿਰਸੰਦੇਹ, ਸੁਭਾਸ਼ ਦੇ ਮਨ ਵਿਚ ਵਿਸ਼ਾਲਤਾ ਆਈ ਪਰ ਰੁਚੀ ਵਜੋਂ ਉਹ ਸ਼ਰਮਾਕਲ ਤੇ ਸੰਕੋਚਵਾਨ ਹੋ ਗਿਆ ਅਤੇ ਉਸਦਾ ਇਹ ਲੱਛਣ ਥੋੜਾ ਬਹੁਤ ਉਮਰ ਭਰ ਉਸਦੇ ਨਾਲ ਰਿਹਾ।

ਸੁਭਾਸ਼ ਪੰਜਾਂ ਵਰ੍ਹਿਆਂ ਦਾ ਸੀ ਜਦੋਂ ਉਹ ਕੱਟਕ ਦੇ ਅੰਗਰੇਜ਼ੀ ਸਕੂਲ ਵਿਚ ਦਾਖਲ ਹੋਇਆ। ਇਹ ਸਕੂਲ ਯੂਰਪੀ ਲੀਹਾਂ ਉਤੇ ਚਲਦਾ ਸੀ ਅਤੇ ਸੁਭਾਸ਼ ਨੂੰ ਹੌਲੀ ਹੌਲੀ ਦੋ ਵੱਖਰੀਆਂ ਵੱਖਰੀਆਂ ਦੁਨੀਆਂ ਦਾ ਗਿਆਨ ਹੁੰਦਾ ਗਿਆ। ਇਕ ਦੁਨੀਆਂ ਸੀ, ਜਿਹੜੀ ਉਸਨੂੰ ਆਪਣੇ ਹਿੰਦੋਸਤਾਨੀ ਘਰ ਤੇ ਸਮਾਜ ਵਿਚ ਮਿਲਦੀ ਸੀ ਤੇ ਦੂਜੀ ਉਸਨੂੰ ਸਕੂਲ ਵਿਚ ਦਿਸਦੀ ਸੀ ਜਿਹੜੀ ਕਿ ਇੰਗਲਿਸਤਾਨ ਦੇ ਨੇੜੇ ਤੇੜੇ ਜਾ ਪਹੁੰਚਦੀ ਸੀ। ਸਕੂਲ ਵਿਚ ਉਸਨੂੰ ਨਸਲੀ ਵਿਤਕਰੇ ਦਾ ਵੀ ਅਹਿਸਾਸ ਹੋਇਆ ਕਿਉਂਕਿ ਉਥੇ ਐਂਗਲੋ-ਇੰਡੀਅਨ ਮੁੰਡਿਆਂ ਨੂੰ ਅਜਿਹੀਆਂ ਰਿਆਇਤਾਂ ਦਿਤੀਆਂ ਜਾਂਦੀਆਂ ਸਨ ਜਿਹੜੀਆਂ ਹਿਦੁਸਤਾਨੀ ਮੁੰਡਿਆਂ ਨੂੰ ਨਹੀਂ ਸਨ ਮਿਲਦੀਆਂ। ਬਾਅਦ ਵਿਚ ਉਹ ਇਕ ਹਿੰਦੁਸਤਾਨੀ ਸਕੂਲ ਵਿਚ ਪੜ੍ਹਨੇ ਪਿਆ ਜਿਥੇ ਜੀਵਨ ਦੀ ਕੋਮਲ ਆਯੂ ਵਿਚ, ਪਹਿਲਾ ਮਹਾਨ ਪਰਭਾਵ ਉਸਦੇ ਮਨ ਉਤੇ ਉਸਦੇ ਹੈਡ ਮਾਸਟਰ ਬੈਨੀ ਮਾਧਵ ਦਾਸ ਦੀ ਸ਼ਖਸੀਅਤ ਦਾ ਪਿਆ। ਇਸ ਹੈਡ ਮਾਸਟਰ ਨੇ ਸੁਭਾਸ਼ ਤੇ ਬਹੁਤ ਡੂੰਘਾ ਅਸਰ ਛੱਡਿਆ ਅਤੇ ਅਤੇ ਇਹ ਸਕੂਲ ਭਾਰਤੀ ਜੀਵਨ ਢੰਗ ਦੀ ਨੁਮਾਇੰਦਗੀ ਕਰਦਾ ਸੀ। ਸੁਭਾਸ਼ ਪੜ੍ਹਾਈ ਵਿਚ ਗੁਲਤਾਨ ਹੁੰਦਾ ਗਿਆ ਅਤੇ ਖੇਡਣ ਮਲ੍ਹਣ ਤੇ ਸਰੀਰਕ ਮਨ ਪਰਚਾਵਿਆਂ ਵਲੋਂ ਅਵੇਸਲਾ ਹੁੰਦਾ ਗਿਆ। ਇਸਦਾ ਨਤੀਜਾ ਇਹ ਹੋਇਆ ਕਿ ਉਹ ਇਕ ਪ੍ਰੌੜ-ਬੁੱਧ ਬੱਚੇ ਦੇ ਰੂਪ ਵਿਚ ਵਿਕਸਤ ਹੋਣ ਲੱਗਾ। ਉਸਦੇ ਮਨ ਵਿਚ ਗੰਭੀਰ ਦਵੰਦ ਚੱਲਣੇ ਸ਼ੁਰੂ ਹੋ ਗਏ ਸਨ, ਉਹ ਇਹ ਫੈਸਲਾ ਨਹੀਂ ਸੀ ਕਰ ਪਾਂਦਾ ਕਿ ਉਸਦਾ ਜੀਵਨ ਬਖਸ਼ ਕੀ ਹੈ। ਮਾਤਾ ਪਿਤਾ ਪ੍ਰਤੀ ਉਸਦੇ ਰਵੱਈਏ ਵਿਚ ਵੀ ਜਬਰਦਸਤ ਤਬਦੀਲੀ ਆ ਗਈ ਅਤੇ ਉਹਨਾਂ ਦੀ ਬੇ ਚੂੰ ਚਰਾਂ ਆਗਿਆਕਾਰੀ ਦਾ ਹੁਣ ਉਸਨੂੰ ਖਿਆਲ ਤਕ ਨਹੀਂ ਸੀ ਆਉਂਦਾ। ਕਈ ਵਾਰੀ ਤਾਂ ਉਹ ਉਹਨਾਂ ਦੀ ਹੁਕਮ ਅਦੂਲੀ ਕਰਨ ਤੇ ਵੀ ਉਤਾਰੂ ਹੋ ਜਾਂਦਾ ਸੀ। ਉਸਦਾ ਵਧ ਤੋਂ ਵਧ ਸਮਾਂ ਹਮ-ਖਿਆਲ ਮੁੰਡਿਆਂ ਨਾਲ ਲੰਮੀਆਂ-ਲੰਮੀਆਂ ਸੈਰਾਂ ਕਰਨਾ ਤੇ ਟੋਲੀਆਂ ਬਣਾਕੇ ਵਿਚਾਰ ਚਰਚਾ ਕਰਨ ਵਿਚ ਬੀਤਣ ਲੱਗਾ।

ਸੁਭਾਸ਼ ਹਾਲੀ ਮਸਾਂ 15 ਵਰ੍ਹਿਆਂ ਦਾ ਸੀ ਜਦੋਂ ਉਸਦੇ ਜੀਵਨ ਦਾ ਦੂਜਾ ਵੱਡਾ ਪ੍ਰਭਾਵ ਉਸ ਉਤੇ, ਸਵਾਮੀ ਵਿਵੇਕਾਨੰਦ ਤੇ ਉਹਨਾਂ ਦੇ ਗੁਰੂ ਰਾਮਕ੍ਰਿਸ਼ਨ ਪਰਮਹੰਸ ਦੀਆਂ ਸਿਖਿਆਵਾਂ ਦੇ ਰੂਪ ਵਿਚ ਪਿਆ। ਵਿਵੇਕਾਨੰਦ ਤੋਂ ਸੁਭਾਸ਼ ਨੇ ਇਹ ਸਿਖਿਆ ਲਈ ਕਿ ਮਾਨਵਤਾ ਦੀ ਸੇਵਾ ਹੈ ਅਤੇ ਰਾਮਕ੍ਰਿਸ਼ਨ ਤੋਂ ਇਹ ਕਿ ਆਤਮਿਕ ਜੀਵਨ ਦੀ ਪ੍ਰਾਪਤੀ ਲਈ ਵਾਸ਼ਨਾ ਤੇ ਸੋਨੇ ਦਾ ਤਿਆਗ ਕਰਨਾ ਜ਼ਰੂਰੀ ਹੈ।

ਇਹਨਾਂ ਦੋਹਾਂ ਮਹਾਂਪੁਰਸ਼ਾਂ ਦੀਆਂ ਸਿਖਿਆਵਾਂ ਨੇ ਕਿਸ਼ੋਰ ਆਯੂ ਦੇ ਸੁਭਾਸ਼ ਅੰਦਰ ਇਕ ਰੂਹਾਨੀ ਇਨਕਲਾਬ ਲੈ ਆਂਦਾ।

ਅਖੀਰ ਸੁਭਾਸ਼ ਨੂੰ ਰੋਸ਼ਨੀ ਨਜ਼ਰ ਆਈ। ਉਸਦਾ ਆਤਮਵਿਰੋਧ ਖਤਮ ਹੋ ਗਿਆ ਅਤੇ ਇਕ ਨਵੇਂ ਆਦਰਸ਼ ਦਾ ਦੀਪਕ ਉਸਦੀ ਆਤਮਾ ਅੰਦਰ ਜਗਮਗਾਣ ਲਗ ਪਿਆ। ਸੰਸਾਰਕ ਲਾਲਸਾਵਾਂ ਨੂੰ ਤਿਆਗ ਕੇ ਉਸਨੇ ਆਪਣੇ ਨਿਰਵਾਣ ਦੀ ਭਾਲ ਆਰੰਭ ਦਿਤੀ ਅਤੇ ਜਿਉਂ ਜਿਉਂ ਉਸਦੇ ਮਾਤਾ ਪਿਤਾ ਉਸਨੂੰ ਇਸ ਪਾਸੇ ਤੋਂ ਵਰਜਦੇ ਗਏ ਤਿਉਂ ਤਿਉਂ ਉਹ ਵੱਧ ਤੋਂ ਵੱਧ ਆਕੀ ਹੁੰਦਾ ਗਿਆ। ਉਸਨੇ ਵਧੇਰੇ ਗੰਭੀਰਤਾ ਨਾਲ ਯੋਗ ਅਭਿਆਸ ਕਰਨਾ ਅਤੇ ਸਾਧੂਆਂ ਪਿਛੇ ਫਿਰਨਾ ਤੇ ਆਤਮਕ ਸਮਸਿਆਵਾਂ ਬਾਰੇ ਚਰਚਾ ਕਰਨੀਆਂ ਸ਼ੁਰੂ ਕਰ ਦਿਤੀਆਂ।

ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਸੁਭਾਸ਼ ਨੂੰ ਗਰਾਮ ਸੁਧਾਰ ਦਾ ਤਜਰਬਾ ਹੋਇਆ। ਸਕੂਲ ਵਿਚ ਉਸਨੇ ਕੋਈ ਰਾਜਨੀਤਕ ਪਕਿਆਈ ਨਹੀਂ ਸੀ ਦਿਖਾਈ ਕਿਉਂਕਿ ਉਸਦੇ ਝੁਕਾਉ ਵੱਖ ਵੱਖ ਪਾਸਿਆਂ ਵੱਲ ਸਨ। ਉਸਨੇ ਆਪਣੇ ਵੱਡੇ ਭਾਰਵਾਂ ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦਾ ਜ਼ਿਕਰ ਕਈ ਵਾਰੀ ਸੁਣਿਆ ਸੀ ਪਰ ਕੋਈ ਬਹੁਤਾ ਪ੍ਰਭਾਵਤ ਨਹੀਂ ਸੀ ਹੋਇਆ। ਘਰ ਵਿਚ ਬੱਚਿਆਂ ਲਈ ਰਾਜਨੀਤੀ ਭਾਵੇਂ ਵਿਵਰਜਤ ਸੀ ਪਰ ਉਸਦੇ ਭਰਾਵਾਂ ਨੇ ਆਪਣੇ ਕਮਰੇ ਦੀਆਂ ਕੰਧਾਂ ਉਤੇ ਇਨਕਲਾਬੀਆਂ ਦੀਆਂ ਤਸਵੀਰਾਂ ਲਾਈਆਂ ਹੋਈਆਂ ਸਨ।

ਸਕੂਲ ਦੀ ਪੜ੍ਹਾਈ ਦੇ ਅੰਤਲੇ ਸਮੇਂ ਵਿਚ ਉਸਦੇ ਧਾਰਮਿਕ ਆਵੇਗ ਵਧੇਰੇ ਤੇਜ਼ ਹੁੰਦੇ ਗਏ ਅਤੇ ਪੜ੍ਹਾਈ ਦੀ ਕਦਰ ਘਟਦੀ ਗਈ ਧਰਮ ਤੇ ਯੋਗ ਮੱਤ ਦੇ ਮਾਰਗ ਉਤੇ ਚਲਦਿਆਂ ਹੋਇਆ ਸੁਭਾਸ਼ ਨੇ ਆਉਣ ਜਾਣ ਤੇ ਕੰਮ ਕਰਨ ਦੀ ਆਜ਼ਾਦੀ ਲਈ ਜ਼ਿਦ ਕੀਤੀ ਅਤੇ ਇਸ ਤਰਾਂ ਮਾਪਿਆਂ ਨਾਲ ਉਸਦੀ ਖਟਪਟ ਹੋ ਗਈ। ਉਸਨੇ ਉਹਨਾਂ ਦੀ ਹੁਕਮ ਅਦੂਲੀ ਕਰਨੀ ਸ਼ੁਰੂ ਕਰ ਦਿਤੀ। ਕਿਉਂਕਿ ਉਸਨੂੰ ਪੱਕਾ ਯਕੀਨ ਸੀ ਕਿ ਵਿਵੇਕਾਨੰਦ ਦਾ ਇਹ ਕਥਨ ਸੱਚ ਹੈ ਕਿ ਸਵੈਪੂਰਨਤਾ ਲਈ ਬਗਾਵਤ ਕਰਨੀ ਜ਼ਰੂਰੀ ਹੈ। ਹੁਣ ਚੰਚਲ ਸਗੋਂ ਖਬਤੀ ਤੇ ਜ਼ਿਦੀ ਮਲੂਮ ਹੋਣ ਲੱਗਾ ਅਤੇ ਭਿਬੂਤੀਏ ਸਾਧੂਆਂ ਪਿਛੇ ਭਜਿਆ ਫਿਰਦਾ। ਇਸ ਲਈ ਉਸਦੇ ਮਾਪਿਆਂ ਨੇ ਸੋਚਿਆ ਕਿ ਜੇ ਉਸਦਾ ਵਾਤਾਵਰਨ ਬਦਲ ਦਿਤਾ ਜਾਏ ਤਾਂ ਸ਼ਾਇਦ ਉਹ ਸਿੱਧੇ ਰਸਤੇ ਤੇ ਆ ਜਾਏ ਅਤੇ ਇਸ ਕੰਮ ਵਿਚ ਕਲਕੱਤੇ ਦਾ ਵਾਤਾਵਰਨ ਸਹਾਈ ਹੋਵੇਗਾ।

ਸੁਭਾਸ਼ ਨੇ ਕੱਟਕ ਤੋਂ 1913 ਵਿਚ, ਜਦੋਂ ਉਹ ਸੋਲ੍ਹਾਂ ਵਰ੍ਹਿਆਂ ਦਾ ਸੀ ਮੈਟਿਰਕ ਪਾਸ ਕੀਤੀ ਅਤੇ ਕਲਕੱਤਾ ਯੂਨੀਵਰਸਿਟੀ ਵਿਚੋਂ ਦੂਜੀ ਕਤਾਰ ਵਿਚ ਆਇਆ। ਉਸਨੂੰ ਝੱਟਪਟ ਕਲਕੱਤੇ ਭੇਜ ਦਿਤਾ ਗਿਆ। ਪਰ ਸੁਭਾਸ਼ ਆਪਣੇ ਭਵਿਸ਼ ਬਾਰੇ ਤਾਂ ਪਹਿਲੇ ਹੀ ਫੈਸਲਾ ਕਰ ਚੁਕਾ ਸੀ। ਜੀਵਨ ਦਾ ਘਿਸਿਆ ਪਿਟਿਆ ਰਾਹ ਉਸ ਵਾਸਤੇ ਨਹੀਂ ਹੋਵੇਗਾ, ਸਗੋਂ ਉਸਦੇ ਆਦਰਸ਼ ਹੋਣਗੇ ਆਪਣਾ ਆਤਮਕ ਕਲਿਆਨ ਅਤੇ ਮਾਨਵਤਾ ਦੀ ਉੱਨਤੀ।

# ਪਤਲੀਆਂ ਹੋਣ ਦੀ ਮੁਹਿੰਮ

ਕੈਨੇਡਾ ਦੀਆਂ ਮੋਟੀਆਂ ਔਰਤਾਂ ਵਲੋਂ ਆਪਣਾ ਮੋਟਾਪਾ ਘਟਾਉਣ ਲਈ ਕਈ ਤਰਾਂ ਦੇ ਉਪਰਾਲੇ ਕਰਨ ਦੀ ਇਕ ਲਹਿਰ ਜਹੀ ਚਲ ਪਈ ਹੈ। ਕੈਨੇਡਾ ਦੇ ਇਕ ਅਖਬਾਰ ਮੁਤਾਬਕ ਇਥੋਂ ਦੀਆਂ ਘੱਟੋ ਘੱਟ 10000 ਔਰਤਾਂ ਨੇ ਆਪਣਾ ਸਰੀਰ ਪਤਲਾ ਕਰਨ ਲਈ ਡਾਈਟਿੰਗ ਕਰਨੀ ਸ਼ੁਰੂ ਕਰ ਦਿਤੀ ਹੈ। ਇਨ੍ਹਾਂ ਵਿਚੋਂ ਕਈ ਤਾਂ ਬਿਲਕੁਲ ਭੁੱਖੀਆਂ ਰਹਿੰਦੀਆਂ ਹਨ।

ਪਹਿਲਾਂ ਕੈਨੇਡਾ ਤੇ ਅਮਰੀਕਾ ਦੀਆਂ 17 ਸਾਲ ਤੋਂ 25 ਸਾਲ ਤਕ ਦੀਆਂ ਔਰਤਾਂ ਵੱਡੀ ਪੱਧਰ ਤੇ ਖੁਰਾਕ ਖਾਦੀਆਂ ਸਨ ਪਰ ਹੁਣ ਜਦ ਉਹਨਾ ਔਰਤਾਂ ਵਿਚੋਂ ਭਾਰੀ ਗਿਣਤੀ ਮੋਟੀਆਂ ਹੋ ਗਈਆਂ ਹਨ ਤਾਂ ਉਹਨਾਂ ਨੇ ਡਾਈਟਿੰਗ ਨਾਂ ਤੇ ਭੁੱਖਿਆਂ ਹੀ ਰਹਿਣਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਉਹ ਪਤਲੀਆ ਹੋ ਸਕਣ।

## ਮਿੰਨੀ ਕਹਾਣੀ

# ਪਾੜਾ

ਲਪਟਾਂ ਛੱਡਦੀ ਵਿਕੀ, ਅਮਰੀਕ ਦੇ ਕੰਨ ਕੋਲ ਆ ਕੇ ਕਹਿਣ ਲੱਗੀ "ਮਿਸਟਰ ਸਿੰਘ ਜਿਸ ਵੇਲੇ ਆਪ ਕੋਲ ਵਹਿਲ ਹੋਵੇ ਮੈਂ ਆਪ ਨਾਲ ਇਕ ਗਲ ਕਰਨੀ ਮੰਗਦੀ ਹਾਂ।"

ਅਮਰੀਕ ਹਾਲੇ ਦਫਤਰ ਵਿਚ ਆਕੇ ਬੈਠਾ ਹੀ ਸੀ ਜਦ ਵਿਕੀ ਇਹ ਗੱਲ ਕਰਕੇ ਉਸਨੂੰ ਸੋਚਾਂ ਵਿਚ ਪਾ ਗਈ। ਵਿਕੀ ਕੀ ਗੱਲ ਕਰਨੀ ਮੰਗਦੀ ਹੈ। ਵਿਕੀ ਬਾਰੇ ਕੋਈ ਮਾੜੀ ਗਲ ਤਾਂ ਕਦੇ ਸੁਣੀ ਨਹੀਂ।

ਵਿਕੀ ਤੇ ਅਮਰੀਕ ਤਿੰਨਾਂ ਸਾਲਾਂ ਤੋਂ ਇਕ ਦਫਤਰ ਵਿਚ ਹੀ ਕੰਮ ਕਰਦੇ ਸਨ। ਇਕ ਦੂਜੇ ਦੀ ਕਾਫੀ ਜਾਣਕਾਰੀ ਰਖਦੇ ਸਨ। ਕੰਮ ਵਿਚ ਇਕ ਦੂਜੇ ਨੂੰ ਕੋਈ ਸ਼ਕਾਇਤ ਨਹੀਂ ਸੀ। ਵਿਕੀ 35 ਸਾਲ ਦੀ ਵੀ ਚੁਸਤ ਕਪੜਿਆਂ ਵਿਚ 25 ਸਾਲ ਦੀ ਹੀ ਲਗਦੀ ਸੀ। ਅਮਰੀਕ 30 ਸਾਲ ਦਾ ਹੁੰਦਾ ਹੋਇਆ 35 ਦਾ ਲਗਦਾ ਸੀ।

ਵਹਿਲ ਨਾ ਹੁੰਦੇ ਹੋਏ ਵੀ ਅਮਰੀਕ ਵਿਕੀ ਦੇ ਕਮਰੇ ਵਿਚ ਚਲਾ ਗਿਆ। ਹਾਂ ਵਿਕੀ ਕੀ ਗੱਲ ਹੈ, "ਹੁਣ ਮੈਨੂੰ ਜ਼ਰਾ ਵਹਿਲ ਸੀ।"

"ਅਮਰੀਕ ਗੱਲ ਬੜੀ ਖਾਸ ਹੈ" ਵਿਕੀ ਹੱਥ ਵਿਚ ਫੜੀ ਫਾਇਲ ਦੇ ਕਾਗਜ਼ਾਂ ਨੂੰ ਇਕ ਥਾਂ ਕਰਦੀ ਬੋਲੀ।

"ਤੁਸਾਂ ਆਪਣੇ ਭਾਵ ਸਿਖਾਂ ਦੇ ਚਰਚ ਦੇ ਮਨਿਸਟਰ ਹੋ।" ਕਈ ਵਾਰ ਆਪਨੂੰ ਉਥੋਂ ਦੇ ਹੈਡ ਪਰੀਸਟ ਦੇ ਫੂਨ ਭੀ ਆਉਂਦੇ ਰਹਿੰਦੇ ਹਨ। ਆਪਦੀ ਤਸਵੀਰ ਕਈ ਵਾਰ ਇਥੇ ਦੇ ਅਖਬਾਰਾਂ ਵਿਚ ਹੁੰਦੀ ਹੈ।

ਅਮਰੀਕ ਵਿਚੇ ਗੱਲ ਕੱਟ ਕੇ ਉਤਸੁਕਤਾ ਵਿਚ ਕਹਿ ਗਿਆ, "ਵਿਕੀ ਤੂੰ ਕਹਿਣਾ ਕੀ ਚਾਹੁੰਦੀ ਏ।"

'ਤੁਸੀਂ ਮੇਰੇ ਨਾਲ ਅਜ ਘਰ ਜਾਣਾ ਹੈ' ਵਿਕੀ ਖੱਬੀ ਅੱਖ ਦੱਬ ਕੇ ਹੌਲੀ ਦੇਣੇ ਕਹਿ ਗਈ। ਅਮਰੀਕ ਨੇ ਘਬਰਾ ਕੇ ਕਿਹਾ, "ਵਿਕੀ ਤੂੰ ਕੀ ਗਲ ਕਰਦੀ ਏ ਮੈਂ ਸ਼ਾਦੀ ਸ਼ੁਦਾ ਹਾਂ।"

"ਮੈਂ ਆਪਣੇ ਲਈ ਨਹੀਂ ਤੈਨੂੰ ਮੰਗਦੀ ਮੇਰੀ ਕੁੜੀ 16 ਸਾਲ ਦੀ ਹੈ। ਬਹੁਤ ਸੋਹਣੀ ਨਿਕਲੀ ਹੈ। ਉਸ ਨਾਲ ਤੇਰੀਆਂ ਗੱਲਾਂ ਕਰਾਉਣੀਆਂ ਹਨ

"ਵਿਕੀ ਮੈਂ ਇਸ ਕਿਸਮ ਦਾ ਬੰਦਾ ਨਹੀਂ ਇਸ ਕਰਕੇ ਮੇਰਾ ਤੇਰੇ ਘਰ ਜਾਣਾ ਮੁਸ਼ਕਲ ਹੈ।" ਅਮਰੀਕ ਨੇ ਹੈਰਾਨ ਹੋਕੇ ਆਖਿਆ।

ਵਿਕੀ ਜ਼ਰਾ ਗੰਭੀਰ ਸੁਰ ਵਿਚ ਕਹਿਣ ਲੱਗੀ, 'ਜੋ ਤੁਸੀਂ ਸਮਝਿਆ ਮੈਂ ਉਹ ਨਹੀਂ ਕਹਿੰਦੀ, ਮੇਰੀ ਕੁੜੀ ਚੰਗੀ ਤਾਂ ਹੈ ਸੋਹਣੀ ਵੀ ਬਹੁਤ ਹੈ ਪਰ ਉਸ ਕੋਲ ਕੋਈ ਮੁੰਡਾ ਨਹੀਂ ਆਉਂਦਾ ਨਾ ਉਹ ਕਿਸੇ ਮੁੰਡੇ ਕੋਲ ਜਾਂਦੀ ਹੈ। ਮੈਨੂੰ ਉਸਦਾ ਬਹੁਤ ਫਿਕਰ ਹੈ। ਮੈ ਤੈਨੂੰ ਧਾਰਮਿਕ ਵਿਚਾਰਾਂ ਵਾਲਾ ਬੰਦਾ ਹੋਣ ਕਰਕੇ ਨਾਲੇ ਤੈਨੂੰ ਕਿਸੇ ਨੂੰ ਕਾਇਲ ਕਰਨ ਦਾ ਢੰਗ ਆਉਂਦਾ ਹੈ। ਤੂੰ ਉਸਨੂੰ ਸਮਝਾ ਸਕਦਾ ਹੈਂ ਕਿ ਉਸ ਕੋਲ ਮੁੰਡੇ ਆਉਣੇ ਚਾਹੀਦੇ ਹਨ ਜਾਂ ਉਹ ਮੁੰਡਿਆਂ ਦੇ ਪਾਸ ਜਾਵੇ, ਮੈਨੂੰ ਯਕੀਨ ਹੈ ਕਿ ਤੂੰ ਇਹ ਕੰਮ ਕਰ ਸਕਦਾ ਹੈਂ।"

"ਵਿਕੀ ਸਾਡੇ ਦੇਸ਼ ਵਿਚ ਜੇ ਕੁੜੀ ਦੇ ਕੋਲ ਮੁੰਡੇ ਆਉਣ ਜਾਂ ਕੁੜੀ ਮੁੰਡਿਆਂ ਦੇ ਪਾਸ ਜਾਵੇ ਇਸ ਨੂੰ ਬਹੁਤ ਮਾੜਾ ਕਿਹਾ ਜਾਂਦਾ ਹੈ।" ਅਮਰੀਕ ਨੇ ਢਿੱਲੀ ਜਿਹੀ ਅਵਾਜ਼ ਵਿਚ ਕਿਹਾ।

ਇਹ ਕਿੰਨਾ ਵੱਡਾ ਪਾੜਾ ਹੈ, ਦੋਵੇਂ ਸੋਚਾਂ ਵਿਚ ਪੈ ਗਏ।

ਸੋਹਣ ਸੁਰਿੰਦਰ ਸੰਘਾ
ਸਕਰੂਲਵੀ

# ਗਜ਼ਲ

ਜ਼ਖਮਾਂ ਨੂੰ ਮੈਂ ਜਦ ਵੀ ਕਦੀ ਛਪਾਇਆ ਹੈ,
ਪੀੜਾਂ ਮੈਨੂੰ ਹੋਰ ਸਗੋਂ ਤੜਪਾਇਆ ਹੈ।
ਤੇਰੇ ਹੁੰਦਿਆਂ ਸ਼ਹਿਰ ਜੋ ਲੱਗਦਾ ਆਪਣਾ ਸੀ,
ਤੇਰੇ ਬਾਝੋਂ ਲੱਗਦਾ ਹੁਣ ਪਰਾਇਆ ਹੈ।
ਤੇਰੇ ਘਰ ਦੇ ਕੋਲੋਂ ਜਦ ਵੀ ਲੰਘਿਆਂ ਹਾਂ,
ਕਾਅਬਾ ਮੰਨ ਉਸਨੂੰ ਸੀਸ ਝੁਕਾਇਆ ਹੈ।
ਮੇਰਾ ਹੋ ਕੇ ਵੀ ਮੇਰਾ ਬਣਿਉ ਨਾ,
ਗਮ ਵੈਰੀ ਬਣ ਬੈਠਾ ਹਮਸਾਇਆ ਹੈ।
ਕੌਣ ਕਹੇ ਕਿ ਮੇਰੇ ਕੁਝ ਵੀ ਕੋਲ ਨਹੀਂ,
ਬ੍ਰਿਹਾ ਤੇਰਾ ਉਮਰਾਂ ਦਾ ਸਰਮਾਇਆ ਹੈ।
ਲੋਕੀ ਸਮਝਣ ਝੜੀ ਸਾਉਂਣ ਨੇ ਲਾਈ ਹੈ,
ਜਦ ਵੀ ਮੇਰੇ ਨੈਣਾਂ ਮੀਂਹ ਵਰਸਾਇਆ ਹੈ।
ਤੇਰਾ ਪਿਆ ਭੁਲੇਖਾ ਮੈਨੂੰ ਹਰ ਵਾਰੀ,
ਜਦ ਵੀ ਬੱਦਲਾਂ ਵਿਚੋਂ ਚੰਨ ਮੁਸਕਾਇਆ ਹੈ।
ਗ਼ਮ ਵਿਚ ਡੁੱਬਕੇ ਲਿਖੀ ਹੈ ਗਜ਼ਲ ਨਵੀਂ,
ਜਦ ਅੱਜ ਦਿਲ ਨੂੰ ਚੇਤਾ ਉਸਦਾ ਆਇਆ ਹੈ।

ਸ਼ਿੰਦਰ ਪਾਲ

ਵੇਖਦਾ ਕੀ ਹਾਂ, ਜਦ ਅੱਖ ਖੁਲ੍ਹੀ ਮਿਲਨ ਦੀ,
ਹਿਜਰ ਦੀ ਤਲਵਾਰ ਸੀ ਸਾਡੇ ਵਿਚਾਲੇ।


PAL'S
COLLISION LTD.



ALL TYPES OF BODY REPAIRS
• CARS • BOATS • TRUCKS
• FIBREGLASSING
• RESTORING
• PROFESSIONAL PAINTING
FREE COURTESY CARS AVAILABLE
(I.C.B.C.) CLAIMS HANDLED PROMPTLY
— FREE ESTIMATES —
ALL WORK CONDITIONALLY GUARANTEED

• ਪੂਰੀ ਬਾਡੀ ਦਾ ਕੰਮ
• ਮਾਡਰਨ ਫਰੇਮਾਂ ਦੀ ਮੁਰੰਮਤ
• ਫਾਈਬਰ ਗਲਾਸ ਦੀ ਮੁਰੰਮਤ
• ਕਾਰ ਵਿਚ ਸ਼ੀਸ਼ੇ ਲਾਉਣੇ
• ਮਾਡਰਨ ਕੁਆਲਿਟੀ ਪੇਂਟਿੰਗ
• ICBC ਦੇ ਕਲੇਮ ਜਲਦੀ ਹੈਂਡਲ ਕੀਤੇ ਜਾਂਦੇ ਹਨ
• ਮੁਫਤ ਐਸਟੀਮੇਟ
• ਪ੍ਰਾਈਵੇਟ ਕਲੇਮ.....ਵਾਜਬ ਰੇਟਾਂ ਤੇ
• ਮੁਫਤ ਕਾਰ ਟੋਅ ਕਰਨੀ

I.C.B.C. Claims
50% Deductible

270-1754 BUS
273-3270 RES.

270-1754
SUCHA BANSAL
#5 - 12880 BATHGATEWAY
RICHMOND, B.C. V6V 1Z4





# ਸੁਲਤਾਨਪੁਰ ਸਟੇਡੀਅਮ ਦਾ ਸੁਲਤਾਨਸ਼ਾਹੀ ਪ੍ਰਬੰਧ

ਸੁਲਤਾਨਪੁਰ ਲੋਧੀ, (ਨ.ਚ.ਸ.)—ਸਟੇਡੀਅਮ ਖੇਡਾਂ ਲਈ ਹੁੰਦੇ ਹਨ ਜਾਂ ਦਿਖਾਵੇ ਲਈ ? ਇਹ ਵਿਵਾਦ ਇਥੋਂ ਦੇ ਗੁਰੂ ਨਾਨਕ ਸਟੇਡੀਅਮ ਬਾਰੇ ਖੜਾ ਹੋ ਗਿਆ.

ਖੇਡਾਂ ਨਾਲ ਸਬੰਧਤ ਵਿਅਕਤੀਆਂ ਦਾ ਕਹਿਣਾ ਹੈ ਕਿ ਸੁਲਤਾਨਪੁਰ ਦਾ ਸਟੇਡੀਅਮ ਦਿਖਾਵੇ ਦਾ ਸਟੇਡੀਅਮ ਹੀ ਬਣ ਗਿਆ ਹੈ. ਕਿਉਂਕਿ ਇਹ ਸਟੇਡੀਅਮ ਆਉਂਦਾ ਜਿਲ੍ਹਾ ਖੇਡ ਵਿਭਾਗ ਪਰੀਸ਼ਦ ਦੇ ਹੇਠ ਹੈ ਪਰ ਸਟੇਡੀਅਮ ਦੀ ਨਿਗਰਾਨੀ ਲਈ ਜਿਹੜੀ ਕਮੇਟੀ ਬਣਾਈ ਗਈ ਹੈ ਉਸ ਦਾ ਮੁਖੀ ਸੁਲਤਾਨ ਪੁਰ ਖਾਲਸਾ ਕਾਲਜ ਦਾ ਪ੍ਰਿੰਸੀਪਲ ਹੈ.

ਇਸ ਸਬੰਧ ਵਿਚ ਇਹ ਵਿਅਕਤੀ ਇਕ ਬਹੁਤ ਹੀ ਰੋਚਕ ਘਟਨਾ ਸੁਣਾਉਂਦੇ ਹਨ. ਇਹ ਦਸਦੇ ਹਨ ਕਿ ਪ੍ਰਾਇਮਰੀ ਸਕੂਲਾਂ ਦੇ ਬਲਾਕ ਟੂਰਨਾਮੈਂਟ ਕਰਾਏ ਜਾਣੇ ਸਨ. ਡੀ. ਈ.ਓ. ਦੀ ਲਿਖਤ ਬੇਨਤੀ ਲੈਕੇ ਜਦੋਂ ਖੇਡਾਂ ਦੇ ਪ੍ਰਬੰਧਕ ਸਟੇਡੀਅਮ ਵਿਚ ਖੇਡਾਂ ਕਰਾਉਣ ਦੀ ਖੁਲ ਪ੍ਰਿੰਸੀਪਲ ਪਾਸੋਂ ਲੈਣ ਗਏ ਤਾਂ ਪ੍ਰਿੰਸੀਪਲ ਨੇ ਪ੍ਰਬੰਧਕਾਂ ਨੂੰ ਇਹ ਕਹਿ ਕਿ ਮੋੜ ਦਿਤਾ ਕਿ ਪ੍ਰਾਈਮਰੀ ਟੀਚਰ ਤਾਂ 'ਬੇਵਕੂਫ' ਹੁੰਦੇ ਹਨ. ਇਸ ਲਈ ਉਹ ਖੇਡਾਂ ਨਹੀਂ ਹੋਣ ਦੇਵੇਗਾ. ਫਿਰ ਇਹ ਖੇਡਾਂ ਇਕ ਸ਼ੈਲਰ ਦੀ ਖੁਲੀ ਥਾਂ ਵਿਚ ਕਰਾਈਆਂ ਗਈਆਂ.

# ਮ੍ਰਿਨਾਲ ਸੇਨ ਦਾ ਫਿਲਮ ਕਾਰਪੋਰੇਸ਼ਨ 'ਚੋਂ ਅਸਤੀਫ਼ਾ

ਨਵੀਂ ਦਿੱਲੀ. —ਨੈਸ਼ਨਲ ਫਿਲਮ ਡੀਵੈਲਪਮੈਂਟ ਕਾਰਪੋਰੇਸ਼ਨ ਦਾ ਬੋਰਡ ਆਫ ਡਾਇਰੈਕਟਰਜ਼, ਜਿਸ ਵਿਚ ਲੰਮੇ ਸਮੇਂ ਤੋਂ ਅਸੰਤੋਸ਼ ਧੁਖ ਰਿਹਾ ਹੈ, ਇਕ ਸਰਕਰਦਾ ਡਾਇਰੈਕਟਰ ਤੋਂ ਮਹਿਰੂਮ ਹੋ ਗਿਆ ਜਦੋਂ ਮਿ: ਮ੍ਰਿਨਾਲ ਸੇਨ ਨੇ ਇਸ ਵਿਚੋਂ ਅਸਤੀਫਾ ਦੇ ਦਿੱਤਾ, ਮਿ: ਸੇਨ ਬੋਰਡ ਦੇ ਪੁਰਾਣੇ ਆਲੋਚਕ ਹਨ.ਮਿ: ਸ਼ਿਆਮ ਬੈਨੇਗਲ ਵਾਂਗ ਮਿ. ਮ੍ਰਿਨਾਲ ਸੇਨ ਵੀ ਕਾਰਪੋਰੇਸ਼ਨ ਦੇ ਮਾਮਲਿਆਂ ਦੇ ਵਿਗੜਦੇ ਜਾਣ ਉਤੇ ਖੁਲ੍ਹੇ ਆਮ ਅਸੰਤੋਸ਼ ਦਾ ਇਜ਼ਹਾਰ ਕਰਦੇ ਰਹਿੰਦੇ ਸਨ. ਉਹਨਾਂ ਦਾ ਕਹਿਣਾ ਸੀ ਕਿ ਸਰਕਾਰ ਕਾਰਪੋਰੇਸ਼ਨ ਦੇ ਮਾਮਲਿਆਂ ਵਿਚ ਨਾਜਾਇਜ਼ ਦਖਲ ਦੇ ਰਹੀ ਹੈ ਤੇ ਇਸ ਦਾ ਢਾਂਚਾ ਵੀ ਕਾਫੀ ਬੋਸੀਦਾ ਹੋ ਚੱਕਾ ਹੈ.

# ਮਾਂ-ਬੋਲੀ ਦੇ ਹੱਕੀ ਸਥਾਨ ਲਈ ਘੋਲ

—ਰਘਬੀਰ ਸਿੰਘ ਜਨਰਲ ਸਕਤਰ ਕੇਂਦਰੀ ਪੰਜਾਬੀ ਲੇਖਕ ਸਭਾ—

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਐਗਜ਼ੈਕਟਿਵ ਕਮੇਟੀ ਨੇ 9 ਜਨਵਰੀ ਨੂੰ ਲੁਧਿਆਣੇ ਵਿਚ ਹੋਈ ਆਪਣੀ ਮੀਟਿੰਗ ਵਿਚ ਰਾਜ-ਪ੍ਰਬੰਧ ਵਿਚ ਪੰਜਾਬੀ ਲਾਗੂ ਕਰਨ ਦੀ ਵਰਤਮਾਨ ਸਥਿਤੀ ਅਤੇ ਸਭਾ ਵਲੋਂ ਇਸ ਸੰਬੰਧ ਵਿਚ ਕੀਤੇ ਗਏ ਯਤਨਾਂ ਦਾ ਰੀਵੀਊ ਕੀਤਾ. ਐਗਜ਼ੈਕਟਿਵ ਕਮੇਟੀ ਨੇ ਅਨੁਭਵ ਕੀਤਾ ਕਿ ਸਭਾ ਵਲੋਂ ਪਿਛਲੇ ਸਾਲ ਸਥਾਨਕ ਪੱਧਰ ਉਤੇ ਦਿਤੇ ਗਏ ਧਰਨਿਆਂ ਅਤੇ ਰਾਜ ਦੇ ਮੁਖੀਆਂ ਨਾਲ ਸਭਾ ਦੇ ਵਫਦਾਂ ਦੀ ਭੇਂਟ ਪਿਛੋਂ ਵੀ ਕੋਈ ਬਹੁਤਾ ਫਰਕ ਨਹੀਂ ਪਿਆ. ਰਾਜ ਦੇ ਮੰਤਰੀ ਇਸ ਮਸਲੇ ਬਾਰੇ ਬਿਲਕੁਲ ਗੰਭੀਰ ਨਹੀਂ, ਜਦ ਕਿ ਉੱਚ ਅਧਿਕਾਰੀ ਆਪਣੇ ਸੌੜੇ ਹਿਤਾਂ ਖਾਤਰ ਜਾਣ ਬੁੱਝ ਕੇ ਪੰਜਾਬੀ ਦੀ ਵਰਤੋਂ ਦੇ ਰਾਹ ਵਿਚ ਅੜਿੱਕਾ ਬਣ ਰਹੇ ਹਨ. ਇਸ ਲਈ ਇਸ ਮਸਲੇ ਨੂੰ ਹੋਰ ਸ਼ਕਤੀਸ਼ਾਲੀ ਰੂਪ ਵਿਚ ਉਭਾਰਨ ਦੀ ਲੋੜ ਹੈ. ਫੈਸਲਾ ਕੀਤਾ ਗਿਆ ਹੈ ਕਿ 16 ਫਰਵਰੀ ਨੂੰ ਪੰਜਾਬ ਸਿਵਲ ਸਕੱਤਰੇਤ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇ. ਇਸ ਮੰਤਵ ਲਈ ਸਭ ਸਭਾਵਾਂ ਹੁਣੇ ਤੋਂ ਤਿਆਰੀ ਆਰੰਭ ਦੇਣ ਅਤੇ ਵੱਧ ਤੋਂ ਵੱਧ ਗਿਣਤੀ ਵਿਚ ਰੋਸ ਪ੍ਰਦਰਸ਼ਨ ਤੇ ਧਰਨੇ ਵਿਚ ਸ਼ਾਮਲ ਹੋਣ. ਰੋਸ ਪ੍ਰਦਰਸ਼ਨ ਦੁਪਹਿਰ ਬਾਰਾਂ ਵਜੇ ਪਰੇਡ ਗਰਾਊਂਡ (ਬੱਸ ਸਟੈਂਡ ਦੇ ਲਾਗੇ) ਤੋਂ ਸ਼ੁਰੂ ਹੋਵੇਗਾ ਅਤੇ ਧਰਨਾ ਸ਼ਾਮ ਚਾਰ ਵਜੇ ਤਕ ਦਿੱਤਾ ਜਾਵੇਗਾ. ਸਭ ਸਭਾਵਾਂ ਆਪਣੀ ਸਭਾ ਦੇ ਨਾਂਅ ਵਾਲੇ ਬੈਨਰਾਂ ਸਮੇਤ ਸ਼ਾਮਲ ਹੋਣ. ਹੁਣੇ ਤੋਂ ਆਪਣੀਆਂ ਮੀਟਿੰਗਾਂ ਵਿਚ ਇਸ ਰੋਸ ਪ੍ਰਦਰਸ਼ਨ ਤੇ ਧਰਨੇ ਦੇ ਹੱਕ ਵਿਚ ਮਤੇ ਪਾਸ ਕਰਕੇ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ. ਇਸ ਸੰਬੰਧ ਵਿਚ ਸਭਾਵਾਂ ਆਪਣੀ ਸਰਗਰਮੀ ਦੀਆਂ ਰਿਪੋਰਟਾਂ ਕੇਂਦਰੀ ਦਫਤਰ ਨੂੰ ਵੀ ਬਾਕਾਇਦਾ ਭੇਜਣ. ਸਿੱਧੇ ਅਤੇ ਜੀਵਨ ਮੈਂਬਰ ਵੀ ਇਸ ਧਰਨੇ ਵਿਚ ਨਾ ਕੇਵਲ ਖੁਦ ਸ਼ਾਮਲ ਹੋਣ ਸਗੋਂ ਸਭਾ ਦੀਆਂ ਸਫਾਂ ਤੋਂ ਬਾਹਰਲੇ ਸਾਹਿਤਕਾਰਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਣ. ਜੋ ਸਭਾਵਾਂ ਸਾਡੇ ਨਾਲ ਸਬੰਧਿਤ ਨਹੀਂ ਉਹਨਾਂ ਦਾ ਵੀ ਭਰਪੂਰ ਸਹਿਯੋਗ ਲਿਆ ਜਾਵੇ. ਅਸੀਂ ਇਸ ਪ੍ਰਦਰਸ਼ਨ ਨੂੰ ਬਹੁਤ ਪ੍ਰਭਾਵਕਾਰੀ ਬਣਾਉਣਾ ਹੈ, ਤੇ ਇਹ ਸਭ ਲੇਖਕਾਂ ਦੇ ਭਰਪੂਰ ਸਹਿਯੋਗ ਨਾਲ ਹੀ ਸੰਭਵ ਹੈ.

**ਵਿਧਾਨ ਸਭਾ ਅਗੇ ਐਗਜ਼ੈਕਟਿਵ ਕਮੇਟੀ ਦਾ ਧਰਨਾ**

ਉਕਤ ਧਰਨੇ ਤੋਂ ਬਿਨਾਂ ਇਹ ਫੈਸਲਾ ਵੀ ਕੀਤਾ ਗਿਆ ਹੈ ਕਿ ਸਭਾ ਦੀ ਐਗਜ਼ੈਕਟਿਵ ਕਮੇਟੀ ਦੇ ਸਭ ਮੈਂਬਰ ਤੇ ਨਿਮੰਤਰਤ ਮੈਂਬਰ ਵਿਧਾਨ ਸਭਾ ਦੇ ਅਗਲੇ ਸਮਾਗਮ ਦੌਰਾਨ

> **ਰਾਜ ਪ੍ਰਬੰਧ ਵਿਚ ਪੰਜਾਬੀ**
>
> ਰਾਜ ਦੇ ਮੰਤਰੀ ਇਸ ਮਸਲੇ ਬਾਰੇ ਬਿਲਕੁਲ ਗੰਭੀਰ ਨਹੀਂ, ਜਦ ਕਿ ਉੱਚ ਅਧਿਕਾਰੀ ਆਪਣੇ ਸੌੜੇ ਹਿੱਤਾਂ ਖਾਤਰ ਜਾਣ ਬੁੱਝ ਕੇ ਪੰਜਾਬੀ ਦੀ ਵਰਤੋਂ ਦੇ ਰਾਹ ਵਿਚ ਅੜਿੱਕਾ ਬਣ ਰਹੇ ਹਨ. ਇਸ ਲਈ ਇਸ ਮਸਲੇ ਨੂੰ ਹੋਰ ਸ਼ਕਤੀਸ਼ਾਲੀ ਰੂਪ ਵਿਚ ਉਭਾਰਨ ਦੀ ਲੋੜ ਹੈ......

ਇਕ ਦਿਨ ਲਈ ਵਿਧਾਨ ਸਭਾ ਅਗੇ ਧਰਨਾ ਦੇਣ.

**ਅਧਿਕਾਰੀਆਂ ਉਤੇ ਮੁਕੱਦਮਾ**

ਐਗਜ਼ੈਕਟਿਵ ਨੇ ਕੁਝ ਅਧਿਕਾਰੀਆਂ ਉਤੇ ਮੁਕੱਦਮਾ ਚਲਾਉਣ ਦੇ ਆਪਣੇ

**ਸਾਹਿਤ-ਕਲਾ-ਸਭਿਆਚਾਰ**

ਪਹਿਲੇ ਫੈਸਲੇ ਨੂੰ ਮੁੜ ਦ੍ਰਿੜਾਇਆ ਹੈ. ਇਸ ਮੰਤਵ ਲਈ ਬਣਾਈ ਗਈ ਸਬ ਕਮੇਟੀ ਨੂੰ ਕਿਹਾ ਗਿਆ ਹੈ ਕਿ ਇਸ ਮਾਮਲੇ ਦੇ ਕਾਨੂੰਨੀ ਪੱਖ ਨੂੰ ਵਿਚਾਰਕੇ ਲੋੜੀਂਦੇ ਤੱਥਾਂ ਸਹਿਤ ਮੁਕੱਦਮਾ ਕੀਤਾ ਜਾਵੇ. ਸਭ ਸਭਾਵਾਂ ਅਤੇ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਪੰਜਾਬੀ ਲਾਗੂ ਨਾ ਕਰਨ ਸਬੰਧੀ ਜੋ ਵੀ ਸਮੱਗਰੀ ਮਿਲਦੀ ਹੋਵੇ, ਉਹ ਕੇਂਦਰੀ ਦਫਤਰ ਨੂੰ ਛੇਤੀ ਤੋਂ ਛੇਤੀ ਭੇਜਣ ਤਾਂ ਕਿ ਸਬ ਕਮੇਟੀ ਇਸ ਸਬੰਧ ਵਿਚ ਅਗਲੀ ਕਾਰਵਾਈ ਕਰ ਸਕੇ.

**ਪਲਾਟ ਅਤੇ ਇਕ ਲੱਖ ਦੀ ਗ੍ਰਾਂਟ ਬਾਰੇ**

ਐਗਜ਼ੈਕਟਿਵ ਨੇ ਇਸ ਗੱਲ ਉਤੇ ਅਫਸੋਸ ਪ੍ਰਗਟ ਕੀਤਾ ਹੈ ਕਿ ਸਭਾ ਦੇ ਸਿਲਵਰ ਜੁਬਲੀ ਸਮਾਰੋਹਾਂ ਸਮੇਂ ਮੁਖ ਮੰਤਰੀ ਵਲੋਂ ਸਭਾ ਨੂੰ ਜਲੰਧਰ ਵਿਚ ਰੀਜ਼ਰਵ ਕੀਮਤ ਉਤੇ ਇਕ ਪਲਾਟ ਦੇਣ ਅਤੇ ਇਕ ਲੱਖ ਰੁਪਏ ਦੀ ਗ੍ਰਾਂਟ ਦੇਣ ਦੇ ਕੀਤੇ ਗਏ ਐਲਾਨ ਉਤੇ ਹਾਲੀ ਤਕ ਅਮਲ ਨਹੀਂ ਹੋਇਆ. ਸਭਾ ਦੇ ਇਕ ਵਫਦ ਨੇ ਮੁਖ ਮੰਤਰੀ ਨੂੰ ਉਹਨਾਂ ਦੇ ਐਲਾਨ ਦਾ ਚੇਤਾ ਕਰਾਇਆ ਸੀ. ਇਸ ਪਿਛੋਂ ਮੰਤਰੀ ਮੰਡਲ ਦੀ ਮੀਟਿੰਗ ਨੇ ਸਭਾ ਨੂੰ ਪਲਾਟ ਦੇਣ ਦੀ ਪ੍ਰਵਾਨਗੀ ਵੀ ਦਿਤੀ ਸੀ. ਪਰ ਹਾਲੇ ਤਕ ਅਮਲੀ ਕਾਰਵਾਈ ਕੋਈ ਨਹੀਂ ਹੋਈ. ਇਸ ਸਬੰਧ ਵਿਚ ਸਭਾ ਇਕ ਵਾਰ ਫੇਰ ਮੁੱਖ ਮੰਤਰੀ ਨੂੰ ਮਿਲਕੇ ਉਹਨਾਂ ਨੂੰ ਆਪਣੇ ਵਾਅਦੇ ਨੂੰ ਅਮਲੀ ਰੂਪ ਦੇਣ ਲਈ ਕਹੇਗੀ.

**ਨਵੇਂ ਲੇਖਕਾਂ ਲਈ ਸਕੂਲ**

ਨਵੀਆਂ ਛਪੀਆਂ ਪੁਸਤਕਾਂ ਉਤੇ ਗੋਸ਼ਟੀਆਂ ਦੀ ਲੜੀ ਜਾਰੀ ਰਖਣ ਦੇ ਨਾਲ ਨਾਲ ਐਗਜ਼ੈਕਟਿਵ ਨੇ ਵਿਭਿੰਨ ਵਿਸ਼ਿਆਂ ਉਤੇ ਗੋਸ਼ਟੀਆਂ ਕਰਨ ਅਤੇ ਨਵੇਂ ਲੇਖਕਾਂ ਲਈ ਸਕੂਲ ਲਾਉਣ ਦਾ ਫੈਸਲਾ ਕੀਤਾ ਹੈ. ਸਕੂਲਾਂ ਵਿਚ ਉਘੇ ਲੇਖਕ ਤੇ ਆਲੋਚਕ ਸਾਹਿਤ ਦੇ ਬੁਨਿਆਦੀ ਪੱਖਾਂ ਬਾਰੇ ਨਵੇਂ ਲੇਖਕਾਂ ਨਾਲ ਵਿਚਾਰ ਵਟਾਂਦਰਾ ਕਰਨਗੇ ਅਤੇ ਆਪਣੇ ਅਨੁਭਵ ਦੱਸਣਗੇ. ਇਸ ਸਬੰਧ ਵਿਚ ਪਹਿਲਾ ਸਕੂਲ ਸਾਹਿਤ ਸਭਾ ਦਸੂਹਾ ਅਤੇ ਉਸ ਇਲਾਕੇ ਦੀਆਂ ਹੋਰ ਸਭਾਵਾਂ ਦੇ ਸਹਿਯੋਗ ਨਾਲ ਲਾਇਆ ਜਾਵੇਗਾ. ਨਿਸ਼ਚਿਤ ਤਾਰੀਖਾਂ ਬਾਰੇ ਸੂਚਨਾ ਸਭਾਵਾਂ ਨੂੰ ਪਹੁੰਚ ਜਾਵੇਗੀ. ਸਭ ਸਭਾਵਾਂ ਆਪਣੇ ਵਿਚੋਂ ਕੁਝ ਮੈਂਬਰਾਂ ਨੂੰ ਜ਼ਰੂਰ ਹੀ ਇਸ ਸਕੂਲ ਵਿਚ ਭਾਗ ਲੈਣ ਲਈ ਨਿਯੁਕਤ ਕਰਨ.

**ਸਭਾ ਦੀਆਂ ਪ੍ਰਕਾਸ਼ਨਾਵਾਂ**

'ਡਿੱਠੇ ਸੁਣੇ ਪਠਾਣ' 'ਅਤੇ' 'ਪੰਜਾਬੀ ਸਾਹਿਤ ਸਰਵੇਖਣ' (1971-80) ਪੁਸਤਕਾਂ ਦੀ ਖਰੀਦ ਵੱਲ ਸਭਾਵਾਂ ਨੇ ਲੋੜੀਂਦਾ ਧਿਆਨ ਨਹੀਂ ਦਿਤਾ. ਪਹਿਲੀ ਪੁਸਤਕ ਤਾਂ ਬਹੁਤ ਹੀ ਸਸਤੀ ਹੈ, (ਮੁੱਲ 6 ਰੁਪਏ 70 ਪੈਸੇ), ਦੂਜੀ ਪੁਸਤਕ ਦਾ ਮੁੱਲ 16 ਰੁਪਏ ਹੈ ਪਰ ਉਹ ਸਭਾਵਾਂ ਨੂੰ ਇਸ ਤੋਂ ਅਧੀ ਕੀਮਤ ਉਤੇ ਦਿਤੀ ਜਾ ਰਹੀ ਹੈ. ਸਭ ਸਭਾਵਾਂ ਇਹਨਾਂ ਪੁਸਤਕਾਂ ਦੀਆਂ ਵੱਧ ਤੋਂ ਵੱਧ ਕਾਪੀਆਂ ਦੀ ਅਗਾਊਂ ਕੀਮਤ ਭੇਜਕੇ ਕੇਂਦਰੀ ਦਫਤਰ ਤੋਂ ਮੰਗਵਾਉਣ ਦੀ ਖੇਚਲ ਕਰਨ.

ਅੰਤ ਵਿਚ ਇਕ ਵਾਰ ਫੇਰ 16 ਫਰਵਰੀ ਦੇ ਚੰਡੀਗੜ੍ਹ ਧਰਨੇ ਲਈ ਸਰਗਰਮੀਆਂ ਆਰੰਭਣ ਦੀ ਬੇਨਤੀ ਕਰਦਾ ਹਾਂ.

## ਜਲੰਧਰ 'ਚ ਕੈਨੇਡਾ ਦੀ ਟੀਮ ਫੁਟਬਾਲ ਮੈਚ ਖੇਡੇਗੀ

ਜਲੰਧਰ, —ਜ਼ਿਲਾ ਖੇਡ ਅਧਿਕਾਰੀ ਸ੍ਰੀ ਐਸ. ਐਸ. ਬੈਂਸ ਮੁਤਾਬਕ 13 ਜਨਵਰੀ ਨੂੰ ਇਥੇ ਦਸਮੇਸ਼ ਕਲਬ ਕੈਨੇਡਾ ਤੇ ਲਾਇਲਪੁਰ ਖਾਲਸਾ ਕਾਲਜ ਕਲੱਬ ਜਲੰਧਰ ਵਿਚਕਾਰ ਇਕ ਕੌਮਾਂਤਰੀ ਨੁਮਾਇਸ਼ੀ ਮੈਚ ਕਰਵਾਇਆ ਜਾ ਰਿਹਾ ਹੈ.

ਖਾਲਸਾ ਕਾਲਜ ਦੀ ਗਰਾਉਂਡ ਵਿਚ ਹੋਣ ਵਾਲੇ ਮੈਚ ਦੇ ਮੁਖ ਮਹਿਮਾਨ ਉਪ ਕੁਲਪਤੀ ਡਾਕਟਰ ਜਗਤਾਰ ਸਿੰਘ ਗਰੇਵਾਲ ਹੋਣਗੇ ਮੈਚ ਦਾ ਉਦਘਾਟਨ ਬਲਬੀਰ ਸਿੰਘ ਸਾਬਕ ਸਿਹਤ ਮੰਤਰੀ ਕਰਨਗੇ.

**ਮਾਰਤੀਨਾ ਸਰਵਸ਼੍ਰੇਸ਼ਠ**

ਨਿਊਯਾਰਕ—ਅਮਰੀਕੀ ਮਹਿਲਾ ਲਾਰਮਨ ਟੈਨਿਸ ਐਸੋਸੀਏਸ਼ਨ ਨੇ ਮਾਰਤੀਨਾ ਨਵਰਤੀਲੋਵਾ ਨੂੰ1982 ਲਈ ਦੇਸ਼ ਦੀ ਸਭ ਤੋਂ ਵਧੀਆ ਖਿਡਾਰਨ ਐਲਾਨਿਆ ਹੈ. ਇਸ ਤੋਂ ਪਹਿਲਾਂ ਉਹ 1979 ਵਿਚ ਸਭ ਤੋ ਵਧੀਆ ਖਿਡਾਰਨ ਬਣੀ ਸੀ. ਉਹ 1980 ਤੇ 81 ਵਿਚ ਤੀਜੇ ਨੰਬਰ ਤੇ ਰਹੀ ਸੀ.

## ਹਿੰਦ-ਚੀਨ ਮਹਿਲਾ ਸਾਫਟਬਾਲ ਮੈਚ

ਹੈਦਰਾਬਾਦ—ਚੀਨ ਤੇ ਹਿੰਦ ਦੀਆਂ ਮਹਿਲਾ ਟੀਮਾਂ ਵਿਚਾਲੇ ਪਹਿਲਾ ਸਾਫਟ ਬਾਲ ਟੈਸਟ ਮੈਚ 7 ਫਰਵਰੀ ਨੂੰ ਇਥੇ ਖੇਡਿਆ ਜਾਏਗਾ. ਬਾਕੀ ਚਾਰ ਮੈਚ ਜੈਪੁਰ, ਜੋਧਪੁਰ, ਸੋਲਨ ਤੇ ਦਿਲੀ ਵਿਚ ਹੋਣਗੇ.

> **ਪੇਲੇ ਤੇ ਸੂਸ਼ਾ**
>
> ਰਿਓ ਡੇ ਜਨੇਰੋ, (ਏ. ਪੀ.)—ਫੁਟਬਾਲ ਦੇ ਬਾਦਸ਼ਾਹ ਪੇਲੇ ਨੇ ਬਰਾਜ਼ੀਲ ਦੀ ਇਕ ਸਭ ਤੋਂ ਪ੍ਰਸਿਧ ਮਾਡਲ ਲੜਕੀ ਸੂਸ਼ਾ ਨ ਲ ਵਿਆਹ ਕਰਾਉਣ ਦਾ ਐਲਾਨ ਕੀਤਾ ਹੈ. ਤਲਾਕਸ਼ੁਦਾ 42 ਸਾਲਾ ਪੇਲੇ ਤੇ 19 ਸਾਲਾ ਸੂਸ਼ਾ ਦੋ ਸਾਲ ਪਹਿਲਾਂ ਮਿਲੇ ਸਨ.
>
> ਪੇਲੇ ਅਜ ਕਲ੍ਹ ਬਹੁਤਾ ਸਮਾਂ ਅਮਰੀਕਾ ਵਿਚ ਗੁਜ਼ਰਦਾ ਹੈ ਜਿਥੇ ਉਹ ਫਿਲਮਾਂ ਬਨਾਉਣ ਤੇ ਉਥੇ ਫੁਟਬਾਲ ਨੂੰ ਪ੍ਰਫੁਲਤ ਕਰਨ ਲਈ ਸਰਗਰਮ ਹੈ. ਉਹ ਗਾਣੇ ਵੀ ਲਿਖਦਾ ਹੈ.

## ਅਗਲੇ ਦਸ ਸਾਲਾਂ 'ਚ...

ਸੰਸਾਰ ਸ਼ਤਰੰਜ ਚੈਂਪੀਅਨ ਅਨਾਤੋਲੀ ਕਾਰਪੋਵ ਨੇ ਕਿਹਾ ਹੈ ਕਿ ਅਗਲੇ ਦਸ ਸਾਲਾਂ ਵਿਚ ਕੋਈ ਬਦੇਸ਼ੀ ਖਿਡਾਰੀ ਸੋਵੀਅਤ ਗਰੈਂਡ ਮਾਸਟਰਾਂ ਤੋਂ ਸੰਸਾਰ ਖਿਤਾਬ ਖੋਹ ਨਹੀਂ ਸਕੇਗਾ.

ਤਬਿਲਸੀ ਵਿਚ ਪੀਪਲਜ਼ ਚੈਸ ਕਲਚਰ ਯੂਨੀਵਰਸਿਟੀ ਵਿਚ ਲੈਕਚਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੌਮਾਂਤਰੀ ਮੁਕਾਬਲਿਆਂ ਤੋਂ ਜਾਪਦਾ ਹੈ ਕਿ ਸੋਵੀਅਤ ਯੂਨੀਅਨ ਤੋਂ ਬਾਅਦ ਦੂਜਾ ਨੰਬਰ ਹੰਗਰੀ ਦਾ ਹੈ.





**ਅਜੀਤ ਸਿੰਘ ਪਹਿਲਵਾਨ ਜੋ ਅਮਰੀਕਾ ਵਿਚ ਹੋਏ ਹੈਵੀ ਵੇਟ ਰੈਸਲਿੰਗ ਵਿਚ ਪੰਜਾਬ ਦੇ ਪ੍ਰਤੀਨਿਧ ਸਨ ।००**

ਮੈਂ ਗੁਲਾਮ ਨਹੀਂ ਬਣਨਾ ਚਾਹੁੰਦਾ, ਸੋ ਮੈਂ ਮਾਲਕ ਵੀ ਨਹੀਂ ਬਣਾਂਗਾ .

—ਅਬਰਾਹਮ ਲਿੰਕਨ

ਫ਼ਕੀਰ ਆਪਣੀ ਕੁਟੀਆ ਵਿੱਚ ਆਪਣੇ ਜਿਹੇ ਸੈਂਕੜੇ ਬੰਦਿਆਂ ਨੂੰ ਸਮਾ ਸਕਦਾ ਹੈ, ਪਰ ਇੱਕ ਬਾਦਸ਼ਾਹ ਦੀ ਸਲਤਨਤ ਵਿੱਚ ਉਸ ਵਰਗਾ ਕੋਈ ਹੋਰ ਨਹੀਂ ਰਹਿ ਸਕਦਾ .

## ਮੇਘਾਲਿਆ ਚੋਣਾਂ ਲਈ ਨੋਟੀਫੀਕੇਸ਼ਨ

ਨਵੀਂ ਦਿੱਲੀ, —ਸੱਠ ਮੈਂਬਰੀ ਮੇਘਾਲਿਆ ਵਿਧਾਨ ਸਭਾ ਅਤੇ ਸੂਬੇ ਚੋਂਇਕ ਪਾਰਲੀਮੈਂਟ ਸੀਟ ਸ਼ਿਲਾਂਗ ਲਈ ਚੋਣ ਪ੍ਰਕਿਰਿਆ ਸ਼ੁਰੂ ਹੋ ਗਈ ਜਦੋਂ ਚੋਣ ਕਮਿਸ਼ਨਰ ਅਤੇ ਸੂਬਾਈ ਗਵਰਨਰ ਵਲੋਂ ਨੋਟੀਫੀਕੇਸ਼ਨ ਅੱਜ ਜਾਰੀ ਕਰ ਦਿਤੇ ਗਏ.

ਕਾਗਜ਼ ਦਾਖਲ ਕਰਨ ਦੀ ਅੰਤਮ ਤਰੀਕ 21 ਜਨਵਰੀ ਹੈ, ਕਾਗਜ਼ਾਂ ਦੀ ਪੜਤਾਲ 22 ਜਨਵਰੀ ਨੂੰ ਹੋਵੇਗੀ ਜਦੋਂ ਕਿ 24 ਜਨਵਰੀ ਤਕ ਕਾਗਜ਼ ਵਾਪਸ ਲਏ ਜਾ ਸਕਣਗੇ. ਚੋਣਾਂ 17 ਫਰਵਰੀ ਨੂੰ ਹੋ ਰਹੀਆਂ ਹਨ. ਮੌਜੂਦਾ ਵਿਧਾਨ ਸਭਾ ਦੀ ਮਿਆਦ ਤੇਰਾਂ ਮਾਰਚ ਤੱਕ ਹੈ. ਪਾਰਲੀਮੈਂਟ ਦੀ ਸ਼ਿਲਾਂਗ ਸੀਟ ਤੋਂ 1980 ਦੀਆਂ ਆਮ ਚੋਣਾਂ ਸਮੇਂ ਸਭ ਉਮੀਦਵਾਰਾਂ ਨੇ ਆਪਣੇ ਕਾਗਜ਼ ਵਾਪਸ ਲੈ ਲਏ ਸਨ.

# ਬੁਧੀਜੀਵੀਆਂ ਵਲੋਂ ਪੰਜਾਬ ਦੀ ਏਕਤਾ ਤੇ ਵਿਕਾਸ ਲਈ ਕਨਵੈਨਸ਼ਨ ਦਾ ਫੈਸਲਾ

### ਕਨਵੀਨਰਾਂ ਵਲੋਂ ਚੰਡੀਗੜ੍ਹ ਵਿਚ ਮੀਟਿੰਗ

## ਲੋਕਯਾਨ ਦੀ ਪੁਸਤਕ ਨੂੰ ਪੁਰਸਕਾਰ

—ਅਮਰੀਕੀ ਲੋਕਯਾਨ ਸੰਸਥਾ ਵਲੋਂ 1982 ਵਿਚ ਭਾਰਤ ਵਿਚ ਛਪੀ ਇਕ ਭਾਰਤੀ ਲੇਖਕ ਦੀ ਹੀ ਪੁਸਤਕ ਨੂੰ 5100 ਰੁਪੈ ਦਾ ਪੁਰਸਕਾਰ ਦਿਤਾ ਗਿਆ ਹੈ. ਇਹ ਖਬਰ ਸੰਸਥਾ ਦੇ ਡਾਇਰੈਕਟਰ ਵੇਦ ਪ੍ਰਕਾਸ਼ ਵਾਇਕ ਨੇ ਦਿਤੀ ਹੈ.

## ਕੰਵਲ ਦਾ ਸਨਮਾਨ

—ਚੰਡੀਗੜ੍ਹ ਬੈਡਮਿੰਟਨ ਐਸੋਸੀਏਸ਼ਨ ਨੇ ਬੀਤੀ ਰਾਤ ਇਥੇ ਹਿੰਦ ਦੀ ਉਘੀ ਬੈਡਮਿਟਨ ਖਿਡਾਰਨ ਕੰਵਲ ਠਾਕਰ ਸਿੰਘ ਦਾ ਸਨਮਾਨ ਕੀਤਾ,

## ਡਿਪਟੀ ਜੇਲ੍ਹ ਸੁਪਰਡੈਂਟ ਦੇ ਘਰ ਉਤੇ ਬੰਬ

ਅੰਮ੍ਰਿਤਸਰ, —ਸਥਾਨਕ ਕੇਂਦਰੀ ਜੇਲ੍ਹ ਦੇ ਡਿਪਟੀ ਸੁਪਰਡੈਂਟ ਸ੍ਰੀ ਦਲੀਪ ਸਿੰਘ ਦੇ ਘਰ ਉਤੇ ਰਾਤੀਂ ਕਿਸੇ ਨੇ ਇਕ ਦੇਸੀ ਬੰਬ ਸੁਟ ਦਿਤਾ ਜਿਸ ਨਾਲ ਘਰ ਦੀਆਂ ਤਾਕੀਆਂਫੱਟੀਆ ਨੂੰ ਨੁਕਸਾਨ ਪੁਜਾ.

ਇਸ ਘਟਨਾ ਵਿਚ ਕਿਸੇ ਦੇ ਵੀ ਜ਼ਖਮੀ ਹੋਣ ਦੀ ਖਬਰ ਨਹੀਂ ਹੈ. ਪੁਲਸ ਦੇ ਮੁਖੀ ਸ੍ਰੀ ਸ. ਸ. ਬੈਂਸ ਨੇ ਦਸਿਆ ਕਿ ਇਹ ਸ਼ਰਾਰਤ ਕਿਸੇ ਅਤਿਵਾਦੀ ਵਲੋਂ ਕੀਤੀ ਗਈ ਹੈ ਜਿਹੜਾ ਕਿ ਹਨੇਰੇ ਦਾ ਲਾਭ ਉਠਾ ਕੇ ਫਰਾਰ ਹੋ ਗਿਆ.

ਵਿਸ਼ਵਾਸ ਨਾਲ ਤੁਸੀਂ ਕੁਝ ਨਾ ਕੁਝ ਕਰ ਸਕਦੇ ਹੋ, ਪਰ ਇਸਦੇ ਬਿਨਾਂ ਕੁਝ ਨਹੀਂ ਕੀਤਾ ਜਾ ਸਕਦਾ .

— ਸੈਮੂਅਲ ਬਟਲਰ

ਹਰ ਇੱਕ ਚੀਜ਼ ਵਿੱਚ ਸੁੰਦਰਤਾ ਹੁੰਦੀ ਹੈ ਪਰ ਹਰ ਕੋਈ ਇਸਨੂੰ ਵੇਖ ਨਹੀਂ ਸਕਦਾ .

—ਕਨਫਿਊਸ਼ਸ

LOTTO 649

# GRAND OPENING
# FOR YOUR 649 LOTTO CENTRE

Play your lotto Number

You might be the next millionair - meanwhile SAVE -

SAVE shopping at

# AMBIKA FOODS

## 5125 Victoria Drive
## Vancouver, B.C. Canada

**PHONE: 327—0295**

## SALES START FROM

**FEBRUARY 1st to 15th**

| | | | |
|---|---|---|---|
| **Almond**<br>**3Lbs. 5.99**<br>ਬਦਾਮ | **Atta Farine**<br>**10 kg. 3.89**<br>ਆਟਾ | **Vegitable Oil**<br>**3 lit. 2.99**<br>ਵੈਜੀਟੇਬਲ ਆਇਲ | **Sugar**<br>**Best price in Town**<br>ਖੰਡ |
| **Pista**<br>**6.99 lb**<br>ਪਿਸਤਾ | **Cashew Grand -A**<br>**3.99 lb**<br>ਕੈਸ਼ਿਊ | **Nabob Tea** 120 packet<br>**3.89**<br>ਨਵਾਬ ਚਾਹ | **Chicken Legs**<br>**1.39 lb.**<br>ਮੁਰਗੇ ਦੀਆਂ ਲੱਤਾਂ |
| **Corn Flour**<br>**20 lb 5.99**<br>ਮੱਕੀ ਦਾ ਆਟਾ | **Chick Peas** 19 oz<br>**Bravo 67¢** each<br>ਕਾਬਲੀ ਛੋਲੇ | **Red Rose Tea** 120 packet<br>**3.89**<br>ਰਿਡ ਰੋਜ਼ ਚਾਹ | **Parboil Rice**<br>**10 kg. 9.99**<br>ਪੈਰਬੋਆਇਲ ਰਾਈਸ |
| **Chana Flour**<br>**2 kg. 2.99**<br>ਛੋਲਿਆ ਦਾ ਆਟਾ | **Bhatura Flour**<br>**2 kg. 3.99**<br>ਭਠੂਰਾ ਆਟਾ | **Stainless Steel Tray**<br>**Reg. ~~13.99~~ Now 8.99**<br>ਸਟੇਨਲਿਸ ਸਟੀਲ ਟਰੇ | **Long Grain Rice**<br>**20 kg. 12.89**<br>Never before this Price<br>ਲੌਂਗ ਗਰੇਨ ਰਾਈਸ |
| **Shona Saag**<br>79¢ each<br>ਸ਼ੋਹਣਾ ਸਾਗ | **Punjabi Tinda**<br>99¢ each<br>ਪੰਜਾਬੀ ਟਿੰਡਾ | **Aluminum Pots**<br>**25% Off**<br>ਅਲਮੀਨੀਅਮ ਭਾਂਡੇ | **Koki Cornd Mutton**<br>1.99 Tin<br>ਕੋਕੀ ਕੌਰਨਡ ਮਟਨ |
| **Goor**<br>**99¢ lb.**<br>ਗੁੜ | **100 oz. chick Peas**<br>**3.99** Tin<br>ਕਾਬਲੀ ਛੋਲੇ | **Pachranga Achar**<br>**1.99** Tin<br>ਪਚਰੰਗਾਂ ਅਚਾਰ | **Altayab Halal Corned mutten**<br>**2.89** Tin<br>ਆਲਤਿਆਬ ਹਲਾਲ ਕੌਰਨਡ ਮਟਨ |
| ਸੇਲ ਫਰਵਰੀ 1 ਤੋਂ ਫਰਵਰੀ 15 ਤਕ ਰਹੇਗੀ | **QUANTITIES TILL LAST** | | **All Dall on Sale**<br>ਸਾਰੀਆਂ ਦਾਲਾਂ ਸੇਲ ਤੇ ਹਨ |



ਦਾਰਾ ਸਿੰਘ ਤੇ ਬਿੰਨੀ ਰਾਏ 'ਰੁਸਤਮ' ਵਿਚ

## ਆਉਣ ਵਾਲੀ ਫਿਲਮ ਦੀ ਕਹਾਣੀ

# ਰਾਮ ਨਗਰੀ

ਜਦੋਂ ਇਨਸਾਨ ਮਾਂ ਦੀ ਕੁਖ 'ਚ ਹੁੰਦਾ ਹੈ, ਉਹ ਕੇਵਲ ਇਨਸਾਨ ਹੁੰਦਾ ਹੈ। ਇਕ ਬੇਨਾਮ, ਬੇਜਾਤ, ਬੇਦਾਗ਼ ਇਨਸਾਨ ! ਪਰ ਜਨਮ ਲੈਂਦੇ ਹੀ ਉਹ ਜਿਉਂ ਹੀ ਇਸ ਸੰਸਾਰ ਵਿਚ ਆਉਂਦਾ ਹੈ ਤਾਂ ਸਾਡਾ ਅੰਧਵਿਸ਼ਵਾਸ਼ੀ ਸਮਾਜ ਉਸ ਤੇ ਅਮੀਰੀ-ਗਰੀਬੀ, ਉਚ-ਨੀਚ, ਜਾਤ-ਪਾਤ ਦੀ ਇਕ ਅਣਦੇਖੀ ਮੋਹਰ ਲਾ ਦਿੰਦਾ ਹੈ। 'ਰਾਮ ਨਗਰੀ' ਇਕ ਨਾਈ ਪ੍ਰੀਵਾਰ ਦੇ ਵਡੇ ਇਨਸਾਨ ਦੀ ਕਹਾਣੀ ਹੈ। ਜਿਸ ਦੀ ਪ੍ਰੇਰਣਾ ਮਰਾਠੀ ਰੰਗਮੰਚ ਦੇ ਨਾਮਵਰ ਕਲਾਕਾਰ ਰਾਮ-ਨਗਰਕਰ ਦੀ ਆਤਮਕਥਾ ਤੋਂ ਮਿਲਦੀ ਹੈ।

ਉਸ ਰਾਤ ਹਾਲ ਖਚਾਖਚ ਭਰਿਆ ਹੋਇਆ ਸੀ। ਇਕ ਜ਼ਬਰਦਸਤ ਇਤਿਹਾਸਕ ਨਾਟਕ ਪੇਸ਼ ਕੀਤਾ ਜਾਣ ਵਾਲਾ ਸੀ। ਪਰ ਪਰਦਾ ਉਠਣ ਤੋਂ ਤੁਰੰਤ ਬਾਅਦ ਨਾਟਕ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਸਾਰੇ ਹਾਲ ਵਿਚ ਖਲਬਲੀ ਮੱਚ ਗਈ। ਸਹਸਾ ਰਾਮ (ਅਮੋਲ ਪਾਲੇਕਰ) ਨੇ ਜਿਸ ਨੂੰ ਬੜੀ ਮੁਸ਼ਕਲ ਉਸ ਨਾਟਕ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਸੀ, ਫੌਰਨ ਸਥਿਤੀ ਤੇ ਕਾਬੂ ਪਾ ਲਿਆ। ਉਸ ਨੇ ਇਕ ਹਜ਼ਾਮ ਦੇ ਸੈਲੂਨ ਦਾ ਇਕ ਇਹੋ ਜਿਹਾ ਦ੍ਰਿਸ਼ ਪੇਸ਼ ਕੀਤਾ ਜਿਸ ਵਿਚ ਉਹ ਸ਼ਰਾਬ ਪੀਕੇ ਬੜੇ ਮਜ਼ੇ ਨਾਲ ਹਜ਼ਾਮਤ ਦਾ ਕੰਮ ਕਰਦਾ ਸੀ ਅਤੇ ਨਾਲ ਗਾਹਕਾਂ ਨੂੰ ਵੀ ਪਿਆ ਦਿੰਦਾ ਸੀ। ਇਹ ਦ੍ਰਿਸ਼ ਕੁਝ ਇਹੋ ਜਿਹੇ ਢੰਗ ਨਾਲ ਪੇਸ਼ ਕੀਤਾ ਗਿਆ ਕਿ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਥੇ ਹੀ ਰਾਮ ਦੇ ਪਿਤਾ (ਨੀਲੂ ਫੂਲੇ) ਹਾਜ਼ਰ ਸਨ। ਉਸਦਾ ਖੂਨ ਖੌਲ ਉਠਿਆ। ਨਾਟਕ ਖਤਮ ਉਪਰੰਤ ਜਦ ਰਾਮ ਵਾਪਸ ਘਰ ਪੁਜਾ ਤਾਂ ਉਸਦੇ ਪਿਤਾ ਨੇ ਉਸ ਨੂੰ ਆਪਣੇ ਹੀ ਪੇਸ਼ੇ ਦਾ ਇਉਂ ਮਜ਼ਾਕ ਉਡਾਣ ਲਈ ਝਿੜਕਾਂ, ਫਿਟਕਾਰਾਂ ਪਾਈਆਂ। ਰਾਮ ਨੂੰ ਸਾਫ ਸਾਫ ਕਹਿ ਦਿਤਾ ਕਿ ਉਹ ਇਕ ਹਜ਼ਾਮ ਦਾ ਬੇਟਾ ਹੈ। ਕੋਈ ਭੰਡ ਮਰਾਸੀ ਨਹੀਂ। ਰਾਮ-ਇਕ ਹਜ਼ਾਮ ! ਰਾਮ ਦਾ ਛੋਟਾ ਭਾਈ ਨਿਯਮਤ ਰੂਪ ਵਿਚ ਸੈਲੂਨ ਜਾਂਦਾ ਜੀ। ਰਾਮ ਦਾ ਛੋਟਾ ਭਾਈ, ਭੈਣ ਅਤੇ ਮਾਂ ਵੀ ਰਾਮ ਦੇ ਪਿਤਾ ਤੋਂ ਬਹੁਤ ਘਬਰਾਉਂਦੇ ਸਨ।

ਪਰ ਰਾਮ ਵੀ ਆਪਣੀ ਧੁਨ ਦਾ ਪੱਕਾ ਸੀ। ਉਹ ਹਰ ਕੀਮਤ ਤੇ ਅਭਿਨੇਤਾ ਬਨਣਾ ਚਾਹੁੰਦਾ ਸੀ। ਸੈਲੂਨ ਵਿਚ ਕੰਮ ਕਰਨਾ ਉਸ ਨੂੰ ਜ਼ਹਿਰ ਲਗਦਾ ਸੀ। ਇਸੇ ਕਰਕੇ ਉਸ ਨੂੰ ਹਰ ਰੋਜ਼ ਆਪਣੇ ਪਿਤਾ ਕੋਲੋਂ ਲਾਹਨਤਾਂ ਸੁਨਣੀਆਂ ਪੈਂਦੀਆਂ। ਇਕ ਦਿਨ ਉਸਨੇ ਆਪਣੇ ਪਿਤਾ ਦੇ ਸੈਲੂਨ ਵਿਚ ਕੰਮ ਕਰਨਾ ਹੀ ਛਡ ਦਿਤਾ। ਜੀਵਨ-ਨਿਰਬਾਹ ਲਈ ਸੈਲੂਨ ਵਿਚ ਹੀ ਆਉਣ ਵਾਲੇ ਪੋਸਟ-ਮਾਸਟਰ ਨੂੰ ਕਹਿ ਕੇ ਪੋਸਟਮੈਨ ਦੀ ਨੌਕਰੀ ਕਰਨ ਲਗ ਪਿਆ।

ਇਸ ਸਮੇਂ ਦੌਰਾਨ ਉਸਦੀ ਸ਼ਾਦੀ ਸੀਤਾ (ਸੁਹਾਸਿਨੀ ਮੁਲ) ਨਾਲ ਕਰ ਦਿਤੀ ਗਈ। ਉਸਦੀ ਪਤਨੀ ਘਰ ਦੀਆਂ ਦੂਸਰੀਆਂ ਔਰਤਾਂ ਨਾਲ ਅੰਦਰ ਕਮਰੇ ਵਿਚ ਸੌਂਦੀ ਸੀ। ਰਾਮ ਨੂੰ ਘਰ ਵਿਚ ਥਾਂ ਦੀ ਘਾਟ ਹੋਣ ਕਾਰਨ ਆਦਮੀਆਂ ਨਾਲ ਬਾਹਰ ਫੁਟ ਪਾਥ ਤੇ ਸੌਣਾ ਪੈਂਦਾ ਸੀ। ਆਖਰ ਇਹ ਸ਼ਾਦੀ ਵੀ ਕੀ ਸ਼ਾਦੀ ਸੀ ? ਪਤੀ-ਪਤਨੀ ਰਾਤ ਨੂੰ ਵੀ ਇਕਠੇ ਨਹੀਂ ਹੋ ਸਕਦੇ। ਇਕ ਦਿਨ ਜਦ ਸੀਤਾ ਕਮਰੇ ਵਿਚ ਇਕਲੀ ਸੌਂ ਰਹੀ ਸੀ ਅਤੇ ਬਾਕੀ ਇਸਤਰੀਆਂ ਬਾਹਰ ਬਰਾਂਡੇ ਵਿਚ ਸੌਂ ਰਹੀਆਂ ਸਨ ਤਾਂ ਰਾਮ ਹੌਲੀ ਜਿਹੀ ਉਠ ਕੇ ਆਪਣੀ ਪਤਨੀ ਸੀਤਾ ਨੂੰ ਮਿਲਣ ਲਈ ਆਉਂਦਾ ਹੈ। ਹੌਲੀ ਜਿਹੇ ਖਿੜਕੀ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ। ਖਿੜਕੀ ਦੇ ਪਿਛੇ ਰਖੇ ਹੋਏ ਬਰਤਨ ਥਲੇ ਡਿਗ ਪੈਂਦੇ ਹਨ ਅਤੇ ਕਾਫੀ ਖੜਾਕ ਪੈਦਾ ਕਰਦੇ ਹਨ। ਬਰਤਨਾਂ ਦੇ ਡਿਗਣ ਦੀ ਆਵਾਜ਼ ਸੁਣਕੇ ਸਾਰੇ ਲੋਕ ਜਾਗ ਪੈਂਦੇ ਹਨ। ਰਾਮ ਦੀ ਮਾਂ 'ਚੋਰ ਚੋਰ' ਦਾ ਰੌਲਾ ਪਾ ਦਿੰਦੀ ਹੈ। ਰਾਮ ਭੱਜ ਕੇ ਫਿਰ ਫੁਟਪਾਥ ਤੇ ਸੌਂ ਜਾਂਦਾ ਹੈ।

ਰਾਮ ਪੋਸਟਮੈਨ ਦੀ ਨੌਕਰੀ ਤਾਂ ਕਰ ਲੈਂਦਾ ਹੈ ਪਰ ਉਹ ਨਾਟਕਾਂ ਵਿਚ ਅਭਿਨੈ ਕਰ ਲਈ ਕਦੇ ਕਦੇ ਨੌਕਰੀ ਤੇ ਵੀ ਨਹੀਂ ਜਾਂਦਾ। ਇਸ ਕਾਰਨ ਉਸ ਨੂੰ ਬਾਰ ਬਾਰ ਪੋਸਟ ਮਾਸਟਰ ਕੋਲੋਂ ਮੁਆਫੀ ਮੰਗਣੀ ਪੈਂਦੀ ਹੈ। ਇਕ ਦਿਨ ਇਕ ਰਾਤ ਨੂੰ ਨਾਟਕ ਵਿਚ ਹਿਸਾ ਲੈਣ ਉਪਰੰਤ ਘਰ ਦੇਰ ਨਾਲ ਵਾਪਸ ਆਉਂਦਾ ਹੈ ਅਤੇ ਸੌਂ ਜਾਂਦਾ ਹੈ। ਉਸੇ ਦਿਨ ਪੋਸਟਲ ਵਿਭਾਗ ਦੇ ਜਨਰਲ ਮੈਨੇਜਰ (ਕੇ. ਐਨ. ਸਿੰਘ) ਰਾਮ ਨੂੰ ਬੁਲਾਉਂਦੇ ਹਨ। ਪਰ ਰਾਮ ਪੋਸਟ ਆਫਿਸ ਵਿਚ ਨਹੀਂ ਸੀ। ਇਸ ਲਈ ਪੋਸਟਮਾਸਟਰ ਇਕ ਪੋਸਟਮੈਨ ਨੂੰ ਭੇਜ ਕੇ ਰਾਮ ਨੂੰ ਘਰੋਂ ਸੱਦਦਾ ਹੈ। ਇਸ ਤਰ੍ਹਾਂ ਪੋਸਟ-ਮਾਸਟਰ ਬੜਾ ਪ੍ਰੇਸ਼ਾਨ ਹੁੰਦਾ ਹੈ। ਜਦ ਰਾਮ ਆਪਣੇ ਸਾਥੀ ਨਾਲ ਦਫਤਰ ਪਹੁਚਦਾ ਹੈ ਤਾਂ ਰਾਮ ਦੀ ਡਾਂਟ-ਡਪਟ ਹੁੰਦੀ ਹੈ। ਕਿਉਂਕਿ ਪੋਸਟਮਾਸਟਰ ਨੂੰ ਡਰ ਸੀ ਕਿ ਰਾਮ ਦੇ ਦਫਤਰ ਨਿਯਮਤ ਰੂਪ 'ਚ ਨਾ ਆਉਣ ਕਾਰਨ ਜਨਰਲ ਮੈਨੇਜਰ ਨਾਰਾਜ਼ ਹੋ ਸਕਦੇ ਹਨ। ਪਰ ਜਦ ਉਹ ਜਨਰਲ ਮੈਨੇਜਰ ਦੇ ਸਾਹਮਣੇ ਪੇਸ਼ ਹੁੰਦਾ ਹੈ ਤਾਂ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਜਨਰਲ ਮੈਨੇਜਰ ਉਸਨੂੰ ਡਾਂਟਣ ਦੀ ਬਜਾਏ ਉਸਨੂੰ ਪੋਸਟਲ ਡਿਪਾਰਟਮੈਂਟ ਤੇ ਬਨਣ ਵਾਲੀ ਇਕ ਲਘੂ-ਫਿਲਮ ਵਿਚ ਕੰਮ ਕਰਨ ਵਾਸਤੇ ਇਕ ਸੱਦਾ-ਪੱਤਰ ਦਿੰਦੇ ਹਨ। ਉਹ ਫਿਲਮ ਵਿਚ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਉਸ ਫਿਲਮ ਨਾਲ ਉਸਨੂੰ ਹੋਰ ਵੀ ਕਈ ਫਿਲਮਾਂ ਵਿਚ ਕੰਮ ਕਰਨ ਲਈ ਮਿਲ ਜਾਂਦਾ ਹੈ।

ਰੰਗਮੰਚ ਤੇ ਪੈਰ ਜੰਮਦੇ ਹੀ ਰਾਮ ਨੇ ਇਕ ਛੋਟਾ ਜਿਹਾ ਫਲੈਟ ਲੈ ਲਿਆ। ਬਦਕਿਸਮਤੀ ਨਾਲ ਉਥੋਂ ਦੇ ਲੋਕਾਂ ਨੂੰ ਜਲਦੀ ਹੀ ਉਸਦੀ ਜਾਤ ਦਾ ਪਤਾ ਲੱਗ ਗਿਆ। ਲੋਕਾਂ ਨੇ ਉਸਨੂੰ ਫਲੈਟ ਛੱਡ ਦੇਣ ਤੇ ਮਜ਼ਬੂਰ ਕਰ ਦਿਤਾ।

ਮਾਤਾ ਪਿਤਾ ਦੇ ਦੇਹਾਂਤ ਤੋਂ ਬਾਅਦ ਰਾਮ ਨੇ ਘਰ ਦੀ ਪੂਰੀ ਜ਼ੁਮੇਂ-ਵਾਰੀ ਸੰਭਾਲ ਲਈ। ਛੋਟੀ ਭੈਣ ਦੀ ਸ਼ਾਦੀ ਕੀਤੀ। ਛੋਟੇ ਭਰਾ ਦਾ ਵਿਆਹ ਕੀਤਾ। ਉਸਦੇ ਜੀਵਨ-ਬਸਰ ਲਈ ਬੰਬਈ ਦਾ ਸੈਲੂਨ ਉਸਨੂੰ ਸੌਂਪ ਦਿਤਾ। ਖੁਦ ਉਸਦਾ ਚੌਪਟ ਹੋਇਆ ਸੈਲੂਨ ਚਲਾਉਣ ਲਈ ਪੂਨੇ ਚਲਾ ਗਿਆ।

ਪੂਨੇ ਵਿਚ ਉਸਨੂੰ ਉਸਦੀ ਜਾਤ ਕਾਰਨ ਰਹਿਣ ਲਈ ਥਾਂ ਨਹੀਂ ਮਿਲਦੀ। ਇਕ ਦਿਨ ਇਕ ਦਲਾਲ ਉਸਨੂੰ ਮਕਾਨ ਦਿਵਾਉਣ ਲਈ ਇਕ ਰੰਡੇ ਬ੍ਰਾਹਮਣ ਕੋਲ ਲੈ ਜਾਂਦਾ ਹੈ। ਰਾਮ ਮਕਾਨ ਲਈ ਉਸਦੇ ਮਾਲਕ (ਨਾਨਾ ਪਾਲਸੀਕਰ) ਦੀਆਂ ਸਾਰੀਆਂ ਸ਼ਰਤਾਂ ਮੰਨ ਕੇ ਉਸਨੂੰ ਪੈਸੇ ਵੀ ਦੇ ਦਿੰਦਾ ਹੈ। ਉਸ ਤੋਂ ਬਾਅਦ ਗੱਲਬਾਤ ਹੋਣ ਲਗਦੀ ਹੈ। ਅਚਾਨਕ ਜਦ ਮਕਾਨ ਮਾਲਕ ਨੂੰ ਪਤਾ ਲਗਦਾ ਹੈ ਕਿ ਰਾਮ ਨਾਈ ਹੈ ਤਾਂ ਉਹ ਮਕਾਨ ਦਾ ਸੌਦਾ ਰੱਦ ਕਰ ਦਿੰਦਾ ਹੈ। ਰਾਮ ਦਲਾਲ ਨਾਲ ਵਾਪਸ ਆ ਜਾਂਦਾ ਹੈ। ਰਸਤੇ ਵਿਚ ਉਹ ਦਲਾਲ ਨੂੰ ਪੁਰਾਣ ਦੀ ਇਕ ਕਥਾ ਸੁਣਾਉਂਦਾ ਹੈ।

ਉਹ ਦਸਦਾ ਹੈ ਕਿ ਇਕ ਦਿਨ ਬ੍ਰਹਮਾ ਨੇ ਦੋ ਆਦਮੀਆਂ ਨੂੰ ਧਰਤੀ ਤੇ ਭੇਜਣ ਲਈ ਤਿਆਰ ਕੀਤਾ। ਦੋਨਾਂ ਆਦਮੀਆਂ ਨੂੰ ਇਕ ਇਕ ਕਟੋਰੀ ਦੇਕੇ ਪੁੱਛਿਆ ਕਿ ਤੁਸੀਂ ਲੋਕ ਧਰਤੀ ਤੇ ਜਾ ਕੇ ਕੀ ਕਰੋਗੇ ? ਇਕ ਨੇ ਕਿਹਾ ਕਿ ਉਹ ਇਸ ਕਟੋਰੀ ਨਾਲ ਭੀਖ ਮੰਗ ਕੇ ਆਪਣਾ ਜੀਵਨ ਬਸਰ ਕਰੇਗਾ। ਦੂਸਰੇ ਆਦਮੀ ਨੇ ਕਟੋਰੀ ਵਿਚ ਥੋੜਾ ਜਿਹਾ ਪਾਣੀ ਲੈ ਕੇ ਪਹਿਲੇ ਆਦਮੀ ਦੀ ਹਜ਼ਾਮਤ ਬਣਾਈ। ਫਿਰ ਉਸਦੇ ਵਾਲ ਕੱਟੇ ਅਤੇ ਬ੍ਰਹਮਾ ਨੂੰ ਕਿਹਾ ਕਿ ਉਹ ਆਪਣਾ ਜੀਵਨ ਇੰਜ ਬਸਰ ਕਰੇਗਾ। ਭਗਵਾਨ ਨੇ ਤਥਾ-ਅਸਤੂ ਕਹਿਕੇ ਦੋਹਾਂ ਨੂੰ ਧਰਤੀ ਤੇ ਭੇਜ ਦਿਤਾ। ਉਦੋਂ ਤੋਂ ਨਾਈ ਹਜ਼ਾਮ ਦਾ ਕੰਮ ਕਰ ਰਹੇ ਹਨ।

ਕਿਵੇਂ ਨਾ ਕਿਵੇਂ ਰਾਮ ਪੂਨੇ ਵਿਚ ਵਸ ਗਿਆ। ਹੌਲੀ ਹੌਲੀ ਉਸਦੇ ਦਿਨ ਫਿਰਨ ਲੱਗੇ। ਰੰਗਮੰਚ ਦੀ ਦੁਨੀਆਂ ਵਿਚ ਉਸਦਾ ਨਾਮ ਚਮਕਣ ਲੱਗਾ। ਹੁਣ ਉਹ 'ਉਚੇ ਵਰਗ' ਦੇ 'ਵੱਡੇ' ਲੋਕਾਂ ਵਿਚ ਵੀ ਬੈਠਣ-ਉਠਣ ਲੱਗ ਪਿਆ। ਜਿਸ ਕਾਰਨ ਉਸਨੂੰ ਖੁਦ ਹੀ ਆਪਣੀ ਜਾਤ ਤੇ ਸ਼ਰਮ ਮਹਿਸੂਸ ਹੋਣ ਲੱਗੀ।

ਪਰ ਜਾਤ-ਪਾਤ ਦੀ ਮੋਹਰ ਤਾਂ ਇਨਸਾਨ ਦੇ ਜਨਮ ਤੋਂ ਹੀ ਲੱਗੀ ਜਾਂਦੀ ਹੈ। ਰਾਮ ਦੇ ਬੇਟੇ ਨੂੰ ਦੂਸਰੇ ਲੜਕੇ 'ਨਾਈ' ਕਹਿਕੇ ਚਿੜਾਉਣ ਲਗਦੇ ਹਨ। ਇਥੇ ਰਾਮ ਦੇ ਮਨ ਨੂੰ ਇਕ ਹੋਰ ਜ਼ਬਰਦਸਤ ਧੱਕਾ ਲੱਗਦਾ ਹੈ। ਇਕ ਪਾਸੇ 'ਉਚ-ਵਰਗ' ਵਿਚ ਉਸਦਾ ਸਨਮਾਨ ਸੀ ਦੂਜੇ ਪਾਸੇ ਆਪਣੀ ਜਾਤ ਕਾਰਨ ਅਪਮਾਨ ਸੀ। ਰਾਮ ਕਰੇ ਤਾਂ ਕੀ ਕਰੇ ? ਆਖਰ ਇਕ ਦਿਨ ਉਸਨੇ ਆਪਣੀ ਜਾਤ ਦੀ ਮਹੱਤਤਾ ਨੂੰ ਸਵੀਕਾਰ ਕਰ ਲਿਆ। ਉਹ ਹਰ ਰੋਜ਼ ਸੈਲੂਨ ਜਾਣ ਲੱਗਾ ਆਪਣੇ ਲੜਕੇ ਨੂੰ ਵੀ ਸਿਖਿਆ ਦਿਤੀ ਕਿ ਆਪਣਾ ਕੰਮ ਹਮੇਸ਼ਾਂ ਹੀ ਉਚਾ ਹੁੰਦਾ ਹੈ। ਕਿਸੇ ਦੇ ਕਹਿਣ ਨਾਲ ਕੋਈ ਕੰਮ ਨੀਚ ਨਹੀਂ ਹੋ ਜਾਂਦਾ। ●





□ ਬਿਦੂ ਦੀ ਫਿਲਮ 'ਸਟਾਰ' ਦੇ ਬਾਕਸ ਆਫਿਸ ਤੇ ਅਸਫਲ ਹੋਣ ਦਾ ਸਭ ਤੋਂ ਵੱਧ ਦੁਖ 'ਸਟਾਰ' ਦੇ ਹੀਰੋ ਕੁਮਾਰ ਗੌਰਵ ਦੇ ਪਿਤਾ ਰਾਜਿੰਦਰ ਕੁਮਾਰ ਨੂੰ ਹੋਇਆ ਹੈ। ਉਸ ਨੂੰ ਜਦ ਪਹਿਲੇ ਦਿਨ ਪਤਾ ਲਗਾ ਕਿ ਸ਼ੋ ਪੂਰੇ ਨਹੀਂ ਲੱਗ ਰਹੇ ਤਾਂ ਉਸ ਨੇ ਆਪਣੇ ਸਾਰੇ ਵਾਕਫਕਾਰਾਂ ਨੂੰ ਬੁਲਾ ਕੇ ਪੈਸੇ ਦੇ ਕੇ ਬੰਬਈ ਦੇ ਉਹਨਾਂ ਸਾਰੇ ਥੀਏਟਰਾਂ ਨੂੰ ਭੇਜਿਆ ਜਿਥੇ 'ਸਟਾਰ' ਲੱਗੀ ਹੋਈ ਸੀ ਤੇ ਉਹਨਾਂ ਨੂੰ ਕਿਹਾ ਕਿ ਉਹ 'ਮੈਟਨੀ ਸ਼ੋ' ਦੀਆਂ ਬਹੁਤ ਬਹੁਤ ਟਿਕਟਾਂ ਖਰੀਦ ਕੇ 'ਹਾਊਸ ਫੁਲ' ਕਰ ਦੇਣ। ਪਰ ਉਹ ਇਹ ਭੁਲ ਗਿਆ ਕਿ ਇਕ ਸ਼ੋ ਫੁਲ ਹੋਣ ਨਾਲ ਫਿਲਮ ਬਾਕਸ ਆਫਿਸ ਤੇ ਹਿਟ ਨਹੀਂ ਹੋ ਸਕਦੀ। ਆਖਰ ਤਾਂ ਉਸ ਨੂੰ ਮਾਯੂਸੀ ਦਾ ਹੀ ਸਾਹਮਣਾ ਕਰਨਾ ਪਵੇਗਾ।

□ 'ਸਟਾਰ' ਦੀ ਅਸਫਲਤਾ ਨੇ ਜੇ ਰਾਜਿੰਦਰ ਕੁਮਾਰ ਨੂੰ ਦੁਖੀ ਕੀਤਾ ਹੈ ਤਾਂ 'ਸਟਾਰ' ਦੇ ਫੋਟੋਗ੍ਰਾਫਰ ਨਾਦੀਮ ਖਾਂ ਦੀ ਪਤਨੀ, ਤੇ ਡਾ: ਰਾਹੀ ਮਾਸੂਮ ਰਜ਼ਾ ਦੀ ਨੂੰਹ, ਪਾਰਵਤੀ ਲਈ ਖੁਸ਼ੀ ਦਾ ਕਾਰਣ ਬਣੀ ਹੈ। ਦਸਿਆ ਜਾਂਦਾ ਹੈ ਕਿ ਨਾਜ਼ੀਆ ਹਸਨ ਤੇ ਉਸਦੇ ਭਰਾ ਯੋਹੇਬ ਨੇ 'ਸਟਾਰ' ਲਈ ਗਾਉਣ ਤੋਂ ਇਨਕਾਰ ਕਰ ਦਿਤਾ ਸੀ ਤੇ ਬਿਦੂ ਨੇ ਪਾਰਵਤੀ ਤੇ ਮੰਗਲ ਨਾਂ ਦੇ ਗਾਇਕ ਨੂੰ ਗੀਤ ਗਾਉਣ ਲਈ ਚੁਣ ਲਿਆ ਸੀ ਤੇ ਉਹਨਾਂ ਨੂੰ ਇੰਗਲੈਂਡ ਰਿਕਾਰਡਿੰਗ ਲਈ ਲੈ ਕੇ ਗਿਆ ਸੀ, ਪਰ ਅਸਲੀਅਤ ਇਹ ਸੀ ਕਿ ਬਿਦੂ ਇਹਨਾਂ ਦੋਹਾਂ ਨੂੰ ਨਾਜ਼ੀਆ ਹਸਨ ਤੇ ਯੋਹੇਬ ਦਾ ਦਿਮਾਗ ਠੀਕ ਕਰਨ ਲਈ ਮੁਹਰਿਆਂ ਵਜੋਂ ਵਰਤ ਰਿਹਾ ਸੀ ਤੇ ਜਿਉਂ ਹੀ ਨਾਜ਼ੀਆ ਤੇ ਯੋਹੇਬ ਨੇ 'ਸਟਾਰ' ਲਈ ਗਾਉਣਾ ਮੰਨ ਲਿਆ, ਬਿਦੂ ਨੇ ਪਾਰਵਤੀ ਤੇ ਗੋਪਾਲ ਨੂੰ ਮੱਖਣ ਚੋਂ ਵਾਲ ਵਾਂਗ ਕੱਢ ਕੇ ਬਾਹਰ ਕਰ ਦਿਤਾ। ਇਥੋਂ ਤਕ ਕਿ ਪਾਰਵਤੀ ਲੰਦਨ ਵਿਚ ਬਿਮਾਰ ਹੋ ਗਈ ਤਾਂ ਉਸ ਨੂੰ ਕਿਸੇ ਡਾਕਟਰ ਤਕ ਨੂੰ ਵੀ ਨਾ ਦਿਖਾਇਆ ਤੇ ਮਾਨਸਿਕ ਤੌਰ ਤੇ ਪੀੜਤ ਪਾਰਵਤੀ ਵਾਪਸ ਪਰਤੀ। ਹੁਣ ਜਦ 'ਸਟਾਰ' ਬਾਕਸ ਆਫਿਸ ਤੇ ਫੇਲ੍ਹ ਹੋ ਗਈ ਹੈ ਤਾਂ ਪਾਰਵਤੀ ਨੂੰ ਖੁਸ਼ੀ ਪੁਜੀ ਹੈ।

■ ਠਾਕੁਰ ਭਾਰਤੀ

ਤੱਤੇ ਵੀ ਔਣ ਜਾਣਗੇ ਤਿਲੀਅਰ ਵੀ ਔਣਗੇ<br>
ਥੋੜੀ ਰਹੇਗੀ ਘਰ 'ਚ ਤਾਂ ਪੱਥਰ ਵੀ ਔਣਗੇ .<br>
ਮਿੱਤਰ ਵੀ ਔਣਗੇ ਕਈ ਮੁਖ਼ਬਰ ਵੀ ਔਣਗੇ<br>
ਇਸ ਸਾਲ-ਹੱਰ-ਹੱਰ ਕੈਲੰਡਰ ਵੀ ਔਣਗੇ .

# ਡਿੰਪਲ ਵਿਰੁੱਧ ਰਾਜੇਸ਼ ਦੀ ਸਾਜ਼ਿਸ਼

ਇਕ ਦਰਜਨ ਟਾਪ ਨਿਰਮਾਤਾਵਾਂ ਦੀਆਂ ਫਿਲਮਾਂ ਸਾਈਨ ਕਰ ਲੈਣ ਦੇ ਬਾਵਜੂਦ ਜਦ ਡਿੰਪਲ ਦੀ ਇਕ ਵੀ ਫਿਲਮ ਸੈੱਟ ਤੇ ਨਾ ਜਾ ਸਕੀ ਤਾਂ ਲੋਕਾਂ ਨੇ ਡਿੰਪਲ ਦੇ ਕੈਰੀਅਰ ਤੇ ਪ੍ਰਸ਼ਨ-ਚਿੰਨ੍ਹ ਲਾਉਣਾ ਸ਼ੁਰੂ ਕਰ ਦਿਤਾ। ਉਹਨਾਂ ਨੂੰ ਜਾਪਿਆ ਜਿਵੇਂ ਡਿੰਪਲ ਦਾ ਕੈਰੀਅਰ ਅਭਿਨੇਤਰੀ ਦੇ ਰੂਪ ਵਿਚ ਖ਼ਤਮ ਹੋ ਚੁਕਾ ਹੈ। ਪਰ ਡਿੰਪਲ ਦੀ ਇਕ ਵੀ ਫਿਲਮ ਸੈੱਟ ਤੇ ਨਾ ਜਾਣ ਦਾ ਕਾਰਨ ਕੀ ਹੈ ? ਇਹ ਕੋਈ ਵੀ ਨਹੀਂ ਜਾਣਦਾ। ਕੌਣ ਹੈ ਉਹ ਸ਼ਖਸ ਜਿਸ ਦੀ ਸਾਜ਼ਿਸ਼ ਦਾ ਸ਼ਿਕਾਰ ਡਿੰਪਲ ਹੋ ਚੁਕੀ ਹੈ ?

ਇਹ ਸ਼ਖਸ ਡਿੰਪਲ ਦਾ ਪਹਿਲਾ ਪਤੀ ਰਾਜੇਸ਼ ਖੰਨਾ ਹੈ। ਰਾਜੇਸ਼ ਖੰਨਾ ਨੇ ਸ਼ਾਦੀ ਦੇ ਫੌਰਨ ਬਾਅਦ ਹੀ ਡਿੰਪਲ ਦੀਆਂ ਦੋ ਫਿਲਮਾਂ 'ਰੋਟੀ' ਅਤੇ ਰਾਜ ਕਪੂਰ ਦੀ ਅਗਲੀ ਫਿਲਮ ਵਿਚੋਂ ਡਿੰਪਲ ਨੂੰ ਕਢਵਾ ਦਿਤਾ ! ਰਾਜੇਸ਼ ਖੰਨਾ ਨੇ ਇਹ ਗੱਲ ਡਿੰਪਲ ਅਤੇ ਉਸ ਦੇ ਘਰ ਵਾਲਿਆਂ ਨੂੰ ਸਾਫ ਸਾਫ ਦੱਸ ਦਿਤੀ ਕਿ ਉਹ ਆਪਣੀ ਪਤਨੀ ਨੂੰ ਕੈਮਰੇ ਦੇ ਸਾਹਮਣੇ ਕਿਸੇ ਵੀ ਕੀਮਤ ਤੇ ਨਹੀਂ ਜਾਣ ਦੇਵੇਗਾ। ਉਸ ਨੇ ਇਕ ਅਭਿਨੇਤਰੀ ਨਾਲ ਵਿਆਹ ਨਹੀਂ ਕੀਤਾ—ਇਕ ਔਰਤ ਨਾਲ ਕੀਤਾ ਹੈ।

ਪਰ ਸੱਚ ਤਾਂ ਇਹੀ ਹੈ ਕਿ ਫਿਲਮੀ ਦੁਨੀਆਂ ਵਿਚ ਸਭ ਤੋਂ ਵੱਡਾ 'ਈਗੋਇਸਟ' ਕਿਹਾ ਜਾਣ ਵਾਲਾ ਰਾਜੇਸ਼ ਖੰਨਾ ਸ਼ਾਦੀ ਦੇ ਦਸ ਸਾਲ ਬਾਅਦ ਵੀ ਇਹ ਮਹਿਸੂਸ ਨਹੀਂ ਕਰ ਸਕਿਆ ਕਿ ਅਸਲ ਵਿਚ ਉਸ ਨੇ ਇਕ ਔਰਤ ਨਾਲ-ਸ਼ਾਦੀ ਨਹੀਂ ਕੀਤੀ ਸਗੋਂ ਡਿੰਪਲ ਨਾਂਅ ਦੀ ਇਕ ਘੱਟ ਉਮਰ ਦੀ ਲੜਕੀ ਨਾਲ ਸ਼ਾਦੀ ਕੀਤੀ ਹੈ ਜਿਸ ਨੂੰ ਵਿਆਹੁਤਾ ਜੀਵਨ ਦਾ ੳ...ਅ... ਵੀ ਪਤਾ ਨਹੀਂ ਸੀ। ਰਾਜੇਸ਼ ਖੰਨਾ ਅਤੇ ਡਿੰਪਲ ਦੇ ਸਬੰਧ ਟੁੱਟਣ ਦਾ ਕਾਰਣ ਉਮਰ ਦਾ ਫਾਸਲਾ ਹੀ ਦਿਸਦਾ ਹੈ। ਰਾਜੇਸ਼ ਨੇ ਆਪਣੇ ਤੋਂ ਅੱਧੀ ਉਮਰ ਦੀ ਇਕ ਲੜਕੀ ਨਾਲ ਸ਼ਾਦੀ ਕਰ ਲਈ ਪਰ ਮਾਨਸਿਕ ਤੌਰ ਤੇ ਆਪਣੀ ਪਤਨੀ ਦੀ ਘੱਟ ਉਮਰ ਵਾਂਗ ਆਪਣੀ ਉਮਰ ਘੱਟ ਨਹੀਂ ਕਰ ਸਕਿਆ। ਡਿੰਪਲ ਆਪਣੀ ਉਮਰ ਨੂੰ ਵਧਾ ਨਹੀਂ ਸਕੀ। ਉਸ ਦਾ ਸਭ ਤੋਂ ਵੱਡਾ ਕਸੂਰ ਤਾਂ ਇਹੀ ਹੈ ਕਿ ਉਹ ਆਪਣੇ ਪਤੀ ਦੀ ਔਰਤ ਨਹੀਂ ਬਣ ਸਕੀ। ਇਕ ਅਜਿਹੀ ਪੂਰੀ ਔਰਤ ਜੋ ਪਤੀ ਨੂੰ ਸਭ ਕੁਝ ਦੇ ਸਕੇ। ਉਹ ਰਾਜੇਸ਼ ਨੂੰ ਪ੍ਰੇਮੀ ਵੱਧ ਅਤੇ ਪਤੀ ਘੱਟ ਸਮਝਦੀ ਰਹੀ। ਆਪਣੇ ਇਹਨਾਂ ਕਸੂਰਾਂ ਦੀ ਸਜ਼ਾ ਡਿੰਪਲ ਨੂੰ ਤਲਾਕ ਵਿਚ ਮਿਲ ਚੁਕੀ ਹੈ।

ਪਰ ਸੁਣਿਆ ਹੈ ਕਿ ਰਾਜੇਸ਼ ਖੰਨਾ ਨੇ ਇਹ ਆਖਰੀ ਫੈਸਲਾ ਕਰ ਲਿਆ ਹੈ ਕਿ ਉਹ ਆਪਣੀ ਪਤਨੀ ਨੂੰ ਕਿਸੇ ਵੀ ਕੀਮਤ ਤੇ ਫਿਲਮਾਂ ਵਿਚ ਕੰਮ ਨਹੀਂ ਕਰਨ ਦੇਵੇਗਾ। ਉਹ ਡਿੰਪਲ ਨੂੰ ਆਪਣੇ ਪੈਰਾਂ ਤੇ ਡਿੱਗਣ ਲਈ ਮਜਬੂਰ ਕਰ ਦੇਵੇਗਾ। ਅੱਜ ਨਹੀਂ ਤਾਂ ਕੱਲ੍ਹ ਡਿੰਪਲ ਨੂੰ ਉਸ ਪਾਸ ਜਾਣਾ ਹੀ ਪਵੇਗਾ। ਜੇ ਡਿੰਪਲ ਨਹੀਂ ਵਾਪਸ ਜਾਂਦੀ ਤਾਂ ਉਹ ਉਸ ਨੂੰ ਫਿਲਮਾਂ ਵਿਚ ਕੰਮ ਨਹੀਂ ਕਰਨ ਦੇਵੇਗਾ। ਰਾਜੇਸ਼ ਖੰਨਾ ਨੇ ਫੈਸਲਾ ਕਿਉਂ ਕੀਤਾ ? ਵਾਸਤਵ ਵਿਚ ਰਾਜੇਸ਼ ਖੰਨਾ ਦਾ ਹੰਕਾਰ ਟੁੱਟਣ ਵਾਲੀ ਗੱਲ ਇਹ ਹੈ ਕਿ ਉਸਦੀ ਪਤਨੀ, ਇਕ ਸੁਪਰ ਸਟਾਰ ਦੀ ਪਤਨੀ ਨੇ ਦੋ ਵਾਰ ਤਲਾਕ ਤੱਕ ਦੀ ਨੌਬਤ ਲਿਆ ਦਿਤੀ। ਆਪਣੇ ਇਸ ਟੁੱਟੇ ਹੋਏ ਹੰਕਾਰ ਦਾ ਬਦਲਾ ਲੈਣ ਲਈ ਰਾਜੇਸ਼ ਖੰਨਾ ਨੇ ਇਹ ਯੋਜਨਾ ਬਣਾ ਲਈ। ਜਿਸ ਜਿਸ ਨਿਰਮਾਤਾ ਨੇ ਡਿੰਪਲ ਨੂੰ ਸਾਈਨ ਕੀਤਾ, ਰਾਜੇਸ਼ ਖੰਨਾ ਨੇ ਖੁਦ ਜਾ ਕੇ ਜਾਂ ਆਪਣੇ ਕਰੀਬੀ ਦੋਸਤਾਂ ਦੇ ਪ੍ਰਭਾਵ ਰਾਹੀਂ ਦਬਾਅ ਪੁਆ ਕੇ ਫਿਲਮ ਰੁਕਵਾ ਦਿਤੀ।

ਜਦ ਡਿੰਪਲ ਦੀ ਕੋਈ ਫਿਲਮ ਸੈੱਟ ਤੇ ਨਾ ਗਈ ਤਾਂ ਨਿਰਮਾਤਾਵਾਂ ਦੇ ਹੌਸਲੇ ਟੁਟਣੇ ਸ਼ੁਰੂ ਹੋ ਗਏ। ਜੋ ਨਿਰਮਾਤਾ ਤਲਾਕ ਦੀ ਖਬਰ ਸੁਣ ਕੇ ਹੀ ਡਿੰਪਲ ਨੂੰ ਸਾਈਨ ਕਰਨ ਤੁਰ ਪਏ ਸਨ, ਉਹਨਾਂ ਨੂੰ ਤਾਂ ਇਹ ਪਤਾ ਹੀ ਨਹੀਂ ਸੀ ਕਿ ਤਲਾਕ ਦੀ ਨਿਊਜ਼ ਅਤੇ ਅਸਲੀ ਤਲਾਕ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਅੱਜ ਤਕ ਇਕ ਲੰਮੇ ਅਰਸੇ ਦੇ ਬਾਵਜੂਦ ਵੀ ਡਿੰਪਲ ਨੂੰ ਤਲਾਕ ਨਹੀਂ ਮਿਲਿਆ ਕਿਉਂਕਿ ਜਦ ਤਕ ਰਾਜੇਸ਼ ਖੰਨਾ ਤਲਾਕ ਦੀਆਂ ਸਾਰੀਆਂ ਕਾਰਵਾਈਆਂ ਮੁਕੰਮਲ ਨਹੀਂ ਕਰ ਦਿੰਦਾ, ਤਲਾਕ ਕਾਨੂੰਨੀ ਨਹੀਂ ਮੰਨਿਆ ਜਾਵੇਗਾ। ਬਿਨਾਂ ਤਲਾਕ ਦੇ ਡਿੰਪਲ ਰਾਜੇਸ਼ ਖੰਨਾ ਦੀ ਇੱਛਾ ਦੇ ਖਿਲਾਫ ਫਿਲਮਾਂ ਵਿਚ ਕੰਮ ਨਹੀਂ ਕਰ ਸਕਦੀ। ਇਹੀ ਕਾਰਨ ਹੈ ਕਿ ਡਿੰਪਲ ਨੂੰ ਹੁਣ ਤੱਕ ਤਲਾਕ ਨਹੀਂ ਦਿਤਾ ਗਿਆ ਹੈ। ਰਾਜੇਸ਼ ਖੰਨਾ ਆਪਣੇ ਪ੍ਰਭਾਵ ਅਤੇ ਪੂਰੀ ਸ਼ਕਤੀ ਨਾਲ ਇਸ ਤਲਾਕ ਨੂੰ ਅਦਾਲਤ ਵਿਚ ਵੱਧ ਤੋਂ ਵੱਧ ਸਮਾਂ ਲਟਕਾਈ ਰਖੇਗਾ। ਉਹ ਦੇਰ ਚਿਰ ਡਿੰਪਲ ਨੂੰ ਤਲਾਕ ਨਹੀਂ ਦੇਵੇਗਾ ਤਾਂਕਿ ਉਹ ਫਿਲਮਾਂ ਵਿਚ ਕੰਮ ਨਾ ਕਰ ਸਕੇ।

ਅਸਲ ਵਿਚ ਰਾਜੇਸ਼ ਖੰਨਾ ਨੂੰ ਇਹ ਅਹਿਸਾਸ ਨਹੀਂ ਰਿਹਾ ਕਿ ਜਵਾਨੀ ਵਿਚ ਇਕ ਤਲਾਕ ਮਾਨਸਿਕ ਰੂਪ ਵਿਚ ਵੀ ਹੁੰਦਾ ਹੈ। ਜਦ ਪਤੀ ਪਤਨੀ ਦੇ ਮਾਨਸਿਕ-ਸਬੰਧ ਹੀ ਨਾ ਰਹਿਣ ਤਾਂ ਕਾਨੂੰਨੀ ਤਲਾਕ ਦਾ ਕੋਈ ਅਰਥ ਨਹੀਂ। ਦਰਅਸਲ ਰਾਜੇਸ਼ ਖੰਨਾ ਆਪਣੀ ਪਤਨੀ ਤੋਂ ਬਦਲਾ ਲੈ ਰਿਹਾ ਹੈ ? ਕਿਸ ਗੱਲ ਦਾ ? ਕਿਸ ਦੁਸ਼ਮਣੀ ਦਾ, ਇਹ ਉਸ ਨੂੰ ਖੁਦ ਨੂੰ ਵੀ ਪਤਾ ਨਹੀਂ ? ਕੀ ਅਸਲ ਵਿਚ ਉਹ ਆਪਣੀ ਹਉਮੈ ਦੀ ਚੋਟ ਦਾ ਬਦਲਾ ਨਹੀਂ ਲੈ ਰਿਹਾ ?

ਇਹੀ ਕਾਰਨ ਹੈ ਕਿ ਜੇ ਰਾਜੇਸ਼ ਖੰਨਾ ਨੇ ਰਿਸ਼ੀ ਕਪੂਰ ਨੂੰ ਆਪਣੇ ਘਰ ਤੋਂ ਬਾਹਰ ਕੱਢ ਦਿਤਾ ਜੋ ਰਾਜੇਸ਼ ਖੰਨਾ ਤੋਂ ਡਿੰਪਲ ਨਾਲ ਕੰਮ ਕਰਨ ਦੀ ਆਗਿਆ ਲੈਣ ਆਇਆ ਸੀ। ਰਾਜੇਸ਼ ਖੰਨਾ ਨੇ ਰਿਸ਼ੀ ਕਪੂਰ ਨੂੰ ਸਾਫ ਕਹਿ ਦਿਤਾ ਸੀ ਕਿ ਜੇ ਤੁਸੀਂ 'ਵਾਸਤਵ ਵਿਚ' ਉਸ ਨੂੰ ਭਾਬੀ ਕਹਿੰਦੇ ਹੋ ਤਾਂ ਕੀ ਪਰਦੇ ਤੇ ਉਸ ਨੂੰ ਡਾਰਲਿੰਗ ਕਹੋਗੇ ? ਰਾਜੇਸ਼ ਖੰਨਾ ਨੇ ਰਿਸ਼ੀ ਕਪੂਰ ਨੂੰ ਇਹ ਵੀ ਯਾਦ ਕਰਾਇਆ ਸੀ ਕਿ ਜਿਸ ਤਰ੍ਹਾਂ ਉਸਦੇ ਪ੍ਰੀਵਾਰ ਦੀਆਂ ਔਰਤਾਂ ਨੂੰ ਕੈਮਰੇ ਸਾਹਮਣੇ ਆਉਣਾ ਮਨ੍ਹਾਂ ਹੈ ਉਸੇ ਤਰ੍ਹਾਂ ਉਹ ਵੀ ਆਪਣੇ ਪ੍ਰੀਵਾਰ ਦੀਆਂ ਔਰਤਾਂ ਨੂੰ ਕੈਮਰੇ ਸਾਹਮਣੇ ਭੇਜਣਾ ਪਸੰਦ ਨਹੀਂ ਕਰਦਾ।

ਜਿਸ ਦਿਨ ਰਾਜੇਸ਼ ਖੰਨਾ ਨੂੰ ਪਤਾ ਲਗਾ ਕਿ ਡਿੰਪਲ ਉਸਤੋਂ ਤਲਾਕ ਲੈ ਕੇ ਫਿਲਮਾਂ ਸਾਈਨ ਕਰ ਰਹੀ ਹੈ—ਉਹ ਸਿੱਧਾ ਰਾਜ ਕਪੂਰ ਪਾਸ ਪਹੁੰਚਿਆ ਅਤੇ ਰਾਜ ਕਪੂਰ ਦਾ 'ਬ੍ਰੇਨ ਵਾਸ਼' ਕਰ ਦਿਤਾ ਸਿੱਟੇ ਵਜੋਂ ਰਾਜ ਕਪੂਰ ਨੂੰ ਵੀ ਐਲਾਨ ਕਰਨਾ ਪਿਆ ਕਿ ਉਹ ਦੇਖੇਗਾ ਕੌਣ ਡਿੰਪਲ ਨੂੰ ਆਪਣੀ ਫਿਲਮ ਵਿਚ ਲੈਂਦਾ ਹੈ। ●

■ ਸੁਖਵੰਤ

ਖ਼ੁਦਾਰਾ ਇਸ਼ਕ ਨੂੰ<br>
ਮੰਦਾ ਨਾ ਬੋਲੀਂ<br>
ਤੇਰੇ ਅਹਿਸਾਸ ਨੂੰ<br>
ਸਦਮਾ ਜਿਹਾ ਹੈ .

ਜੜ੍ਹਾਂ ਅੱਖੀਆਂ ਦੀਆਂ ਦਿਲ ਦੇ<br>
ਕਿਸੇ ਕੋਨੇ 'ਚ ਖੁੱਭੀਆਂ ਨੇ<br>
ਨਿਗ੍ਹਾਵਾਂ ਤੇਰੀਆਂ ਕਿਉਂ<br>
ਮੋਨ ਸੰਵਾਦਾਂ 'ਚ ਡੁੱਬੀਆਂ ਨੇ<br>
ਕਿਸੇ ਆਵਾਜ਼ ਤੋਂ<br>
ਪਰਦਾ ਨਾ ਖੋਲੀਂ

ਤਿਰੇ ਚਿਹਰੇ ਦੇ ਪਾਣੀ ਨੂੰ<br>
ਮਿਰੇ ਸਹਿਰਾ ਦਾ ਤਰਲਾ ਹੈ<br>
ਕਿ ਬੁਝੀ ਆਸ ਨੂੰ ਚਿੰਗਾਰੀਆਂ ਦਾ<br>
ਦੀਦ ਪਹਿਲਾ ਹੈ<br>
ਜ਼ਿਹਨ ਦੀ ਰਾਖ ਨੂੰ ਐਵੇਂ ਨਾ ਫੋਲੀਂ

ਤੂੰ ਉਹ ਅੱਖਰ ਨਾ ਬੋਲੀਂ<br>
ਜਿਸਦੀ ਛਾਂ ਕਾਲੀ ਜਿਹੀ ਹੋਵੇ<br>
'ਤੇ ਉਸਦੀ ਰੂਹ ਦਾ ਕਲਬੂਤ<br>
ਤੇਰੇ ਬੋਲ 'ਤੇ ਰੋਵੇ<br>
ਨਾ ਆਪਣੀ ਚੀਕ ਨੂੰ ਪੱਥਰ ਤੇ ਡੋਹਲੀਂ

ਤੁਹਾਡੀ ਹਰ ਕਿਸਮ ਦੀ ਛਪਵਾਈ ਦੀਆਂ ਲੋੜਾਂ ਇਕੋ ਥਾਂ ਤੋਂ ਪੂਰੀਆਂ ਹੋ ਸਕਦੀਆਂ ਹਨ

* ਬਿਜ਼ਨਿਸ ਕਾਰਡ * ਰਸੀਦ-ਬੁੱਕਾਂ
* ਵਿਆਹ ਸ਼ਾਦੀਆਂ ਦੇ ਕਾਰਡ
* ਮੈਗਜ਼ੀਨ * ਫਲਾਇਰ

**MAIN PRINTING & GRAPHIC**

**Phone. 873-6125**

For all your printing needs
Contact
ADAM BAKSH

4865, MAIN ST.
VANCOUVER, B.C.

# MANN MUSIC & VIDEO

6512 Main St. (49th Ave)
VANCOUVER, B.C. V5K 1A5
Phone:(604)321-6667



ਮਾਨ ਮਿਊਜ਼ਿਕ ਐਂਡ ਵੀਡੀਓ
ਅਤੇ ਮਾਨ ਫ਼ੋਟੋ ਸਟੂਡੀਓ
ਗੁਰਦਾਸ ਮਾਨ ਦੇ ਸ਼ੋਅ ਦੀਆਂ ਵੀਡੀਓ
ਟੇਪਾਂ ਜਾਂ ਗਾਣਿਆਂ ਦੀਆਂ ਟੇਪਾਂ
ਮਾਨ ਮਿਊਜ਼ਿਕ ਤੋਂ ਖਰੀਦੋ

**NO RENT**
**NO EXCHANGE**
**ONLY BUYERS**
**CAN APPROCH**